@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 7 February 2024

# ਕੌਮੀ ਪਤ੍ਰਿਕਾ

Punjabi National Daily
Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 7 ਫਰਵਰੀ 2024, 22 ਮਾਘ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 68, qpatrika@gmail.com ਫੋਨ : 9971359517 www.qaumipatrika.org

## ਇਕ ਹੀ ਪ੍ਰੋਡਕਟ ਨੂੰ ਲਾਂਚ ਕਰਨ ਦੇ ਚੱਕਰ 'ਚ 'ਕਾਂਗਰਸ ਦੀ ਦੁਕਾਨ' ਨੂੰ ਤਾਲਾ ਲਗਾਉਣ ਦੀ ਆਈ ਨੌਬਤ : ਮੋਦੀ

ਸਿਮੀ ਕੌਰ ਬੱਬਰ

ਨਵੀਂ ਦਿੱਲੀ 6 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਨੂੰ



ਸੰਬੋਧਨ ਕੀਤਾ। ਉਨ੍ਹਾਂ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਸਦਨ ਨੂੰ ਸੰਬੋਧਨ ਕਰਦੇ ਹੋਏ ਵਿਰੋਧੀ ਧਿਰ 'ਤੇ ਤੰਜ ਕੱਸਿਆ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੇ ਜੋ ਸੰਕਲਪ ਲਿਆ ਹੈ, ਉਸ ਦੀ ਸ਼ਲਾਘਾ ਕਰਦਾ ਹਾਂ, ਉਨ੍ਹਾਂ ਦੇ ਭਾਸ਼ਣ ਨਾਲ ਇਹ ਸੰਕਲਪ ਪੱਕਾ ਹੋ ਗਿਆ ਹੈ ਕਿ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਉੱਥੇ ਰਹਿਣਾ ਹੈ। ਪੀ.ਐੱਮ. ਮੋਦੀ ਨੇ ਤੰਜ ਕੱਸਦੇ ਹੋਏ ਕਿਹਾ,"ਤੁਹਾਡੇ (ਵਿਰੋਧੀ ਧਿਰ) 'ਚੋਂ ਬਹੁਤ ਲੋਕ ਚੋਣਾਂ ਲੜਨ ਦਾ ਹੌਂਸਲਾ ਗੁਆ ਚੁੱਕੇ ਹਨ, ਕੁਝ ਨੇ ਪਿਛਲੀ ਵਾਰ ਸੀਟ ਬਦਲੀ ਸੀ ਅਤੇ ਇਸ ਵਾਰ ਵੀ ਬਦਲਣ ਦੀ ਕੋਸ਼ਿਸ਼ 'ਚ ਹਨ।" ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੇ ਭਾਰਤ ਦੇ ਉੱਜਵਲ ਭਵਿੱਖ ਨੂੰ ਧਿਆਨ 'ਚ ਰੱਖਦੇ ਹੋਏ ਚਾਰ ਮਜਬੂਤ ਥੰਮ੍ਹਾਂ- ਨਾਰੀ ਸ਼ਕਤੀ, ਨੌਜਵਾਨ ਸ਼ਕਤੀ, ਗਰੀਬ ਅਤੇ ਕਿਸਾਨਾਂ ਦੀ ਚਰਚਾ ਕੀਤੀ। ਅੱਜ ਵਿਰੋਧੀ ਧਿਰ ਦੀ ਜੋ ਹਾਲਤ ਹੈ, ਉਸ ਦੀ ਸਭ ਤੋਂ ਜ਼ਿਆਦਾ ਦੋਸ਼ੀ ਕਾਂਗਰਸ ਹੈ, ਉਹ ਜ਼ਿੰਮੇਵਾਰੀ ਨਿਭਾਉਣ 'ਚ ਅਸਫਲ ਰਹੀ ਹੈ। ਉਨ੍ਹਾਂ ਨੇ ਕਾਂਗਰਸ 'ਤੇ ਤੰਜ ਕੱਸਦੇ ਹੋਏ ਕਿਹਾ,"(ਮਲਿਕਾਰਜੁਨ) ਖੜਗੇ ਜੀ ਇਕ ਸਦਨ ਤੋਂ ਦੂਜੇ ਸਦਨ 'ਚ ਚਲੇ ਗਏ, ਗੁਲਾਮ ਨਬੀ ਆਜਾਦ ਪਾਰਟੀ ਤੋਂ ਹੀ ਸ਼ਿਫਟ ਕਰ ਗਏ, ਇਕ ਹੀ ਪ੍ਰੋਡਕਟ ਲਾਂਚਕਰਨ ਦੀ ਕੋਸ਼ਿਸ਼ 'ਚ 'ਕਾਂਗਰਸ ਦੀ ਦੁਕਾਨ' ਨੂੰ ਤਾਲਾ ਲੱਗਣ ਦੀ ਨੌਬਤ ਆ ਗਈ ਹੈ।" ਪ੍ਰਧਾਨ ਮੰਤਰੀ ਨੇ ਉਮੀਦ ਜਤਾਈ ਕਿ ਉਨ੍ਹਾਂ ਦੇ ਤੀਜੇ ਕਾਰਜਕਾਲ 'ਚ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਕਾਂਗਰਸ ਇਸ ਤਰ੍ਹਾਂ ਨਾਲ 'ਕੈਂਸਲ ਕਲਚਰ' 'ਚ ਫਸ ਗਈ ਹੈ ਕਿ ਉਹ ਦੇਸ਼ ਦੀਆਂ ਸਫਲਤਾਵਾਂ ਨੂੰ ਹੀ 'ਕੈਂਸਲ' ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਟੁਕੜਿਆਂ-ਟੁਕੜਿਆਂ 'ਚ ਸੋਚਦਾ ਹੈ, ਦੇਸ਼ ਨੂੰ ਵੰਡਣ ਦੀਆਂ ਗੱਲਾਂ ਕਰਦਾ ਹੈ। ਦੇਸ਼ ਨੂੰ ਚੰਗੇ ਅਤੇ ਸਿਹਤਮੰਦ ਵਿਰੋਧੀ ਧਿਰ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਦਾ ਭਾਸ਼ਣ ਤੱਥਾਂ ਅਤੇ ਅਸਲੀਅਤ 'ਤੇ ਆਧਾਰਤ ਦੇਸ਼ ਦੇ ਸਾਹਮਣੇ ਰੱਖਿਆ ਗਿਆ ਇਕ ਵੱਡਾ ਦਸਤਾਵੇਜ ਹੈ। ਉਨ੍ਹਾਂ ਕਿਹਾ ਕਿ ਭਗਵਾਨ ਰਾਮ ਨਾ ਸਿਰਫ ਆਪਣੇ ਘਰ ਪਰਤੇ, ਸਗੋਂ ਇਕ ਅਜਿਹੇ ਮੰਦਰ ਦਾ ਨਿਰਮਾਣ ਹੋਇਆ ਜੋ ਭਾਰਤ ਦੀ ਮਹਾਨ ਸੰਸਕ੍ਰਿਤਕ ਪਰੰਪਰਾ ਨੂੰ ਨਵੀਂ ਊਰਜਾ ਦਿੰਦਾ ਰਹੇਗਾ। ਇਸ ਦੇ ਨਾਲ ਹੀ ਪੀ.ਐੱਮ. ਮੋਦੀ ਨੇ ਕਿਹਾ ਕਿ ਦੇਸ਼ ਦੇ ਮਿਜਾਜ ਦੇਖ ਕੇ ਇੰਝ ਲੱਗਦਾ ਹੈ ਕਿ ਉਹ ਭਾਜਪਾ ਨੂੰ 370 ਸੀਟਾਂ ਜ਼ਰੂਰ ਦੇਵੇਗਾ, ਐੱਨ.ਡੀ.ਏ. ਨੂੰ 400 ਤੋਂ ਵੱਧ ਸੀਟਾਂ ਮਿਲਣਗੀਆਂ।

## ਸਿਆਸੀ ਪਾਰਟੀਆਂ ਨੂੰ ਚੋਣ ਕਮਿਸ਼ਨ ਦੀ ਸਲਾਹ, ਬੱਚਿਆਂ ਦਾ ਪ੍ਰਚਾਰ ਮੁਹਿੰਮ 'ਚ ਨਾ ਕਰੋ ਇਸਤੇਮਾਲ

ਏਜੰਸੀਆਂ

ਨਵੀਂ ਦਿੱਲੀ 6 ਫਰਵਰੀ। ਲੋਕ ਸਭਾ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਸੋਮਵਾਰ ਯਾਨੀ ਕਿ ਅੱਜ ਸਿਆਸੀ ਪਾਰਟੀਆਂ ਨੂੰ ਕਿਹਾ ਹੈ ਕਿ ਉਹ ਪੋਸਟਰ ਅਤੇ ਪਰਚਿਆਂ ਸਮੇਤ ਪ੍ਰਚਾਰ ਦੀ ਕਿਸੇ ਵੀ ਸਮੱਗਰੀ 'ਚ ਬੱਚਿਆਂ ਦਾ ਇਸਤੇਮਾਲ ਕਿਸੇ ਵੀ ਰੂਪ ਵਿਚ ਨਾ ਕਰਨ। ਸਿਆਸੀ ਪਾਰਟੀਆਂ ਨੂੰ ਭੇਜੀ ਸਲਾਹ 'ਚ ਚੋਣ ਕਮਿਸ਼ਨ ਨੇ ਪਾਰਟੀਆਂ ਅਤੇ ਉਮੀਦਵਾਰਾਂ ਵਲੋਂ ਚੋਣ ਪ੍ਰਕਿਰਿਆ ਦੌਰਾਨ ਕਿਸੇ ਵੀ ਤਰੀਕੇ ਨਾਲ ਬੱਚਿਆਂ ਦਾ ਇਸਤੇਮਾਲ ਕੀਤੇ ਜਾਣ ਪ੍ਰਤੀ ਆਪਣੀ ਬਿਲਕੁੱਲ ਵੀ ਨਾ ਬਰਦਾਸ਼ਤ ਕਰਨ ਦੀ ਨੀਤੀ ਬਾਰੇ ਜਾਣੂ ਕਰਵਾਇਆ। ਕਮਿਸ਼ਨ ਨੇ ਕਿਹਾ ਕਿ ਨੇਤਾਵਾਂ ਅਤੇ ਉਮੀਦਵਾਰਾਂ ਨੂੰ ਪ੍ਰਚਾਰ ਗਤੀਵਿਧੀਆਂ ਵਿਚ ਬੱਚਿਆਂ ਦੇ ਇਸਤੇਮਾਲ ਕਿਸੇ ਵੀ ਤਰੀਕੇ ਨਾਲ ਨਹੀਂ ਕਰਨਾ ਚਾਹੀਦਾ। ਚਾਹੇ ਉਹ ਬੱਚੇ ਨੂੰ ਗੋਦ ਵਿਚ ਚੁੱਕ ਰਹੇ ਹੋਣ, ਵਾਹਨ ਵਿਚ ਜਾਂ ਫਿਰ ਰੈਲੀਆਂ 'ਚ ਬੱਚੇ ਨੂੰ ਲੈ ਕੇ ਜਾਣਾ ਹੋਵੇ। ਕਮਿਸ਼ਨ ਨੇ ਇਕ ਬਿਆਨ ਵਿਚ ਕਿਹਾ ਕਿ ਕਿਸੇ ਵੀ ਤਰ੍ਹਾਂ ਤੋਂ ਸਿਆਸੀ ਪ੍ਰਚਾਰ ਮੁਹਿੰਮ ਚਲਾਉਣ ਲਈ ਬੱਚਿਆਂ ਦੇ ਇਸਤੇਮਾਲ 'ਤੇ ਵੀ ਇਹ ਪਾਬੰਦੀ ਲਾਗੂ ਹੈ। ਜਿਸ ਵਿਚ ਕਵਿਤਾ, ਗੀਤ, ਬੋਲੇ ਗਏ ਸ਼ਬਦ, ਸਿਆਸੀ ਪਾਰਟੀ ਜਾਂ ਉਮੀਦਵਾਰ ਦੇ ਪ੍ਰਤੀਕ ਚਿੰਨ੍ਹ ਦਾ ਪ੍ਰਦਰਸ਼ਨ ਸ਼ਾਮਲ ਹੈ। ਹਾਲਾਂਕਿ ਕਮਿਸ਼ਨ ਨੇ ਇਹ ਵੀ ਸੱਪਸ਼ਟ ਕੀਤਾ ਕਿ ਜੇਕਰ ਕੋਈ ਨੇਤਾ ਜੋ ਕਿਸੇ ਵੀ ਸਿਆਸੀ ਪਾਰਟੀ ਦੀ ਚੋਣ ਪ੍ਰਚਾਰ ਗਤੀਵਿਧੀ 'ਚ ਸ਼ਾਮਲ ਨਹੀਂ ਅਤੇ ਕੋਈ ਬੱਚਾ ਆਪਣੇ ਮਾਪਿਆਂ ਨਾਲ ਉਸ ਦੇ ਨੇੜੇ ਸਿਰਫ ਮੌਜੂਦ ਹੁੰਦਾ ਹੈ ਤਾਂ ਇਸ ਸਥਿਤੀ ਵਿਚ ਇਹ ਦਿਸ਼ਾ-ਨਿਰਦੇਸ਼ਾਂ ਦਾ ਉਲੰਘਣ ਨਹੀਂ ਮੰਨਿਆ ਜਾਵੇਗਾ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਚੋਣ ਕਮਿਸ਼ਨ ਦੇ ਮੁੱਖ ਹਿੱਤਧਾਰਕਾਂ ਦੇ ਰੂਪ ਵਿਚ ਸਿਆਸੀ ਪਾਰਟੀਆਂ ਦੀ ਮਹੱਤਵਪੂਰਨ ਭੂਮਿਕਾ 'ਤੇ ਜੋਰ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਦੀਆਂ ਉੱਚੀਆਂ ਚੋਟੀਆਂ 'ਤੇ ਜਾਰੀ ਬਰਫਬਾਰੀ ਅਤੇ ਲਗਾਤਾਰ ਮੀਂਹ ਨਾਲ ਰਾਜ 'ਚ ਸੀਤ ਲਹਿਰ ਤੇਜ ਹੋ ਗਈ ਹੈ। ਉੱਥੇ ਹੀ ਬਰਫਬਾਰੀ ਕਾਰਨ ਫਿਸਲਣ ਵੀ ਵਧ ਗਈ ਹੈ। ਇਸ ਵਿਚ ਉੱਥੇ ਘੁੰਮਣ ਗਏ ਮੁੰਡਿਆਂ ਦੀ ਜਿਪਸੀ ਬਰਫ 'ਤੇ ਫਿਸਲਦੀ ਹੋਈ ਪਿੱਛੇ ਆਉਣਾ ਸ਼ੁਰੂ ਕਰ ਦਿੰਦੀ ਹੈ। ਇਸ ਦੌਰਾਨ ਡਰ ਕਾਰਨ ਮੁੰਡਿਆਂ ਨੇ ਚੱਲਦੀ ਜਿਪਸੀ ਤੋਂ ਛਾਲ ਮਾਰ ਕੇ ਬਹੁਤ ਮੁਸ਼ਕਲ ਨਾਲ ਜਾਨ ਬਚਾਈ।



Ashish Shukla

### ਬੀਜੇਪੀ ਦੇ ਨੈਸ਼ਨਲ ਸੈਕਟਰੀ ਦਾ ਦਾਵਾ ! ਮਸਜਿਦ ਤੋੜ ਕੇ ਗੁਰਦੁਆਰਾ ਰਕਾਬ ਗੰਜ ਬਣਾਇਆ ਸੀ !

## ਪ੍ਰਧਾਨ ਮੰਤਰੀ ਮੋਦੀ ਦੀ ਗਰੰਟੀ, 'ਬੇਰੋਜਗਾਰੀ ਦੀ ਗਰੰਟੀ' ਹੈ: ਪ੍ਰਿਅੰਕਾ ਗਾਂਧੀ

ਨਵੀਂ ਦਿੱਲੀ 6 ਫਰਵਰੀ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਐਤਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਬੇਰੋਜਗਾਰੀ ਨੂੰ ਲੈ ਕੇ ਹਮਲਾ ਬੋਲਦੇ ਹੋਏ ਕਿਹਾ ਕਿ ਉਹ ਚੋਣਾਂ ਆਉਂਦੇ ਹੀ ਗਾਰੰਟੀ ਦੀ ਗੱਲ ਕਰਨ ਲੱਗਦੇ ਹਨ ਪਰ ਸੱਚਾਈ ਇਹ ਹੈ ਕਿ ਮੋਦੀ ਰੋਜਗਾਰ ਦੀ ਗਰੰਟੀ ਨਹੀਂ ਸਗੋਂ ਬੇਰੋਜਗਾਰੀ ਦੀ ਗਰੰਟੀ ਹਨ। ਵਾਡਰਾ ਨੇ ਕਿਹਾ, 'ਅੰਕੜਿਆਂ ਮੁਤਾਬਕ ਦੇਸ 'ਚ ਕਰੀਬ 30 ਲੱਖ ਸਰਕਾਰੀ ਅਸਾਮੀਆਂ ਖਾਲੀ ਹਨ। ਸਾਡੇ ਕਰੋੜਾਂ ਨੌਜਵਾਨ ਨੌਕਰੀਆਂ ਦੀ ਉਡੀਕ ਕਰ ਰਹੇ ਹਨ ਪਰ ਪਿਛਲੇ 10 ਸਾਲਾਂ 'ਚ ਭਾਜਪਾ ਸਰਕਾਰ ਨੇ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਦਿਖਾਵੇ ਦੇ ਸਿਵਾਏ ਕੁਝ ਨਹੀਂ ਕੀਤਾ। ਪ੍ਰਿਅੰਕਾ ਨੇ ਅੱਗੇ ਕਿਹਾ ਕਿ ਜੁਲਾਈ 2022 'ਚ ਸਰਕਾਰ ਨੇ ਸੰਸਦ ਨੂੰ ਦੱਸਿਆ ਸੀ ਕਿ 8 ਸਾਲਾਂ 'ਚ 22 ਕਰੋੜ ਨੌਜਵਾਨਾਂ ਨੇ ਨੌਕਰੀਆਂ ਲਈ ਅਰਜੀਆਂ ਦਿੱਤੀਆਂ ਪਰ ਸਿਰਫ 7 ਲੱਖ ਨੌਜਵਾਨਾਂ ਨੂੰ ਹੀ ਨੌਕਰੀਆਂ ਮਿਲੀਆਂ। ਭਾਵ ਲਗਭਗ



21.93 ਕਰੋੜ ਯੋਗ ਨੌਜਵਾਨ ਬੇਰੁਜਗਾਰ ਰਹਿ ਗਏ। ਸਾਲਾਨਾ ਦੋ ਕਰੋੜ ਨੌਕਰੀਆਂ ਦਾ ਵਾਅਦਾ ਕਰਨ ਵਾਲੀ ਭਾਜਪਾ ਸਰਕਾਰ ਨਾ ਤਾਂ ਮੌਜੂਦਾ ਨੌਕਰੀਆਂ ਦੇ ਸਕੀ ਅਤੇ ਨਾ ਹੀ ਨਵੀਆਂ ਨੌਕਰੀਆਂ ਪੈਦਾ ਕਰ ਸਕੀ। ਪ੍ਰਧਾਨ ਮੰਤਰੀ ਚੋਣਾਂ ਵਿਚ ਗਰੰਟੀ ਦਿੰਦੇ ਹਨ। ਅਸਲ ਵਿਚ ਇਨ੍ਹਾਂ ਦੀ ਗਰੰਟੀ ਹੀ ਬੇਰੁਜਗਾਰੀ ਦੀ ਗਰੰਟੀ ਹੈ।

## ਨਵਜੋਤ ਸਿੱਧੂ ਖਿਲਾਫ ਵੱਡੀ ਕਾਰਵਾਈ ਦੇ ਸੰਕੇਤ, ਹਾਈਕਮਾਂਡ ਕੋਲ ਪਹੁੰਚੀ ਸਾਰੀ ਰਿਪੋਰਟ

ਮਾਨਸਾ 6 ਫਰਵਰੀ। ਨਵਜੋਤ ਸਿੱਧੂ ਵਲੋਂ ਕਾਂਗਰਸ ਖ਼ਿਲਾਫ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੇ ਚੱਲਦੇ ਪੰਜਾਬ ਕਾਂਗਰਸ ਵਲੋਂ ਹਾਈਕਮਾਂਡ ਨੂੰ ਸਾਰੀ ਰਿਪੋਰਟ ਭੇਜ ਦਿੱਤੀ ਗਈ ਹੈ, ਜਿਸ 'ਤੇ ਹਾਈ ਕਮਾਂਡ ਹੀ ਫੈਸਲਾ ਲਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਨਸਾ ਪਹੁੰਚੇ ਸਾਬਕਾ ਸਿੱਖਿਆ ਮੰਤਰੀ ਵਿਜੇ ਇੰਦਰ ਸਿੰਗਲਾ ਨੇ ਕੀਤਾ ਹੈ। ਇਥੇ ਪ੍ਰੈੱਸ ਕਾਨਫਰੰਸ ਕਰਦੇ ਹੋਏ ਸਿੰਗਲਾ ਨੇ ਕਿਹਾ ਕਿ 11 ਫਰਵਰੀ ਨੂੰ ਸਮਰਾਲਾ ਵਿਚ ਪੰਜਾਬ ਕਾਂਗਰਸ ਲੋਕ ਸਭਾ ਚੋਣਾਂ ਦੇ ਚੱਲਦੇ ਵਰਕਰ ਕਨਵੈਨਸ਼ਨ ਤੇ ਲੋਕ ਮਿਲਣੀ ਕਰਨ ਜਾ ਰਹੀ ਹੈ। ਨਵਜੋਤ ਸਿੱਧੂ ਵਲੋਂ ਪਾਰਟੀ ਵਿਰੋਧੀ ਗਤਵਿਧੀਆਂ 'ਤੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਪੰਜਾਬ ਕਾਂਗਰਸ ਵਲੋਂ ਹਾਈਕਮਾਂਡ ਨੂੰ ਰਿਪੋਰਟ ਬਣਾ ਕੇ ਭੇਜੀ ਗਈ ਹੈ ਅਤੇ ਜੋ ਵੀ ਫੈਸਲਾ ਕਰੇਗੀ ਹਾਈਕਮਾਂਡ ਕਰੇਗੀ। ਪੰਜਾਬ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ ਨਾਲ ਗਠਜੋੜ 'ਤੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਪਾਰਟੀ ਦੇ ਵਰਕਰ ਅਤੇ ਅਹੁਦੇਦਾਰਾਂ ਵਲੋਂ ਆਪਣੀ ਰਾਏ ਹਾਈਕਮਾਂਡ ਨੂੰ ਭੇਜ ਦਿੱਤੀ ਗਈ ਹੈ

## ਹਿਮਾਚਲ ਦੇ ਊਨਾ ਤੋਂ ਅਯੁੱਧਿਆ ਲਈ ਰਵਾਨਾ ਹੋਈ ਪਹਿਲੀ ਰੇਲ ਗੱਡੀ

ਊਨਾ 6 ਫਰਵਰੀ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਸੋਮਵਾਰ ਨੂੰ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਅੰਬ ਅੰਦੌਰਾ ਤੋਂ ਅਯੁੱਧਿਆ ਲਈ 'ਆਸਥਾ' ਰੇਲ ਗੱਡੀ ਨੂੰ ਹਰੀ ਝੰਡੀ ਦਿਖਾਈ। ਅਯੁੱਧਿਆ ਲਈ ਸਵੇਰੇ 6 ਵਜੇ ਰਵਾਨਾ ਹੋਈ ਵਿਸ਼ੇਸ਼ ਆਸਥਾ ਐਕਸਪ੍ਰੈੱਸ ਰੇਲ ਗੱਡੀ 'ਚ 1,074 ਸ਼ਰਧਾਲੂ ਰਵਾਨਾ ਹੋਏ। ਰਾਮ ਮੰਦਰ 'ਚ ਸ਼੍ਰੀ ਰਾਮਲੱਲਾ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਤੋਂ ਬਾਅਦ ਵੱਡੀ ਗਿਣਤੀ 'ਚ ਸ਼ਰਧਾਲੂ ਅਯੁੱਧਿਆ ਜਾ ਰਹੇ ਹਨ। ਠਾਕੁਰ ਨੇ ਇਸ ਮੌਕੇ ਕਿਹਾ ਕਿ 500 ਸਾਲ ਦੀ ਪ੍ਰਾਰਥਨਾ ਅਤੇ ਇੰਤਜਾਰ ਤੋਂ ਬਾਅਦ ਅਯੁੱਧਿਆ 'ਚ ਬਣੇ ਮੰਦਰ ਨੂੰ ਦੇਖਣ ਲਈ ਦੁਨੀਆ ਭਰ ਤੋਂ ਸ਼ਰਧਾਲੂ ਆ ਰਹੇ ਹਨ। ਸੂਚਨਾ ਅਤੇ ਪ੍ਰਸਾਰਨ ਮੰਤਰੀ ਨੇ ਕਿਹਾ,"ਭਗਵਾਨ ਰਾਮ ਦੇ ਦਰਸ਼ਨ ਲਈ ਲੋਕਾਂ 'ਚ ਕਾਫੀ ਉਤਸ਼ਾਹ ਹੈ ਅਤੇ ਹਰ ਕੋਈ ਅਯੁੱਧਿਆ ਧਾਮ ਜਾ ਕੇ ਰਾਮਲੱਲਾ ਦੇ ਦਰਸ਼ਨ ਕਰਨ ਲਈ ਉਤਸੁਕ ਹੈ। ਸਾਡੀ ਪੀੜ੍ਹੀ ਕਿਸਮਤਵਾਲੀ ਹੈ ਜਿਸ ਨੇ ਨਾ ਸਿਰਫ ਰਾਮ ਮੰਦਰ ਅੰਦੋਲਨ ਦੇਖਿਆ ਹੈ ਸਗੋਂ ਅਯੁੱਧਿਆ 'ਚ ਰਾਮ ਮੰਦਰ ਨੂੰ ਬਨਦੇ ਵੀ ਦੇਖਿਆ ਹੈ।" ਇਸ ਰੇਲ ਗੱਡੀ ਲਈ ਯਾਤਰੀਆਂ ਤੋਂ ਕਿਰਾਏ ਦੇ ਰੂਪ 'ਚ 1,500 ਰੁਪਏ ਵਸੂਲ ਕੀਤੇ ਗਏ

## ਹਰਸਿਮਰਤ ਬਾਦਲ ਨੇ ਦੇਸ਼ ਦੇ '4 ਥੰਮ੍ਹਾਂ' 'ਤੇ ਚੁੱਕੇ ਸਵਾਲ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 6 ਫਰਵਰੀ। ਸ਼੍ਰੋਮਣੀ ਅਕਾਲੀ ਦਲ ਦੀ ਲੋਕ ਸਭਾ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ 'ਚ ਕਈ ਮੁੱਦੇ ਚੁੱਕੇ ਅਤੇ ਉੱਥੇ ਹੀ ਸਰਕਾਰ ਦੀਆਂ ਸਕੀਮਾਂ ਦੀ ਤਾਰੀਫ ਵੀ ਕੀਤੀ। ਹਰਸਿਮਰਤ ਬਾਦਲ ਨੇ ਕਿਹਾ ਕਿ ਔਰਤਾਂ ਦੀ ਸਸ਼ਕਤੀਕਰਨ ਦੀ ਮੈਂ ਤਾਰੀਫ ਕਰਦੀ ਹਾਂ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਜੋ ਇਕ ਔਰਤ ਹੈ, ਉਨ੍ਹਾਂ ਨੇ ਬਜਟ ਪੇਸ਼ ਕੀਤਾ। ਇਹ ਮਹਿਲਾ ਸਸ਼ਕਤੀਕਰਨ ਦਾ ਇਕ ਬਹੁਤ ਵੱਡਾ ਉਦਾਹਰਣ ਹੈ। ਚੰਦਰਯਾਨ, ਬੁਲੇਟ ਟਰੇਨ, ਰੋਡ ਨੈੱਟਵਰਕ ਅਤੇ ਏਅਰਪੋਰਟ ਬਾਰੇ ਵਿੱਤ ਮੰਤਰੀ ਨੇ ਗੱਲ ਕੀਤੀ ਪਰ ਜਦੋਂ ਉਨ੍ਹਾਂ ਨੇ ਕਿਹਾ ਕਿ ਸਾਡੇ ਦੇਸ਼ ਦੇ ਚਾਰ ਥੰਮ੍ਹ ਯੁਵਾ, ਗਰੀਬ, ਕਿਸਾਨ ਅਤੇ ਔਰਤ ਇਨ੍ਹਾਂ ਉੱਪਰ ਖਜਾਨੇ ਦਾ ਫੋਕਸ ਰਿਹਾ ਹੈ। ਹਰਸਿਮਰਤ ਨੇ ਕਿਹਾ ਕਿ ਅੰਕੜਿਆਂ ਦੇ ਹਿਸਾਬ ਨਾਲ ਪਿਛਲੇ 10 ਸਾਲਾਂ ਵਿਚ ਦੇਸ਼ ਦੇ ਯੁਵਾ, ਗਰੀਬ, ਕਿਸਾਨਾਂ, ਔਰਤਾਂ ਦੇ ਕੀ ਉਨ੍ਹਾਂ ਦੇ ਅੱਛੇ ਦਿਨ ਆਏ ਹਨ? ਦੇਸ਼ ਵਿਕਸਿਤ ਹੋ ਰਿਹਾ ਤਾਂ ਕੀ ਦੇਸ਼ ਵਾਸੀ ਵੀ ਵਿਕਸਿਤ ਹੋ ਰਹੇ ਹਨ ਜਾਂ ਨਹੀਂ? ਅੱਜ 50 ਫੀਸਦੀ ਹਿੰਦੋਸਤਾਨ ਦੀ ਆਬਾਦੀ ਨੌਜਵਾਨਾਂ ਦੀ ਹੈ। ਜੇਕਰ 15 ਤੋਂ 24 ਸਾਲ ਦੇ ਨੌਜਵਾਨ ਨੂੰ ਵੇਖਿਆ ਜਾਵੇ ਤਾਂ 2022 ਦੇ ਅੰਕੜੇ ਵਰਲਡ ਬੈਂਕ ਦੱਸਦਾ ਹੈ ਕਿ 23 ਫੀਸਦੀ ਤੋਂ ਵੱਧ ਨੌਜਵਾਨ ਬੇਰੁਜਗਾਰ ਸਨ। ਇਸ ਦਾ ਮਤਲਬ ਅੱਜ ਦੇਸ਼ ਦਾ ਹਰ ਦੂਜਾ ਨੌਜਵਾਨ ਬੇਰੁਜਗਾਰ ਹੈ। ਸਾਲ 2019 ਤੋਂ 2021 ਦਰਮਿਆਨ 36,000 ਵਿਦਿਆਰਥੀਆਂ ਨੇ ਖੁਦਕੁਸ਼ੀਆਂ



ਕੀਤੀਆਂ। ਇਹ ਹੀ ਕਾਰਨ ਹੈ ਕਿ 68 ਫੀਸਦੀ ਨੌਜਵਾਨ ਵਿਦੇਸ਼ਾਂ ਵਿਚ ਪੜ੍ਹਨ ਜਾ ਰਹੇ ਹਨ। ਅੱਜ ਦੇਸ਼ ਵਿਚ ਡਰੱਗ ਦਾ ਬਹੁਤ ਵੱਡਾ ਮੁੱਦਾ ਹੈ। ਪਾਕਿਸਤਾਨ ਰਾਹੀਂ ਡਰੋਨ ਜਰੀਏ ਰੋਜ ਡਰੱਗ ਸਾਡੇ ਸੂਬੇ ਵਿਚ ਆ ਰਹੇ ਹਨ। ਪੰਜਾਬ ਦਾ ਹਰ ਜ਼ਿਲ੍ਹਾ, ਹਰ ਪਿੰਡ ਡਰੱਗ ਤੋਂ ਪੀੜਤ ਹੈ। ਹਾਲਾਂਕਿ ਸਰਕਾਰ ਆਖ ਰਹੀ ਹੈ ਕਿ ਬਾਰਡਰਾਂ ਨੂੰ ਮਜਬੂਤ ਕਰਨ ਲਈ ਬਹੁਤ ਕੁਝ ਕੀਤਾ ਪਰ ਪਿਛਲੇ 10 ਸਾਲਾਂ ਵਿਚ ਇਨ੍ਹਾਂ ਡਰੋਨਾਂ ਨੂੰ ਰੋਕਣ ਲਈ ਕੁਝ ਨਹੀਂ ਕਰ ਸਕੀ। ਕਿਸਾਨਾਂ ਬਾਰੇ ਗੱਲ ਕਰਦਿਆਂ ਹਰਸਿਮਰਤ ਨੇ ਕਿਹਾ ਕਿ 60 ਫੀਸਦੀ ਦੇਸ਼ ਕਿਸਾਨੀ ਦਾ ਹੈ। ਵਾਅਦਾ ਕੀਤਾ ਸੀ ਕਿ 2015 'ਚ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕੀਤਾ ਜਾਵੇਗਾ। ਜੋ ਵਾਅਦਾ ਕੀਤਾ ਸੀ ਉਹ ਪੂਰਾ ਨਹੀਂ ਹੋਇਆ। 50 ਫੀਸਦੀ ਕਿਸਾਨ ਪਰਿਵਾਰ ਅੱਜ ਕਰਜਾਈ ਹੋ ਗਏ ਹਨ। 5 ਸਾਲਾਂ ਵਿਚ ਇਹ ਕਰਜਾ 58 ਫੀਸਦੀ ਵੱਧ ਗਿਆ ਹੈ। ਇਕੱਲੇ 2021 'ਚ 10,880 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ। ਮਤਲਬ ਹਰ ਘੰਟੇ ਵਿਚ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਸਭ ਤੋਂ ਵੱਧ ਕਰਜਾਈ ਪੰਜਾਬ ਦੇ ਕਿਸਾਨ ਹਨ। ਇਹ ਕਿਸਾਨੀ ਸੰਕਟ ਬਹੁਤ ਵੱਡਾ ਹੈ। ਬਾਰੇ ਗੱਲ ਕਰਦਿਆਂ ਹਰਸਿਮਰਤ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਸਾਡੇ 800 ਕਿਸਾਨ ਸ਼ਹੀਦ ਹੋ ਗਏ। ਕਿਸਾਨੀ ਅੰਦੋਲਨ ਵਿਚ ਉਨ੍ਹਾਂ ਨੂੰ ਕਿਹਾ ਸੀ ਕਿ ਕਮੇਟੀ ਬਣਾਈ ਜਾਵੇਗੀ ਪਰ ਦੋ ਸਾਲ ਹੋ ਗਏ ਅੱਜ ਤੱਕ ਕਮੇਟੀ ਨਹੀਂ ਬਣੀ।

## ਅਨਿਲ ਵਿਜ ਨੂੰ ਮਿਲੇ ਦਿ ਗ੍ਰੇਟ ਖਲੀ

ਅੰਬਾਲਾ 6 ਫਰਵਰੀ। ਪਹਿਲਵਾਨ ਦਿ ਗ੍ਰੇਟ ਖਲੀ ਨੇ ਅੰਬਾਲਾ ਕੈਂਟ ਸਦਰ ਬਾਜਾਰ ਚੌਕ ਟੀ-ਪੁਆਇੰਟ 'ਤੇ ਹਰਿਆਣਾ ਦੇ ਗ੍ਰਹਿ ਅਤੇ ਸਿਹਤ ਮੰਤਰੀ ਅਨਿਲ ਵਿਜ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਚਾਹ ਪੀਂਦੇ ਹੋਏ ਚਰਚਾ ਕੀਤੀ। ਗ੍ਰਹਿ ਮੰਤਰੀ ਅਨਿਲ ਵਿਜ ਦੀ ਕਾਰਜਸੈਲੀ ਤੋਂ ਪ੍ਰਭਾਵਿਤ ਹੋ ਕੇ ਦਿ ਗ੍ਰੇਟ ਖਲੀ ਨੇ ਟੀ-ਪੁਆਇੰਟ ਦੀ ਲਾਈਵ ਵੀਡੀਓ ਆਪਣੇ ਸੋਸਲ ਮੀਡੀਆ ਅਕਾਊਂਟ ਤੋਂ ਪ੍ਰਸੰਸਕਾਂ ਨਾਲ ਸਾਂਝੀ ਕੀਤਾ। ਵਿਜ ਨੇ ਕਿਹਾ ਕਿ ਇਹ ਸਾਡੀ ਖੁਸਕਿਸਮਤੀ ਹੈ ਕਿ ਵੱਡੇ-ਵੱਡੇ ਮੈਚ ਜਿੱਤਣ ਵਾਲੇ ਅਤੇ ਵੱਡੇ ਪਹਿਲਵਾਨਾਂ ਨੂੰ ਹਰਾਉਣ ਵਾਲਾ ਵਿਸਵ ਪ੍ਰਸਿੱਧ ਖਿਡਾਰੀ ਦਿ ਗ੍ਰੇਟ ਖਲੀ ਅੱਜ ਸਾਡੇ ਨਾਲ ਟੀ-ਪੁਆਇੰਟ 'ਤੇ ਬੈਠ ਕੇ ਚਾਹ ਪੀ ਰਿਹਾ ਹੈ। ਗ੍ਰੇਟ ਖਲੀ ਨੇ ਕਿਹਾ ਕਿ ਜਿਸ ਤਰ੍ਹਾਂ ਧਰਤੀ ਸਾਧੂਆਂ ਅਤੇ ਸੰਤਾਂ 'ਤੇ ਟਿਕੀ ਹੋਈ ਹੈ, ਉਸੇ



ਤਰ੍ਹਾਂ ਰਾਜਨੀਤੀ ਚੰਗੇ ਲੋਕਾਂ 'ਤੇ ਟਿਕੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇਕਰ ਵਿਜ ਵਰਗੇ ਆਗੂ ਰਾਜਨੀਤੀ ਵਿੱਚ ਹੋਣਗੇ ਤਾਂ ਸਾਡਾ ਦੇਸ ਬਹੁਤ ਤਰੱਕੀ ਕਰੇਗਾ। ਖਲੀ ਨੇ ਕਿਹਾ ਕਿ ਉਨ੍ਹਾਂ ਦੀ ਬਦੌਲਤ ਅੱਜ ਅੰਬਾਲਾ ਕੈਂਟ ਦਾ ਰੂਪ ਬਦਲ ਗਿਆ ਹੈ।

## 'ਸਬਕਾ ਸਾਥ, ਸਬਕਾ ਵਿਕਾਸ' ਨਾਅਰਾ ਲਾਉਣ ਵਾਲੀ ਭਾਜਪਾ ਨੇ ਕਰ 'ਤਾ ਸਾਰਿਆਂ ਦਾ ਸਤਿਆਨਾਸ਼: ਖੜਗੇ

ਤੇਜਿੰਦਰ ਕੌਰ ਬੱਬਰ

ਨੈਸ਼ਨਲ ਡੈਸਕ 6 ਫਰਵਰੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨੌਜਵਾਨਾਂ, ਮਹਿਲਾਵਾਂ, ਕਿਸਾਨਾਂ ਅਤੇ ਗਰੀਬਾਂ ਨੂੰ ਧੋਖਾ ਦੇਣ ਦਾ ਦੋਸ਼ ਲਾਇਆ ਅਤੇ ਦਾਅਵਾ ਕੀਤਾ ਕਿ ਭਾਵੇਂ 'ਸਬਕਾ ਸਾਥ, ਸਬਕਾ ਵਿਕਾਸ' ਦਾ ਨਾਅਰਾ ਦਿੱਤਾ ਹੋਵੇ ਪਰ 'ਸਾਰਿਆਂ ਦਾ ਸਤਿਆਨਾਸ਼' ਕੀਤਾ ਗਿਆ ਹੈ। ਉਨ੍ਹਾਂ ਇਥੇ 'ਨਿਆਂ ਸੰਕਲਪ ਸੰਮੇਲਨ' ਵਿੱਚ ਕਾਂਗਰਸ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਨਿਆਂ ਲਈ ਲੜਾਈ ਵਿੱਚ ਰਾਹੁਲ ਗਾਂਧੀ ਦਾ ਸਾਥ ਦੇਣ। ਖੜਗੇ ਨੇ ਇਹ ਵੀ ਦਾਅਵਾ ਕੀਤਾ ਕਿ ਝਾਰਖੰਡ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਝਾਰਖੰਡ ਮੁਕਤੀ ਮੋਰਚਾ ਅਤੇ ਕਾਂਗਰਸ ਦੇ ਵਿਧਾਇਕਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਪਰ ਇਹ ਸਫਲ ਨਹੀਂ ਹੋ ਸਕੀ ਕਿਉਂਕਿ ਸਾਰੇ ਵਿਧਾਇਕ ਡਟੇ ਰਹੇ। ਉਨ੍ਹਾਂ ਦੋਸ ਲਾਇਆ, "ਇਹ ਲੋਕ (ਭਾਜਪਾ) ਕਹਿੰਦੇ ਹਨ ਕਿ ਭਾਜਪਾ ਸਿਧਾਂਤਾਂ ਦੀ ਪਾਰਟੀ ਹੈ। ਇਹ ਕਿਸ ਤਰ੍ਹਾਂ ਦਾ ਸਿਧਾਂਤ ਹੈ? ਜਦੋਂ ਇਹ ਲੋਕ ਜਿਸ ਨੂੰ ਪਹਿਲਾਂ ਭ੍ਰਿਸਟ ਕਹਿੰਦੇ ਹਨ ਅਤੇ ਜੇਲ੍ਹ ਵਿੱਚ ਡੱਕਦੇ ਹਨ, ਉਹ ਭਾਜਪਾ ਵਿੱਚ ਸਾਮਲ ਹੋ ਜਾਂਦਾ ਹੈ, ਉਹ ਸਾਫ ਹੋ ਜਾਂਦਾ ਹੈ। ਅਜਿਹਾ ਇਸ ਲਈ ਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸਾਹ ਕੋਲ ਬਹੁਤ ਵੱਡੀ ਵਾਸ਼ਿੰਗ ਮਸੀਨ ਹੈ। ਉਨ੍ਹਾਂ ਇਹ ਵੀ ਦੋਸ ਲਾਇਆ ਕਿ ਭਾਜਪਾ ਭਾਵਨਾਤਮਕ ਕਾਰਡ ਅਤੇ ਧਾਰਮਿਕ ਕਾਰਡ



ਖੇਡਦੀ ਹੈ। ਖੜਗੇ ਨੇ ਦਾਅਵਾ ਕੀਤਾ, "ਮੋਦੀ ਜੀ ਦਾ ਨਾਅਰਾ ਸੀ-ਸਬਕਾ ਸਾਥ, ਸਬਕਾ ਵਿਕਾਸ ਪਰ ਉਨ੍ਹਾਂ ਨੇ ਸਾਰਿਆਂ ਦਾ ਸਤਿਆਨਾਸ਼ ਕਰ ਦਿੱਤਾ ਹੈ।" ਕਾਂਗਰਸ ਪ੍ਰਧਾਨ ਨੇ ਕਿਹਾ, "'ਭਾਰਤ ਜੋੜੋ ਨਿਆਂ ਯਾਤਰਾ' ਪਿਛਲੇ 21 ਦਿਨਾਂ ਤੋਂ ਚੱਲ ਰਹੀ ਹੈ। ਰਾਹੁਲ ਗਾਂਧੀ ਜੀ ਇਸ ਯਾਤਰਾ 'ਚ 'ਨਿਆਂ ਦੇ 5 ਥੰਮ' ਲੈ ਕੇ ਨਿਕਲੇ ਹਨ। ਰਾਹੁਲ ਗਾਂਧੀ ਜੀ ਲੋਕਾਂ ਦੇ ਹੱਕਾਂ ਲਈ ਲੜ ਰਹੇ ਹਨ। ਹਰ ਕਾਂਗਰਸੀ ਵਰਕਰਾਂ ਵਿੱਚ ਇਹ ਉਤਸਾਹ ਹੋਵੇ ਕਿ ਇਹ ਲੜਾਈ ਕਿਸੇ ਲਈ ਨਹੀਂ, ਸੰਵਿਧਾਨ ਦੀ ਰਾਖੀ ਲਈ ਹੈ। ਉਨ੍ਹਾਂ ਦਾਅਵਾ ਕੀਤਾ, "ਜੇਕਰ ਤੁਸੀਂ ਇਸ ਲੜਾਈ ਵਿੱਚ ਕਾਂਗਰਸ ਦਾ ਸਾਥ ਨਹੀਂ ਦਿੰਦੇ ਹੋ ਤਾਂ ਤੁਸੀਂ ਪ੍ਰਧਾਨ ਮੰਤਰੀ ਮੋਦੀ ਦੇ ਗੁਲਾਮ ਬਣ ਜਾਓਗੇ।" ਖੜਗੇ ਨੇ ਕਿਹਾ, "ਅੱਜ ਹਰ ਅਖਬਾਰ 'ਚ 'ਮੋਦੀ ਦੀ ਗਾਰੰਟੀ' ਲਿਖੀ ਹੋਈ ਹੈ। ਮੋਦੀ ਜੀ ਦੀ ਗਾਰੰਟੀ ਸੀ- ਹਰ ਸਾਲ 2 ਕਰੋੜ ਨੌਕਰੀਆਂ, ਲੋਕਾਂ ਦੇ ਖਾਤਿਆਂ 'ਚ 15-15 ਲੱਖ ਰੁਪਏ ਪਰ ਮੋਦੀ ਜੀ ਨੇ ਕੁਝ ਨਹੀਂ ਦਿੱਤਾ।" ਉਨ੍ਹਾਂ ਦੋਸ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਿਰਫ ਨੌਜਵਾਨਾਂ, ਔਰਤਾਂ, ਕਿਸਾਨਾਂ ਅਤੇ ਗਰੀਬਾਂ ਨੂੰ ਧੋਖਾ ਦੇਣ ਦਾ ਕੰਮ ਕੀਤਾ ਹੈ। ਖੜਗੇ ਮੁਤਾਬਕ ਕਾਂਗਰਸ ਨੇ ਜੋ ਵੀ ਵਾਅਦਾ ਕੀਤਾ, ਉਸ ਨੂੰ ਪੂਰਾ ਕੀਤਾ। ਉਨ੍ਹਾਂ ਕਿਹਾ, 'ਅੱਜ ਦੇਸ ਦੇ ਸਰਕਾਰੀ ਵਿਭਾਗਾਂ ਵਿੱਚ 30 ਲੱਖ ਅਸਾਮੀਆਂ ਖਾਲੀ ਹਨ। ਪ੍ਰਧਾਨ ਮੰਤਰੀ ਮੋਦੀ ਨੌਕਰੀਆਂ ਨਹੀਂ ਦੇ ਰਹੇ ਹਨ ਕਿਉਂਕਿ , ਅਤੇ ਦੇ ਲੋਕ ਰਾਖਵੇਂਕਰਨ ਰਾਹੀਂ ਆਉਣਗੇ।

## ਰੇਲਵੇ 'ਚ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਲਈ ਅਹਿਮ ਖਬਰ

ਨਵੀਂ ਦਿੱਲੀ 6 ਫਰਵਰੀ। ਰੇਲ ਮੰਤਰੀ ਅਸਵਿਨੀ ਵੈਸਨਵ ਨੇ ਸਨੀਵਾਰ ਨੂੰ ਰੇਲਵੇ ਵਿਚ ਨਿਯਮਤ ਭਰਤੀ ਪ੍ਰੀਖਿਆ ਲਈ ਭਰਤੀ ਕੈਲੰਡਰ ਜਾਰੀ ਕੀਤਾ। ਵੈਸਨਵ ਨੇ ਇੱਥੇ



ਇਕ ਪ੍ਰੋਗਰਾਮ ਵਿਚ ਭਰਤੀ ਪ੍ਰੀਖਿਆ ਕੈਲੰਡਰ ਜਾਰੀ ਕੀਤਾ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਜੇਕਰ ਕੋਈ ਉਮੀਦਵਾਰ ਪਹਿਲੀ ਕੋਸ਼ਿਸ ਵਿਚ ਰੈਗੂਲਰ ਭਰਤੀ ਦੀ ਪ੍ਰੀਖਿਆ ਪਾਸ ਨਹੀਂ ਕਰ ਸਕਿਆ ਤਾਂ ਉਸ ਨੂੰ ਇਕ ਹੋਰ ਮੌਕਾ ਮਿਲੇਗਾ। ਇਸ ਦੇ ਨਾਲ ਹੀ, ਚੁਣੇ ਗਏ ਲੋਕਾਂ ਨੂੰ ਬਿਹਤਰ ਕਰੀਅਰ ਦੀ ਤਰੱਕੀ ਦਾ ਮੌਕਾ ਮਿਲੇਗਾ। ਭਰਤੀ ਅਤੇ ਨਿਯੁਕਤੀ ਦੀ ਪ੍ਰਕਿਰਿਆ ਵਿਚ ਵੀ ਤੇਜੀ ਆਵੇਗੀ। ਉਨ੍ਹਾਂ ਕਿਹਾ ਕਿ ਰੇਲਵੇ ਵਿਚ ਖਾਲੀ ਅਸਾਮੀਆਂ ਦੇ ਨਿਯਮਤ ਮੁਲਾਂਕਣ ਦੇ ਨਾਲ, ਉਮੀਦਵਾਰਾਂ ਨੂੰ ਆਰ.ਆਰ.ਬੀ./ਆਰ.ਆਰ.ਸੀ. ਦੁਆਰਾ ਸੂਚੀਬੱਧ ਕੀਤੇ ਜਾਣ ਤੋਂ ਬਾਅਦ ਤੁਰੰਤ ਨਿਯੁਕਤੀ ਅਤੇ ਸਿਖਲਾਈ ਦਿੱਤੀ ਜਾਵੇਗੀ। ਰੇਲਵੇ ਭਰਤੀ ਪ੍ਰੀਖਿਆ ਕੈਲੰਡਰ ਅਨੁਸਾਰ ਜਨਵਰੀ ਅਤੇ ਫਰਵਰੀ ਵਿਚ ਅਸਿਸਟੈਂਟ ਲੋਕੋ ਪਾਇਲਟ, ਅਪ੍ਰੈਲ ਤੋਂ ਜੂਨ ਤੱਕ ਟੈਕਨੀਸੀਅਨ ਅਤੇ ਜੁਲਾਈ ਤੋਂ ਸਤੰਬਰ ਗੈਰ-ਤਕਨੀਕੀ ਸ੍ਰੇਣੀ, ਗ੍ਰੈਜੂਏਟ ਪੱਧਰ 4, 5,6 ਅਤੇ ਗੈਰ-ਤਕਨੀਕੀ ਸ੍ਰੇਣੀ, ਗ੍ਰੈਜੂਏਟ ਪੱਧਰ 2, ਅਤੇ 3 ਦੌਰਾਨ ਜੂਨੀਅਰ ਇੰਜੀ. ਅਤੇ ਪੈਰਾ ਮੈਡੀਕਲ ਸ੍ਰੇਣੀ ਵਿਚ ਭਰਤੀ ਪ੍ਰੀਖਿਆ ਹੋਵੇਗੀ। ਇਸੇ ਤਰ੍ਹਾਂ, ਪੱਧਰ 1 ਅਤੇ ਅਧਿਕਾਰਤ ਅਤੇ ਹੋਰ ਸ੍ਰੇਣੀ ਦੇ ਉਮੀਦਵਾਰਾਂ ਲਈ ਭਰਤੀ ਪ੍ਰੀਖਿਆ ਅਕਤੂਬਰ ਤੋਂ ਦਸੰਬਰ ਤੱਕ ਕਰਵਾਈ ਜਾਵੇਗੀ।

# ਪੀ. ਐੱਸ. ਪੀ. ਸੀ. ਐੱਲ. ਨੇ ਬਣਾਇਆ ਨਵਾਂ ਰਿਕਾਰਡ

ਜਲੰਧਰ 6 ਫਰਵਰੀ। ਮੁੱਖ ਮੰਤਰੀ ਭਗਵੰਤ ਮਾਨ ਨੇ ਸੱਤਾ ਵਿਚ ਆਉਂਦੇ ਹੀ ਬੁਨਿਆਦੀ ਸਹੂਲਤਾਂ ’ਤੇ ਫੋਕਸ ਕਰਨਾ ਸ਼ੁਰੂ ਕੀਤਾ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾ ਸਕਣ। ਇਸੇ ਲੜੀ ਵਿਚ ਬਿਜਲੀ ਸਿਸਟਮ ਵਿਚ ਵੱਡੇ ਸੁਧਾਰ ਕਰਕੇ ਪੰਜਾਬ ਵਾਸੀਆਂ ਨੂੰ ਰਾਹਤ ਪ੍ਰਦਾਨ ਕੀਤੀ ਗਈ। ਹਰ ਖੇਤਰ ਨੂੰ ਕੱਟ ਰਹਿਤ ਬਿਨਾਂ ਰੁਕਾਵਟ ਬਿਜਲੀ ਸਪਲਾਈ ਮੁਹੱਈਆ ਕਰਵਾ ਕੇ ਸਰਕਾਰ ਲੋਕਾਂ ਦੀਆਂ ਉਮੀਦਾਂ ’ਤੇ ਖਰਾ ਉਤਰੀ ਹੈ। ਬਿਜਲੀ ਦੇ ਖੇਤਰ ਵਿਚ ਸਰਕਾਰ ਦੇ ਨਿਰਦੇਸ਼ਾਂ ’ਤੇ ਕੰਮ ਕਰਦੇ ਹੋਏ ਪੀ. ਐੱਸ. ਪੀ. ਸੀ. ਐੱਲ. ਨੇ ਇਸ ਸੀਜਨ ਵਿਚ ਨਵਾਂ ਰਿਕਾਰਡ ਬਣਾਇਆ ਹੈ। ਇੰਡਸਟਰੀ, ਕਮਰਸ਼ੀਅਲ, ਘਰੇਲੂ ਖਪਤਕਾਰਾਂ ਸਮੇਤ ਕਿਸਾਨਾਂ ਨੂੰ ਇਸ ਸੀਜਨ ਵਿਚ ਬਿਨਾਂ ਰੁਕਾਵਟ ਸਪਲਾਈ ਮੁਹੱਈਆ ਕਰਵਾਈ ਗਈ ਹੈ। ਝੋਨੇ ਦੇ ਸੀਜਨ ਵਿਚ ਸਰਕਾਰ ਵੱਲੋਂ ਕਿਸਾਨਾਂ ਨੂੰ 8 ਘੰਟੇ ਬਿਜਲੀ ਦੇਣ ਦਾ ਜੋ ਵਾਅਦਾ ਕੀਤਾ ਗਿਆ ਸੀ, ਉਸ ਨੂੰ ਪੂਰਾ ਕਰਨ ਵਿਚ ਸਰਕਾਰ ਖਰਾ ਉਤਰੀ ਹੈ। ਇਸੇ ਕਾਰਨ ਇਸ ਵਾਰ ਜੂਨ ਦੇ ਪੀਕ ਸੀਜਨ ਦੌਰਾਨ 15,000 ਮੈਗਾਵਾਟ ਤੋਂ ਵੱਧ ਦੀ ਡਿਮਾਂਡ ਦੀ ਪੂਰਤੀ ਕੀਤੀ ਗਈ ਹੈ। ਪਿਛਲੇ ਸਾਲ 29 ਜੂਨ ਨੂੰ ਬਿਜਲੀ ਦੀ ਵੱਧ ਤੋਂ ਵੱਧ ਡਿਮਾਂਡ 14,311 ਮੈਗਾਵਾਟ ਰਹੀ ਸੀ, ਜਦਕਿ ਇਸ ਵਾਰ 1014 ਮੈਗਾਵਾਟ ਦੇ ਵਾਧੇ ਨਾਲ ਇਹ ਮੰਗ 15,000 ਮੈਗਾਵਾਟ ਤੋਂ ਉਪਰ ਪੁੱਜ ਗਈ। ਪਾਵਰਕਾਮ ਨੇ 23 ਜੂਨ ਨੂੰ 15,325 ਮੈਗਾਵਾਟ ਦੀ ਵੱਧ ਤੋਂ ਵੱਧ ਮੰਗ ਨੂੰ ਪੂਰਾ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਹ ਆਯਾਮ ਛੂਹਣ ਲਈ ਪੀ. ਐੱਸ. ਪੀ. ਸੀ. ਐੱਲ. ਨੂੰ ਬਿਜਲੀ ਸਿਸਟਮ ਵਿਚ ਵੱਡੇ ਪੱਧਰ ’ਤੇ ਸੁਧਾਰ ਕਰਨੇ ਪਏ ਹਨ,



ਜਿਸ ਨਾਲ ਵਿਭਾਗ ਨੇ ਬਿਜਲੀ ਸਪਲਾਈ ਦੇ ਕ੍ਰਮ ਵਿਚ 7 ਫੀਸਦੀ ਵਾਧਾ ਦਰਜ ਕੀਤਾ। ਇਸੇ ਤਰ੍ਹਾਂ 15,325 ਮੈਗਾਵਾਟ ਦੀ ਮੰਗ ਪੂਰੀ ਕਰਨਾ ਸੌਖਾ ਟੀਚਾ ਨਹੀਂ ਸੀ ਕਿਉਂਕਿ ਜੂਨ ਮਹੀਨੇ ਦੌਰਾਨ ਕਿਸਾਨਾਂ ਨੂੰ 8 ਘੰਟੇ ਬਿਜਲੀ ਦਿੱਤੀ ਜਾ ਰਹੀ ਸੀ। ਇਸ ਦੇ ਬਾਵਜੂਦ ਪੀ. ਐੱਸ. ਪੀ. ਸੀ. ਐੱਲ. ਨੇ ਬਿਨਾਂ ਕੱਟ ਲਾਏ ਇਸ ਮੰਗ ਨੂੰ ਪੂਰਾ ਕਰਕੇ ਨਵਾਂ ਰਿਕਾਰਡ ਕਾਇਮ ਕੀਤਾ। ਮਾਨ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਪੀ. ਐੱਸ. ਪੀ. ਸੀ. ਐੱਲ. ਵੱਲੋਂ ਬਿਜਲੀ ਸਿਸਟਮ ਨੂੰ ਸੁਧਾਰਨ ਦੇ ਕੰਮ ਸ਼ੁਰੂ ਕੀਤੇ ਗਏ ਅਤੇ ਵੱਡੇ ਪੱਧਰ ’ਤੇ ਕੰਮ ਕਰਦੇ ਹੋਏ 63 ਸਬ-ਸਟੇਸ਼ਨਾਂ ਨੂੰ ਅਪਗ੍ਰੇਡ ਕੀਤਾ ਗਿਆ। ਇਸੇ ਲੜੀ ਵਿਚ 66 ਕੇ. ਵੀ. ਦੇ 11 ਨਵੇਂ ਸਬ-ਸਟੇਸ਼ਨ ਲਗਾਉਣਾ ਵਿਭਾਗ ਦੀ ਵੱਡੀ ਪ੍ਰਾਪਤੀ ਹੈ। 66 ਕੇ. ਵੀ. ਦੇ ਨਵੇਂ ਸਬ-ਸਟੇਸ਼ਨ ਲਗਾਉਣ ਦੇ ਨਾਲ-ਨਾਲ ਵਿਭਾਗ ਵਲੋਂ 52 ਸਬ-ਸਟੇਸ਼ਨਾਂ ਨੂੰ ਅਪਗ੍ਰੇਡ ਕੀਤਾ ਗਿਆ ਅਤੇ ਇਨ੍ਹਾਂ ਦੀ ਲੋਡ ਸਮਰੱਥਾ ਵਧਾਉਂਦੇ ਹੋਏ ਨਵੇਂ ਟ੍ਰਾਂਸਫਾਰਮਰ ਸਥਾਪਤ ਕੀਤੇ ਗਏ। ਇਸ ਕਾਰਨ ਕੁਲ 63 ਸਬ-ਸਟੇਸ਼ਨ ਅਪਗ੍ਰੇਡ ਹੋਏ। ਟ੍ਰਾਂਸਮਿਸ਼ਨ ਲਾਈਨਾਂ ਦੀ ਸਮਰੱਥਾ ਨੂੰ ਵਧਾਉਣ ਅਤੇ ਵੱਧ ਤੋਂ ਵੱਧ ਖਪਤਕਾਰਾਂ ਤੱਕ ਅਪ੍ਰੋਚ ਕਰਨ ਦੇ ਟਾਰਗੈੱਟ ਦੇ ਨਾਲ ਕੀਤੇ ਗਏ ਕੰਮਾਂ ਤਹਿਤ ਪਾਵਰਕਾਮ ਨੇ 378 ਕਿਲੋਮੀਟਰ ਲੰਬੀਆਂ 66 ਕੇ. ਵੀ. ਟ੍ਰਾਂਸਮਿਸ਼ਨ ਲਾਈਨਾਂ ਸਥਾਪਤ ਕੀਤੀਆਂ। ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ’ਤੇ ਲੋਅ ਵੋਲਟੇਜ ਦੀ ਸਮੱਸਿਆ ਨੂੰ ਦੂਰ ਕਰਨ ਲਈ ਪਾਵਰਕਾਮ ਵੱਲੋਂ ਕਈ ਮਹੱਤਵਪੂਰਨ ਕੰਮ ਕੀਤੇ ਗਏ ਹਨ, ਜਿਸ ਨਾਲ ਹਰੇਕ ਜੋਨ ਦੇ ਲੱਖਾਂ ਲੋਕਾਂ ਨੂੰ ਰਾਹਤ ਮਿਲੀ ਹੈ। ਇਸੇ ਤਹਿਤ ਪਾਵਰਕਾਮ ਦੇ ਸੀ. ਐੱਮ. ਡੀ. ਬਲਦੇਵ ਸਿੰਘ ਸਰਾਂ ਦੀ ਪ੍ਰਗਤੀਸ਼ੀਲ ਅਗਵਾਈ ਹੇਠ ਵਿਭਾਗ ਨੇ 11 ਕੇ. ਵੀ. ਦੇ 352 ਨਵੇਂ ਫੀਡਰ ਸਥਾਪਤ ਕੀਤੇ, ਜਿਸ ਨਾਲ ਲੋਅ ਵੋਲਟੇਜ ਦੀ ਸਮੱਸਿਆ ਖਤਮ ਹੋਣ ਦੇ ਨਾਲ-ਨਾਲ ਸੰਬੰਧਤ ਇਲਾਕਿਆਂ ਵਿਚ ਨਵੇਂ ਕੁਨੈਕਸ਼ਨ ਰਿਲੀਜ ਹੋ ਸਕੇ। ਇਸ ਸਭ ਨਾਲ ਖਪਤਕਾਰਾਂ ਨੂੰ ਵੱਡੀ ਰਾਹਤ ਮਿਲੀ ਹੈ। ਇਸੇ ਤਰ੍ਹਾਂ ਵਿਭਾਗ ਵੱਲੋਂ ਫਾਲਟ ਦੀ ਸਮੱਸਿਆ ਨਾਲ ਨਜਿੱਠਣ ਲਈ ਲੋਡ ਸਮਰੱਥਾ ਵਧਾਉਣ ’ਤੇ ਫੋਕਸ ਕੀਤਾ ਗਿਆ। ਵਿਭਾਗ ਨੇ 27,047 ਨਵੇਂ ਟ੍ਰਾਂਸਫਾਰਮਰ ਲਾਏ, ਜਿਸ ਕਾਰਨ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਫਾਲਟ ਘੱਟ ਪਏ ਅਤੇ ਲੋਕਾਂ ਨੂੰ ਬਿਨਾਂ ਰੁਕਾਵਟ ਸਪਲਾਈ ਮਿਲ ਸਕੀ।

## ਹਾਦਸਿਆਂ ਨੂੰ ਰੋਕਣ ਲਈ ਨੈਸਨਲ ਹਾਈਵੇਅ ‘ਤੇ ਲੱਗਣਗੇ ਸਪਾਈਕ ਬੈਰੀਅਰ, ਇੰਝ ਰੋਕਣਗੇ ਵਾਹਨ

ਨੈਸਨਲ ਡੈਸਕ 6 ਫਰਵਰੀ। ਦੇਸ ਦੇ ਨੈਸਨਲ ਹਾਈਵੇ (ਐੱਨ. ਐੱਚ.) ‘ਤੇ ਔਸਤਨ ਹਰ ਤਿੰਨ ਦਿਨਾਂ ਬਾਅਦ ਗਲਤ ਸਾਈਡ ਤੋਂ ਆਉਣ-ਜਾਣ ਵਾਲੇ ਵਾਹਨਾਂ ਕਾਰਨ ਹਾਦਸਾ ਵਾਪਰਦਾ ਹੀ ਰਹਿੰਦਾ ਹੈ। ਅਜਿਹਾ ਖਾਸ ਕਰਕੇ ਧੁੰਦ ‘ਚ ਹੁੰਦਾ ਹੈ, ਜਿਸ ਕਾਰਨ ਕਈ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਨ੍ਹਾਂ ਨੂੰ ਰੋਕਣ ਲਈ ਕੇਂਦਰੀ ਸੜਕੀ ਆਵਾਜਾਈ ਮੰਤਰਾਲਾ ਨੈਸਨਲ ਹਾਈਵੇ ‘ਤੇ ਸਪਾਈਕ ਬੈਰੀਅਰ ਲਗਾਉਣ ਜਾ ਰਿਹਾ ਹੈ। ਇਸ ਮਾਮਲੇ ਦੇ ਸਬੰਧ ਵਿੱਚ ਮੰਤਰਾਲੇ ਦੇ ਇੱਕ ਅਧਿਕਾਰੀ ਅਨੁਸਾਰ ਇਸ ਦੀ ਸ਼ੁਰੂਆਤ ਮੈਟਰੋ ਸਹਿਰਾਂ ਵਿੱਚੋਂ ਲੰਘਣ ਵਾਲੇ ਤੋਂ ਕੀਤੀ ਜਾਵੇਗੀ। ਇਨ੍ਹਾਂ ਬੈਰੀਅਰਾਂ ਨੂੰ ਲਗਾਉਣ ‘ਤੇ ਹੋਣ ਵਾਲਾ ਖਰਚ 50 ਫੀਸਦੀ ਪੈਸਾ ਗਲਤ ਪਾਸੇ ਤੋਂ ਆਉਣ ਵਾਲੇ ਲੋਕਾਂ ਤੋਂ ਵਸੂਲੇ ਜਾਣ ਵਾਲੇ ਜੁਰਮਾਨੇ ਵਿੱਚੋਂ ਕੱਢਣ ਦੀ ਤਿਆਰੀ ਹੈ। ਇਸ ਵਿੱਚ ਲੋਹੇ ਦੇ ਫਰੇਮ ਵਿੱਚ ਠੋਸ ਸਟੀਲ ਦੀਆਂ ਵੱਡੀਆਂ ਕਿੱਲਾਂ ਲਗਾਈਆਂ ਜਾਂਦੀਆਂ ਹਨ। ਜਦੋਂ ਸਹੀ ਦਿਸਾ ‘ਚ ਆ ਰਿਹਾ ਕੋਈ ਵਾਹਨ ਉਥੋਂ ਲੰਘਦਾ ਹੈ ਤਾਂ ਕਿੱਲ ਟਾਇਰ ਦੇ ਹੇਠਾਂ ਦਬ ਜਾਂਦੀ ਹੈ ਅਤੇ ਕਾਰ ਬਿਨਾਂ ਕਿਸੇ ਨੁਕਸਾਨ ਦੇ ਲੰਘ ਜਾਂਦੀ ਹੈ। ਜਦੋਂ ਕਾਰ ਗਲਤ ਦਿਸਾ ਤੋਂ ਆਉਂਦੀ ਹੋਈ ਉਸ ‘ਤੇ ਚੜ੍ਹ ਜਾਂਦੀ ਹੈ, ਜਿਸ ਨਾਲ ਕਿੱਲ ਹੇਠਾਂ ਨਹੀਂ ਦੱਬਦੀ ਅਤੇ ਟਾਇਰ ਪੰਕਚਰ ਹੋ ਜਾਂਦਾ ਹੈ। ਇਸ ਨਾਲ ਗੱਡੀ ਤੁਰੰਤ ਰੁਕ ਜਾਂਦੀ ਹੈ। ਜਿ਼ਆਦਾਤਰ ਸਪਾਈਕ ਬੈਰੀਅਰ ਦੋ ਟੋਲ ਪਲਾਜਿ਼ਆਂ ਦੇ ਵਿਚਕਾਰ ਉਨ੍ਹਾਂ ਥਾਵਾਂ ‘ਤੇ ਲਗਾਏ ਜਾਣਗੇ ਜਿੱਥੇ ਸੜਕ ‘ਤੇ ਕੱਟ ਪੁਆਇੰਟ ਹਨ। ਦੋ ਟੋਲ ਦੇ ਵਿਚਕਾਰ ਦੋ ਸਪਾਈਕ ਬੈਰੀਅਰ ਲਗਾਏ ਜਾਣਗੇ। ਗੱਡੀ ਦੇ ਪੰਕਚਰ ਹੁੰਦੇ ਹੀ ਡਰਾਈਵਰ ਦਾ ਚਲਾਨ ਮੌਕੇ ‘ਤੇ ਹੀ ਕੱਟਿਆ ਜਾਵੇਗਾ। ਗਲਤ ਦਿਸਾ ਵਿੱਚ ਗੱਡੀ ਚਲਾਉਣਾ ਦੇਸ ਵਿੱਚ ਸੜਕ ਹਾਦਸਿਆਂ ਦਾ ਇੱਕ ਹੋਰ ਵੱਡਾ ਕਾਰਨ ਹੈ। 2017 ਤੋਂ 2021 ਤੱਕ ਇਨ੍ਹਾਂ ਹਾਦਸਿਆਂ ਵਿੱਚ 43 ਹਜਾਰ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਇਕੱਲੇ 2021 ਵਿਚ ਇਸ ਕਾਰਨ 20,351 ਮੌਤਾਂ ਹੋਈਆਂ ਹਨ।

## ਘੱਟ ਹੋਈ ਉਦਯੋਗਿਕ ਉਤਪਾਦਨ ਦੀ ਰਫਤਾਰ

ਬਿਜਨੈੱਸ ਡੈਸਕ 6 ਫਰਵਰੀ। ਭਾਰਤ ਦੇ ਉਦਯੋਗਿਕ ਉਤਪਾਦਨ ਸੂਚਕ ਅੰਕ () ਦੀ ਰਫਤਾਰ ‘ਚ ਗਿਰਾਵਟ ਦਰਜ ਕੀਤੀ ਗਈ ਹੈ। ਮਹੀਨੇ ਦੇ ਦੌਰਾਨ ਉਦਯੋਗਿਕ ਉਤਪਾਦਨ ਦੇ ਸੂਚਕਾਂਕ ਦੇ ਹਿਸਾਬ ਨਾਲ ਵਿਕਾਸ ਦਰ ਘੱਟ ਹੋ ਕੇ 4 ਫੀਸਦੀ ਤੋਂ ਹੇਠਾਂ ਆ ਗਈ। ਇਸ ਤੋਂ ਇੱਕ ਮਹੀਨਾ ਪਹਿਲਾਂ ਭਾਵ ਮਈ 2023 ਵਿੱਚ, ਵਾਧਾ 5 ਫੀਸਦੀ ਤੋਂ ਵੱਧ ਰਿਹਾ ਸੀ। ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੁਆਰਾ ਬੀਤੇ ਦਿਨ ਇੱਕ ਅਧਿਕਾਰਤ ਰਿਲੀਜ ਵਿੱਚ ਆਈਆਈਪੀ ਡੇਟਾ ਦੀ ਜਾਣਕਾਰੀ ਦਿੱਤੀ ਗਈ। ਅੰਕੜਿਆਂ ਅਨੁਸਾਰ, ਜੂਨ 2023 ਦੇ ਮਹੀਨੇ ਵਿੱਚ ਉਦਯੋਗਿਕ ਉਤਪਾਦਨ ਦੇ ਸੂਚਕਾਂਕ ਵਿੱਚ 3.7 ਫੀਸਦੀ ਦਾ ਵਾਧਾ ਹੋਇਆ ਹੈ। ਇਸ ਦੇ ਨਾਲ ਇਕ ਮਹੀਨਾ ਪਹਿਲਾਂ ਇਹ ਅੰਕੜਾ 5.2 ਫੀਸਦੀ ‘ਤੇ ਰਿਹਾ ਸੀ। ਮਈ 2023 ਵਿੱਚ ਆਈਆਈਪੀ ਵਾਧਾ



ਪਿਛਲੇ ਤਿੰਨ ਮਹੀਨਿਆਂ ਵਿੱਚ ਸਭ ਤੋਂ ਵੱਧ ਸੀ। ਨੈਸਨਲ ਸਟੈਟਿਸਟਿਕਸ ਆਫਿਸ ਦੇ ਅੰਕੜਿਆਂ ਅਨੁਸਾਰ, ਇੱਕ ਸਾਲ ਪਹਿਲਾਂ ਯਾਨੀ ਜੂਨ 2022 ਵਿੱਚ ਫੈਕਟਰੀ ਆਉਟਪੁੱਟ ਵਿੱਚ 12.6 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਸੀ। ਇਸ ਤਰ੍ਹਾਂ ਉਦਯੋਗਿਕ ਉਤਪਾਦਨ ਦਾ ਵਾਧਾ, ਜਿਵੇਂ ਕਿ ਉਦਯੋਗਿਕ ਉਤਪਾਦਨ ਦੇ ਸੂਚਕਾਂਕ ਦੇ ਆਧਾਰ ‘ਤੇ ਮਾਪਿਆ ਜਾਂਦਾ ਹੈ, ਕਾਫੀ ਹੌਲੀ ਹੋ ਗਿਆ ਹੈ। ਵਿਕਾਸ ਦਰ, ਜੋ ਇਕ ਸਾਲ ਪਹਿਲਾਂ 12.5 ਫੀਸਦੀ ਤੋਂ ਵੱਧ ਸੀ, ਹੁਣ ਘਟ ਕੇ ਸਿਰਫ 3.7 ਫੀਸਦੀ ਰਹਿ ਗਈ ਹੈ। ਨੇ ਕਿਹਾ ਕਿ ਜੂਨ 2023 ਦੌਰਾਨ ਨਿਰਮਾਣ ਖੇਤਰ ਦਾ ਉਤਪਾਦਨ 3.1 ਫੀਸਦੀ ਦੀ ਦਰ ਨਾਲ ਵਧਿਆ ਹੈ, ਜਦੋਂ ਕਿ ਮਾਈਨਿੰਗ ਖੇਤਰ ਵਿੱਚ 7.6 ਫੀਸਦੀ ਦੀ ਦਰ ਨਾਲ ਵਾਧਾ ਹੋਇਆ। ਇਸੇ ਤਰ੍ਹਾਂ ਪਾਵਰ ਆਉਟਪੁੱਟ ਵਿੱਚ 4.2 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

## ਚੰਡੀਗੜ੍ਹ ਵਿਖੇ ਆਉਣ ਵਾਲੀ ਪੰਜਾਬੀ ਫਿਲਮ “ਮਜਨੂੰ“ ਦਾ ਦੂਜਾ ਪੋਸਟਰ ਤੇ ਫਿਲਮ ਦਾ ਟ੍ਰੈਕ ਕੀਤਾ ਗਿਆ ਰਿਲੀਜ਼, ਫਿਲਮ 22 ਮਾਰਚ 2024 ਨੂੰ ਹੋਵੇਗੀ ਰਿਲੀਜ !!

ਸਾਲੀਮਾਰ ਪ੍ਰੋਡਕਸਨ ਲਿਮਟਿਡ, ਮਨੋਰੰਜਨ ਇੰਡਸਟਰੀ ਵਿੱਚ ਇੱਕ ਪ੍ਰਮੁੱਖ ਨਾਮ, ਨੇ ਅੱਜ ਇੱਕ ਵਿਸਾਲ ਪ੍ਰੈਸ ਕਾਨਫਰੰਸ ਵਿੱਚ ਬਹੁਤ-ਪ੍ਰਤੀਤ ਰੋਮਾਂਟਿਕ ਕਹਾਣੀ, “ਮਜਨੂੰ“ ਦਾ ਪਰਦਾਫਾਸ ਕੀਤਾ, ਚੰਡੀਗੜ ਵਿਖੇ ਆਯੋਜਿਤ ਇਸ ਪ੍ਰੈਸ ਕਾਨਫਰੰਸ ਵਿੱਚ ਫਿਲਮ ਦਾ ਦੂਜਾ ਪੋਸਟਰ ਅਤੇ ਇੱਕ ਮਨਮੋਹਕ ਸੰਗੀਤਕ ਸਕੋਰ ਰਿਲੀਜ਼ ਹੋਇਆ। 22 ਮਾਰਚ 2024 ਨੂੰ ਰਿਲੀਜ ਹੋਣ ਲਈ ਪੂਰੀ ਤਰ੍ਹਾਂ ਤਿਆਰ ਹੈ, “ਮਜਨੂ“ ਇੱਕ ਰੋਮਾਂਟਿਕ ਕਹਾਣੀ ਜੋ ਭਾਵਨਾਵਾਂ ਨਾਲ ਗੂੰਜਦੀ ਹੈ। ਪ੍ਰੈਸ ਕਾਨਫਰੰਸ ਵਿੱਚ ਦਿਲ ਨੂੰ ਛੂਹਣ ਵਾਲਾ ਪੋਸਟਰ ਪੇਸ ਕੀਤਾ ਗਿਆ ਹੈ ਜਿਸ ਵਿੱਚ ਸਿਨੇਮਿਕ ਜਾਦੂ ਦੀ ਇੱਕ ਝਲਕ ਪੇਸ ਕੀਤੀ ਗਈ ਹੈ ਜੋ ਦਰਸਕਾਂ ਨੂੰ ਉਡੀਕ ਰਿਹਾ ਹੈ। ਸੁਜਾਦ ਇਕਬਾਲ ਖਾਨ ਦੁਆਰਾ ਨਿਰਦੇਸਤ ਅਤੇ ਕਿਰਨ ਸੇਰਗਿੱਲ ਦੁਆਰਾ ਇੱਕ ਫਿਲਮ, ਸਭਾ ਵਰਮਾ ਦੁਆਰਾ ਇੱਕ ਪ੍ਰਭਾਵਸਾਲੀ ਸਕਰੀਨਪਲੇ ਨਾਲ, “ਮਜਨੂ“ ਵਿੱਚ ਪ੍ਰੀਤ ਬਾਠ, ਕਿਰਨ ਸੇਰਗਿੱਲ, ਸਾਬੀ ਸੂਰੀ, ਨਿਰਮਲ ਰਿਸੀ, ਗੁਰਪ੍ਰੀਤ ਭੰਗੂ, ਮਲਕੀਤ ਰੌਣੀ, ਸਵਿੰਦਰ ਮਾਹਲ, ਜੁਗਨੂੰ ਸਰਮਾ, ਬੱਬਰ ਗਿੱਲ ਸਮੇਤ ਇੱਕ ਸਾਨਦਾਰ ਕਲਾਕਾਰ ਹੈ। ਮਜਨੂੰ ਦੇ ਰੂਪ ਵਿੱਚ ਪਿਆਰ ਅਤੇ ਜਨੂੰਨ ਦੀ ਇੱਕ ਮਨਮੋਹਕ ਯਾਤਰਾ ‘ਤੇ ਰੁਝਣ ਲਈ ਤਿਆਰ ਹੋ ਜਾਓ, ਆਪਣੀ ਮਨਮੋਹਕ ਕਹਾਣੀ ਨੂੰ ਦਿਖਾਉਂਦਾ ਹੈ। ਦੂਰਦਰਸੀ ਸੰਗੀਤਕਾਰ ਗੁਰਮੀਤ ਸਿੰਘ ਦੁਆਰਾ ਤਿਆਰ ਕੀਤਾ ਗਿਆ ਹੈ। ਛੇ ਟਰੈਕਾਂ ਦੀ ਵਿਸੇਸਤਾ ਵਾਲੇ, ਸਾਊਂਡਟਰੈਕ ਵਿੱਚ ਹਸਮਤ ਸੁਲਤਾਨਾ, ਕਮਲ ਖਾਨ, ਨਛੱਤਰ ਗਿੱਲ, ਜੈਸਮੀਨ ਅਖਤਰ, ਸਿਮਰਨ ਭਾਰਦਵਾਜ ਅਤੇ ਸਾਹਿਦ ਮਾਲਿਆ ਦੀਆਂ ਸੁਰੀਲੀਆਂ ਆਵਾਜਾਂ ਹਨ। ਪ੍ਰੈਸ ਕਾਨਫਰੰਸ ਵਿੱਚ ਪ੍ਰਗਟ ਕੀਤੇ ਗਏ




ਸੰਗੀਤ ਨੇ ਹਾਜਰੀਨ ਨੂੰ ਉਤਸੁਕਤਾ ਨਾਲ ਸੁਣਨ ਦੀ ਯਾਤਰਾ ਦੀ ਉਡੀਕ ਕਰ ਦਿੱਤੀ ਜੋ ਆਨ-ਸਕਰੀਨ ਪ੍ਰੇਮ ਕਹਾਣੀ ਦੇ ਨਾਲ ਹੋਵੇਗੀ। ਮਸਹੂਰ ਮਿਸਟਰ ਤਿਲੋਕ ਕੋਠਾਰੀ ਦੁਆਰਾ ਨਿਰਮਿਤ, ਬਾਲੀਵੁੱਡ ਵਿੱਚ ਆਪਣੇ ਯੋਗਦਾਨ ਲਈ ਮਸਹੂਰ, ਅਤੇ ਜੁਗਨੂੰ ਸਰਮਾ ਦੁਆਰਾ ਸਹਿ-ਨਿਰਮਾਤ, ਇਹ ਉੱਦਮ ਅਨੁਭਵੀ ਨਿਰਮਾਤਾ ਲਈ ਪੰਜਾਬੀ ਸਿਨੇਮਾ ਵਿੱਚ ਇੱਕ ਮਹੱਤਵਪੂਰਨ ਕਦਮ ਦੀ ਨਿਸਾਨਦੇਹੀ ਕਰਦਾ ਹੈ। ਫਿਲਮ ਨੂੰ ਪ੍ਰਤਿਭਾਸਾਲੀ ਨਿਰਦੇਸਕ ਸੁਜਾਦ ਇਕਬਾਲ ਖਾਨ ਦੁਆਰਾ ਨਿਰਦੇਸਿ਼ਤ ਕੀਤਾ ਗਿਆ ਹੈ, ਜੋ “ਮਜਨੂ“ ਵਿੱਚ ਆਪਣੀ ਰਚਨਾਤਮਕ ਦ੍ਰਿਸਟੀ ਨੂੰ ਜੀਵਨ ਵਿੱਚ ਲਿਆਉਂਦਾ ਹੈ। ਜਿਵੇਂ ਕਿ 22 ਮਾਰਚ 2024 ਨੂੰ “ਮਜਨੂੰ“ ਦੀ ਰਿਲੀਜ ਲਈ ਉਤਸਾਹ ਵਧ ਰਿਹਾ ਹੈ, ਪ੍ਰੈਸ ਕਾਨਫਰੰਸ ਨੇ ਫਿਲਮ ਦੇ ਪ੍ਰਚਾਰ ਸਫਰ ਵਿੱਚ ਇੱਕ ਮਹੱਤਵਪੂਰਨ ਪਲ ਦੀ ਨਿਸਾਨਦੇਹੀ ਕੀਤੀ। ਇਵੈਂਟ ਦੇ ਦੌਰਾਨ ਸਾਂਝੇ ਕੀਤੇ ਗਏ ਦੂਜੇ ਪੋਸਟਰ ਅਤੇ ਸੰਗੀਤਕ ਸਨਿੱਪਟ ਇਸ ਰੋਮਾਂਟਿਕ ਸਿਨੇਮੈਟਿਕ ਤਮਾਸੇ ਦੇ ਆਲੇ ਦੁਆਲੇ ਦੀ ਉਮੀਦ ਨੂੰ ਵਧਾ ਦਿੰਦੇ ਹਨ।

## ਜੂਆ ਖੇਡਦੇ ਨੌਜਵਾਨਾਂ ਦੀ ਗ੍ਰਿਫਤਾਰੀ ਦਾ ਮਾਮਲਾ: ਮੁਲਜਮਾਂ ਤੋਂ ਲੱਖਾਂ ਰੁਪਏ ਨਕਦੀ, 2 ਕਾਰਾਂ ਤੇ ਮੋਟਰਸਾਈਕਲ ਜਬਤ

ਸੁਜਾਨਪੁਰ 6 ਫਰਵਰੀ। ਪਿਛਲੇ ਦਿਨ ਜਿ਼ਲ੍ਹਾ ਪੁਲਸ ਦੁਆਰਾ ਪਠਾਨਕੋਟ-ਜੰਮੂ ਰਾਸ਼ਟਰੀ ਰਾਜ ਮਾਰਗ ’ਚ ਸਥਿਤ 3 ਸਤਾਰਾ ਹੋਟਲ ‘ਡੀ. ਪੀ. ਰੈਜੀਡੈਂਸੀ’ ’ਚ ਛਾਪੇਮਾਰੀ ਦੌਰਾਨ ਜੂਆ ਖੇਡਦੇ ਕੁੱਝ ਨੌਜਵਾਨਾਂ ਨੂੰ ਹਿਰਾਸਤ ’ਚ ਲਿਆ ਸੀ, ਜਿਸ ਦੌਰਾਨ ਬੀਤੇ ਦਿਨ ਜਿ਼ਲ੍ਹਾ ਪੁਲਸ ਮੁਖੀ ਹਰਕਮਲ ਪ੍ਰੀਤ ਸਿੰਘ ਖਖ ਨੇ ਦੱਸਿਆ ਕਿ ਛਾਪੇਮਾਰੀ ਦੌਰਾਨ ਪੁਲਸ ਨੇ ਹੋਟਲ ਮਾਲਿਕ ਸਮੇਤ ਕੁਲ 22 ਲੋਕਾਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ, ਜਦੋਂਕਿ ਮੌਕੇ ਤੋਂ ਹੋਟਲ ਮੈਨੇਜਰ ਸਮੇਤ 21 ਨੌਜਵਾਨਾਂ ਨੂੰ ਗ੍ਰਿਫਤਾਰ ਕਰ ਕੇ 6,33,770 ਲੱਖ ਰੁਪਏ ਨਕਦੀ ਬਰਾਮਦ ਕੀਤੀ, ਜਦੋਂਕਿ ਮੌਕੇ ਤੋਂ 2 ਕਾਰਾਂ, 4 ਐਕਟਿਵਾ ਅਤੇ 2 ਮੋਟਰਸਾਈਕਲ ਜਬਤ ਕੀਤੇ ਹਨ। ਉਥੇ ਹੀ ਪਿਛਲੇ ਦਿਨੀਂ ਗ੍ਰਿਫਤਾਰ ਮੁਲਜਮਾਂ ’ਚ ਹੋਟਲ ਮਾਲਕ ਦੀ ਪਛਾਣ ਸੁਨੀਲ ਜੋਸ਼ੀ ਪੁੱਤ ਧਰਮਪਾਲ ਜੋਸ਼ੀ ਨਿਵਾਸੀ ਬੁੰਗਲ ਪਠਾਨਕੋਟ ਦੇ ਰੂਪ ’ਚ ਹੋਈ,




ਜਦੋਂਕਿ ਮੈਨੇਜਰ ਦੀ ਪਛਾਣ ਜਗਦੀਸ਼ ਸਿੰਘ ਪੁੱਤਰ ਵਿਜੈ ਸਿੰਘ ਨਿਵਾਸੀ ਮਲਿਕਪੁਰ ਦੇ ਰੂਪ ’ਚ ਹੋਈ, ਜਦੋਂਕਿ ਫੜੇ ਗਏ ਨੌਜਵਾਨਾਂ ਦੀ ਪਛਾਣ ਤਜਿੰਦਰ ਸਿੰਘ, ਮੁਨੀਸ਼ ਕੁਮਾਰ, ਸੌਰਭ ਸ਼ਰਮਾ, ਜਸਮੀਤ ਸਿੰਘ, ਸੰਜੀਵ ਸਿੰਘ, ਆਜਾਦ ਤਲਵਾੜ, ਅਕਸ਼ੇ ਗੁਪਤਾ, ਜਗੀਰ ਸਿੰਘ, ਅਭਿਨਵ, ਅਭਿਸ਼ੇਕ, ਰਾਹੁਲ ਕੁਮਾਰ, ਮਨਿਕ ਗੁਪਤਾ, ਰਵਿੰਦਰ ਕੁਮਾਰ, ਇਆਜ ਅਹਿਮਦ, ਰਾਹੁਲ ਕੋਹਲੀ, ਜਸਬੀਰ ਸਿੰਘ, ਰਾਕੇਸ਼ ਕੁਮਾਰ, ਸਤਬੀਰ ਸਿੰਘ, ਤਰਸੇਮ ਸਿੰਘ, ਰਮਨ ਕੁਮਾਰ ਅਤੇ ਸੁਨੀਲ ਜੋਸ਼ੀ ਦੇ ਰੂਪ ਵਿਚ ਹੋਈ। ਜਿ਼ਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਪੁਲਸ ਵੱਲੋਂ ਗ੍ਰਿਫਤਾਰ ਲੋਕਾਂ ਨੂੰ ਅਦਾਲਤ ’ਚ ਪੇਸ਼ ਕੀਤਾ ਜਾਵੇਗਾ ਅਤੇ ਮਾਮਲੇ ਦੀ ਅੱਗੇ ਦੀ ਜਾਂਚ ਲਈ ਉਨ੍ਹਾਂ ਦੇ ਰਿਮਾਂਡ ਦੀ ਮੰਗ ਕੀਤੀ ਜਾਵੇਗੀ।

## ਗੁੰਡਾਗਰਦੀ ਦਾ ਨੰਗਾ ਨਾਚ, ਅੱਧੀ ਦਰਜਨ ਤੋਂ ਵੱਧ ਮੋਟਰਸਾਈਕਲ ਸਾੜੇ, ਘਰਾਂ ਦਾ ਸਾਮਾਨ ਵੀ ਕੀਤਾ ਤਹਿਸ-ਨਹਿਸ

ਝਬਾਲ 6 ਫਰਵਰੀ। ਪਿੰਡ ਕੋਟ ਧਰਮ ਚੰਦ ਕਲਾਂ ਵਿਖੇ ਬੀਤੀ ਰਾਤ 2 ਧੜਿਆਂ ਦੀ ਹੋਈ ਲੜਾਈ ‘ਚ ਜਿੱਥੇ ਜਾਨੀ ਨੁਕਸਾਨ ਹੋਣੋਂ ਤਾਂ ਬਚ ਗਿਆ ਪਰ ਦੋਪਹੀਆ ਵਾਹਨਾਂ ਦੇ ਸਾੜੇ ਜਾਣ ਅਤੇ ਤੋੜਭੰਨ ਕਰਨ ਤੋਂ ਇਲਾਵਾ ਨਕਦੀ ਅਤੇ ਗਹਿਣੇ ਲੁੱਟ ਕੇ ਲਿਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜੱਜਬੀਰ ਸਿੰਘ ਪੁੱਤਰ ਸੰਤੋਖ ਸਿੰਘ ਨੇ ਦੱਸਿਆ ਕਿ ਉਹ ਮਾਣੋਚਾਹਲ ਭੱਠੇ ‘ਤੇ ਕੰਮ ਕਰਦਾ ਹੈ ਤੇ ਉਸ ਦੀ ਮਾਤਾ ਪ੍ਰੀਤਮ ਕੌਰ ਤੇ ਭਰਾ ਸੋਨਾ ਸਿੰਘ, ਸਵ. ਸਰਬਜੀਤ ਸਿੰਘ ਦੇ ਬੱਚੇ ਜੋਬਨਜੀਤ ਸਿੰਘ ਤੇ ਅਰਸਦੀਪ ਸਿੰਘ ਤੇ ਜਸਬੀਰ ਸਿੰਘ, ਲਖਬੀਰ ਸਿੰਘ ਜੋ ਕਿ ਸਾਰੇ ਭੱਠਿਆਂ ‘ਤੇ ਕੰਮ ਕਰਦੇ ਹਨ, ਇੱਥੇ ਪਿੰਡ ਕੋਟ ਧਰਮ ਚੰਦ ਕਲਾਂ ਵਿਖੇ ਰਹਿੰਦੇ ਹਨ। ਕੁਝ ਦਿਨ ਪਹਿਲਾਂ ਹੀ ਪਿੰਡ ਦੇ ਹੀ ਕੁਝ ਲੋਕਾਂ ਨਾਲ ਇਨ੍ਹਾਂ ਦੇ ਪਰਿਵਾਰ ਦਾ ਝਗੜਾ ਹੋਇਆ ਸੀ। ਇਨ੍ਹਾਂ ਹੀ ਲੋਕਾਂ ਨੇ ਸਾਡੇ ਪਰਿਵਾਰ ਦੇ 4 ਜੀਆਂ ਨੂੰ ਸੱਟਾਂ ਮਾਰੀਆਂ ਸਨ, ਜਿਨ੍ਹਾਂ ‘ਚ ਸੋਨਾ ਸਿੰਘ, ਅਰਸਦੀਪ ਸਿੰਘ, ਸਿਮਰਨ ਕੌਰ ਤੇ ਲਖਬੀਰ ਸਿੰਘ ਜਖਮੀ ਹੋਏ ਸਨ। ਇਸ ਸਬੰਧੀ ਪੁਲਸ ਨੂੰ ਦਰਖਾਸਤ ਵੀ ਦਿੱਤੀ ਗਈ ਸੀ ਤੇ ਮੈਡੀਕਲ ਲੀਗਲ ਰਿਪੋਰਟ ਵੀ ਥਾਣੇ ਪੁੱਜੀ ਪਰ ਪੁਲਸ ਨੇ ਸਵ. ਸਰਬਜੀਤ ਸਿੰਘ ਦੇ ਬੱਚੇ ਜੋਬਨਜੀਤ ਸਿੰਘ ਤੇ ਅਰਸਦੀਪ ਸਿੰਘ ਤੇ ਜਸਬੀਰ ਸਿੰਘ, ਲਖਬੀਰ ਸਿੰਘ ਜੋ ਕਿ ਸਾਰੇ ਭੱਠਿਆਂ ‘ਤੇ ਕੰਮ ਕਰਦੇ ਹਨ, ਇੱਥੇ ਪਿੰਡ ਕੋਟ ਧਰਮ ਚੰਦ ਕਲਾਂ ਵਿਖੇ ਰਹਿੰਦੇ ਹਨ। ਕੁਝ



ਦਿਨ ਪਹਿਲਾਂ ਹੀ ਪਿੰਡ ਦੇ ਹੀ ਕੁਝ ਲੋਕਾਂ ਨਾਲ ਇਨ੍ਹਾਂ ਦੇ ਪਰਿਵਾਰ ਦਾ ਝਗੜਾ ਹੋਇਆ ਸੀ। ਇਨ੍ਹਾਂ ਹੀ ਲੋਕਾਂ ਨੇ ਸਾਡੇ ਪਰਿਵਾਰ ਦੇ 4 ਜੀਆਂ ਨੂੰ ਸੱਟਾਂ ਮਾਰੀਆਂ ਸਨ, ਜਿਨ੍ਹਾਂ ‘ਚ ਸੋਨਾ ਸਿੰਘ, ਅਰਸਦੀਪ ਸਿੰਘ, ਸਿਮਰਨ ਕੌਰ ਤੇ ਲਖਬੀਰ ਸਿੰਘ ਜਖਮੀ ਹੋਏਕੋਈ ਕਾਰਵਾਈ ਨਹੀਂ ਕੀਤੀ, ਜਿਸ ਕਰਕੇ ਦੁਬਾਰਾ ਇਨ੍ਹਾਂ ਨੇ ਗੁੰਡਾਗਰਦੀ ਨੂੰ ਅੰਜਾਮ ਦਿੱਤਾ। ਉਨ੍ਹਾਂ ਕਿਹਾ ਕਿ ਉਕਤ ਲੋਕਾਂ ਨੇ ਜਿੱਥੇ ਘਰੇਲੂ ਸਾਮਾਨ ਪੱਖੇ, ਫਰਿੱਜਾਂ ਤੇ ਬੂਹੇ-ਬਾਰੀਆਂ ਤੋੜ ਦਿੱਤੇ ਤੇ ਉਨ੍ਹਾਂ ਦੇ ਘਰ ਆਏ ਰਿਸਤੇਦਾਰਾਂ ਦੇ 3 ਮੋਟਰਸਾਈਕਲ ਸਾੜ ਦਿੱਤੇ ਤੇ ਬਾਕੀ 4 ਐਕਟਿਵਾ ਸਮੇਤ ਮੋਟਰਸਾਈਕਲਾਂ ਦੀ ਬੁਰੀ ਤਰ੍ਹਾਂ ਤੋੜਭੰਨ ਕੀਤੀ। ਅਸੀਂ ਅੰਦਰ ਕਮਰੇ ‘ਚ ਵੜ ਕੇ ਜਾਨ ਬਚਾਈ। ਹਮਲਾਵਰਾਂ ਦੇ ਸਿਰ ‘ਤੇ ਇੰਨਾ ਜਨੂੰਨ ਸੀ ਕਿ ਸਾਨੂੰ ਮਾਰਨ ਲਈ ਇਕ ਕਮਰੇ ਦਾ ਬੂਹਾ ਵੀ ਤੋੜ ਦਿੱਤਾ ਤੇ ਦੂਸਰੇ ਕਮਰੇ ਦੀ ਕੰਧ ਪਾੜਨ ਤੱਕ ਵੀ ਗਏ। ਗੁੰਡੇ ਬਾਹਰ ਲੱਗੇ ਮੋਟਰਸਾਈਕਲ ਸਾੜ ਕੇ ਭੰਗੜਾ ਪਾਉਂਦੇ ਰਹੇ। ਉਨ੍ਹਾਂ ਦੇ ਪਰਿਵਾਰ ਤੇ ਬੱਚਿਆਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਬੀਤੀ ਰਾਤ ਵਾਰ-ਵਾਰ ਫੋਨ ਕਰਨ ‘ਤੇ ਪੁਲਸ ਨੇ ਆ ਕੇ ਸਾਨੂੰ ਬਾਹਰ ਕੱਢਿਆ ਤੇ ਸਾਡੀ ਜਾਨ ਬਚਾਈ। ਜਿ਼ਕਰਯੋਗ ਹੈ ਕਿ ਪੁਲਸ ਦੀ ਢਿੱਲੀ ਕਾਰਗੁਜਾਰੀ ਕਾਰਨ ਗੁੰਡਾਗਰਦੀ ਦਾ ਇਹ ਨੰਗਾ ਨਾਚ ਹੋਇਆ। ਇਸ ਸਬੰਧੀ ਐੱਸਐੱਚਓ ਗੁਰਚਰਨ ਸਿੰਘ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ, ਜਾਂਚ ਕਰਨ ਉਪਰੰਤ ਕਾਰਵਾਈ ਕੀਤੀ ਜਾ ਰਹੀ ਹੈ ਤੇ ਕਾਨੂੰਨ ਨੂੰ ਹੱਥ ‘ਚ ਲੈਣ ਵਾਲਿਆਂ ਖਿ਼ਲਾਫ ਕਾਰਵਾਈ ਕੀਤੀ ਜਾਵੇਗੀ।

## ਪੜ੍ਹਾਈ ‘ਚ ਬੱਚਿਆਂ ਦਾ ਮਨ ਲਾਉਣ ਲਈ ਜਲੰਧਰ ਦੇ ਨੌਜਵਾਨਾਂ ਨੇ ਤਿਆਰ ਕੀਤੀ ਇਹ ਖਾਸ ਐਪ

ਜਲੰਧਰ 1 ਅਕਤੂਬਰ। ਛੋਟੇ ਬੱਚਿਆਂ ਦੀ ਪੜ੍ਹਾਈ ਵਿੱਚ ਦਿਲਚਸਪੀ ਵਧਾਉਣ ਲਈ ਜਲੰਧਰ ਦੇ ਦੋ ਦੋਸਤਾਂ ਨੇ ਇਕ ਅਜਿਹੀ ਐਪ ਤਿਆਰ ਕੀਤੀ ਹੈ, ਜਿਸ ਰਾਹੀਂ ਬੱਚੇ ਕਿਤਾਬਾਂ ਨੂੰ ਸਕੈਨ ਕਰਕੇ 3ਡੀ ਵਿੱਚ ਵੇਖ ਸਕਦੇ ਹਨ ਅਤੇ ਇਸ ਨਾਲ ਉਨ੍ਹਾਂ ਨੂੰ ਪੜ੍ਹਾਈ ਦੌਰਾਨ ਆਸਾਨੀ ਨਾਲ ਯਾਦ ਰੱਖਣ ਵਿੱਚ ਮਦਦ ਮਿਲੇਗੀ। ਜਲੰਧਰ ਦੇ ਰਹਿਣ ਵਾਲੇ ਦੋ ਦੋਸਤ ਦੀਪਾਂਸ ਅਤੇ ਨਿਖਿਲ ਨੇ ਲੌਕਡਾਊਨ ਦੌਰਾਨ ਘਰ ਬੈਠੇ ਕਿਤਾਬਾਂ ਅਤੇ ਐਪ ਤਿਆਰ ਕੀਤੀ ਹੈ, ਜਿਸ ਦਾ ਨਾਂ ‘ਹੋਲੋ ਕਿਤਾਬ’ ਦਿੱਤਾ ਗਿਆ ਹੈ। ਦੀਪਾਂਸ ਦਾ ਕਹਿਣਾ ਹੈ ਕਿ ਉਸ ਨੇ ਜੀ. ਐੱਨ. ਡੀ. ਯੂ. ਕੈਂਪਸ ਜਲੰਧਰ ਵਿੱਚ ਬੀ. ਕਾਮ ਕੀਤੀ ਅਤੇ ਕੰਪਿਊਟਰ ਕੋਡਿੰਗ ਵੀ ਸਿੱਖੀ। ਇਸ ਦੌਰਾਨ ਗੇਮਾਂ ਤੋਂ ਆਈਡੀਆ ਆਇਆ ਤਾਂ 3ਡੀ ਗੇਮਾਂ ‘ਤੇ ਕੰਮ ਸੁਰੂ ਕੀਤਾ ਗਿਆ। ਉਹ ਕੰਪਿਊਟਰ ਵਿੱਚ ਕੋਡਿੰਗ ਸਿੱਖਣ ਲਈ ਸਮਾਂ ਕੱਢਦਾ ਸੀ, ਕਿਉਂਕਿ ਉਸ ਨੂੰ ਕੰਪਿਊਟਰ ਦਾ ਵਧੇਰੇ ਸੌਕੀਨ ਸੀ। 2018 ਵਿੱਚ ਬੀ. ਕਾਮ ਪਾਸ ਕੀਤੀ ਅਤੇ ਪੁਣੇ ਵਿੱਚ ਅਤੇ ਨਿਖਿਲ ਨੂੰ ਬੈਂਗਲੁਰੂ ਵਿੱਚ ਨੌਕਰੀ ਮਿਲੀ। ਜਦੋਂ ਕੋਵਿਡ ਦਾ ਦੌਰ ਆਇਆ ਤਾਂ ਤਾਲਾਬੰਦੀ ਲੱਗ ਗਿਆ। ਉਨ੍ਹਾਂ ਨੇ ਦੱਸਿਆ ਕਿ ਇਸ ਦੌਰਾਨ ਦੋਵਾਂ ਨੇ ਸੋਚਿਆ ਕਿ ਕਿਉਂ ਨਾ ਆਪਣੇ ਪੁਰਾਣੇ ਪ੍ਰੋਜੈਕਟ ਨੂੰ ਪੂਰਾ ਕੀਤਾ ਜਾਵੇ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਡਾ. ਆਸੀਸ ਦੇ ਸਲਾਹਕਾਰ ਦੇ ਅਧੀਨ ਇਕ ਪ੍ਰੋਡੈਕਟ ਬਣਾਇਆ ਤਾਂ ਉਨ੍ਹਾਂ ਨੇ ਬੱਚਿਆਂ ਲਈ ਇਕ ਵੱਖਰੀ ਕਿਤਾਬ ਤਿਆਰ ਕੀਤੀ, ਜਿਸ ਨੂੰ ਸਕੈਨ ਕੀਤਾ ਜਾ ਸਕਦਾ ਹੈ। ਇਸ ਨੂੰ ਬਜਾਰ ‘ਚ ਚੰਗਾ ਰਿਸਪਾਂਸ ਮਿਲਿਆ ਅਤੇ ਫਿਰ ਇਸ ਤੋਂ ਬਾਅਦ ‘ਹੋਲੋ ਬੁੱਕ ਐਪ’ ਬਣਾ ਕੇ ਸਟਾਰਟਅੱਪ ਨੂੰ ਤਿਆਰ ਕੀਤਾ। ਉਨ੍ਹਾਂ ਕਿਹਾ ਕਿ 8 ਪ੍ਰਾਜੈਕਟਾਂ ‘ਤੇ ਕੰਮ ਕਰ ਰਹੇ ਹਨ, ਜਿਸ ਦੀਆਂ ਵੱਖ-ਵੱਖ ਕਿਤਾਬਾਂ ਹਨ। ਉਨ੍ਹਾਂ ਕਿਤਾਬਾਂ ਵਿਚ ਸਾਫਟਵੇਅਰ ਪਾ ਕੇ ਤਿਆਰ ਕਰਦੇ ਹਨ ਅਤੇ ਫਿਰ ਐਪ ਜਰੀਏ ਬੱਚੇ ਐਪ ਉਸ ਕਿਤਾਬ ਨੂੰ ਸਕੈਨ ਕਰਨਗੇ ਤਾਂ ਬੱਚੇ ਇਸ ਨੂੰ 3ਡੀ ਰੂਪ ‘ਚ ਵੇਖਣਗੇ। ਸਟਾਰਟਅੱਪ ਲਈ ਉਨ੍ਹਾਂ ਨੂੰ ਪੰਜਾਬ ਸਰਕਾਰ ਤੋਂ 3 ਲੱਖ ਦੀ ਰਾਸੀ ਮਿਲੀ ਹੈ। ਸਹਿਰ ਦੀ ਵਸਨੀਕ ਐੱਮ.ਬੀ.ਏ. ਸ੍ਰੇਆ ਮੈਨੀ ਨੇ ਕੋਵਿਡ ਦੌਰਾਨ ਮੋਟੇ ਅਨਾਜ ਦਾ ਅਧਿਐਨ ਕਰਨ ਤੋਂ ਬਾਅਦ ਅਮੀਨੋ ਈਟਸ ਸਟਾਰਟਅੱਪ ਬਣਾਇਆ।


**ਉਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਵਿ. ਇੰਜੀ./ਕ.ਵਿ.ਡੀ.ਆਰ ਐਮ. ਆਫਿਸ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਕੰਮ ਲਈ ਖੁਲ੍ਹੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

| | | |
|---|---|---|
| 1 | ਕੰਮ ਦਾ ਨਾਮ ਤੇ ਸਥਾਨ | ਦਿੱਲੀ ਡਵੀਜਨ/ਉਤਰ ਰੇਲਵੇ ਦੇ ਦਿੱਲੀ ਉਪ-ਸ਼ਹਿਰੀ ਖੇਤਰ ਦੇ ਐਨਡੀਐਲਐਸ-ਸੀਪੀਵਾਈਜੇਡ ਅਨੁਭਾਗ ਵਿਚ 1 ਐਕਸ 25 ਕੇਵੀ ਓਐਚਈ ਸਿਸਟਮ ਨੂੰ 2 ਐਕਸ 25 ਕੇਵੀ ਓਐਚਈ ਸਿਸਟਮ ਵਿਚ ਤਬਦੀਲ ਕਰਨ ਦੇ ਲਈ ਮੌਜੂਦਾ ਓਐਚਈ ਵਿਵਸਥਾ ਵਿਚ ਸੰਸ਼ੋਧਨ ਦੀ ਜਰੂਰਤ ਹੈ। ਗਤੀ ਨੂੰ 160 ਕਿਮੀ ਪ੍ਰਤੀ ਘੰਟੇ ਤਕ ਵਧਾਉਣ ਦੇ ਸਬੰਧ ਵਿਚ ਡਫਰਿਨ ਬ੍ਰਿਜ ਤੇ ਐਸਐਸਪੀ ਦਾ ਡਿਜਾਈਨ, ਸਪਲਾਈ, ਨਿਰਮਾਣ ਪ੍ਰੀਖਸ਼ਣ ਅਤੇ ਕਮਿਸ਼ਨਿੰਗ ਸ਼ਾਮਲ ਹੈ। |
| 2 | ਅੰਦਾਜਨ ਲਾਗਤ | Rs. 9,08,67,668.32/- |
| 3 | ਬਿਆਨਾ ਰਾਸ਼ੀ | Rs. 6,04,300/- |
| 4 | ਈ-ਨਿਵਿਦਾ ਆਨਲਾਈਨ ਜਮ੍ਹਾ ਕਰਨ ਦਾ ਸਮਾਂ | 15.02.2024 (00.00 ਵਜੇ ) |
| 5 | ਈ-ਨਿਵਿਦਾ ਸਮਾਪਤੀ ਦੀ ਅੰਤਮ ਅਤੇ ਈ-ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ | 29.02.2024 (15.00 ਵਜੇ ) |
| 6 | ਨਿਵਿਦਾ ਛਪਾਈ ਦੀ ਲਾਗਤ | 00879732(EBR-IF) |
| 7 | ਵੈਬਸਾਈਟ ਵੇਰਵਾ ਜਿਥੋਂ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ। | www.ireps.gov.in |

ਨਿਵਿਦਾ ਸੰਖਿਆ: 42A-ਕ.ਵਿ.-ਨਵੀਂ ਦਿੱਲੀ-2023-24 ਮਿਤੀ : 05.02.2024 389/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**PUBLIC NOTICE**

I, hitherto known as Reena D/O SATPAL W/O RAM AVTAR R/O- 4534, SHORA KOTHI CHOWK,DAL MANDI, MAIN BAZAR, PAHAR GANJ CENTRAL DELHI, DELHI-110055 have changed my name and shall hereafter be known as REENA GUPTA.

**Sale / Purchase**

Plot no 121, Pocket A-3, Sector -34, Rohini, Delhi-110085 is free from any encumbrances and is available for sale. Contact: 8860507710 (Sh.Ashwani Sharma).

**NAME CHANGE**

I RAJESH KUMAR S/O JAGANATH SINGH R/O S-988 A C NAGAR NEELAM BATA ROAD, NIT, FARIDABAD-121001 HAVE CHANGE MY NAME TO RAJESH SINGH FOR ALL PURPOSE.

**NAME CHANGE**

I, HAFIZ MOHD ASGAR S/O MOHAMMAD AKHTAR Residing at H NO-V-235-A FIRST GALI NO-18-A VIJAY PARK MAUJPUR North East Delhi Delhi 110053 have changed my name to MOHAMMAD ASGAR KHAN for all future purpose.

**NAME CHANGE**

I, AKTA SURI W/O ASHWANI SURI residing at H NO-F-18/16, KRISHNA NAGAR, DELHI-110051 have changed my name to EKTA SURI for all future purpose.

**NAME CHANGE**

I, Durgesh Kumar s/o Ram Bachchan R/o Mohanpurva, Post-Peernagar, Ghazipur-133001, Uttar Pradesh have changed my name to Durgesh Kumar Pal for all future purposes

**NAME CHANGE**

I, ALKA YADAV wife of No-4587253K Rank-SEP, Name-GAJENDRA SINGH residing at VILL-RAMKHERA, PO-PREMPUR, TEHSIL-CHHIBRAMAU, DIST-KANNAUJ, U.P-209721 have changed my name from ALKA YADAV to ALKA all future purposes vide Affidavit dated 05/02/2024 before Notary Public Delhi.

**NAME CHANGE**

I, T BALAIAH father of No-15813408L Rank-NK, Name-SATISH THUMULURU presently residing at VPO-LEBURU, TEHSIL-INDUKURUPET, DIST-NELLORE, A.P-524314 have changed my name from T BALAIAH to THUMULURU BALAIAH for all future purposes and in my son's service records my date of birth wrongly mentioned as 20/04/1960 instead of my correct date of birth as 01/04/1953 Vide Affidavit dated 05/02/2024 before Notary Public Delhi.

**NAME CHANGE**

I, Sanjeet Singh Yadav S/o Ishwar Singh Yadav R/o J-5, Old Roshan Pura, Najafgarh, South West Delhi, New Delhi 110043. declare that Sanjeet Singh S/o Ishwar Singh Yadav and Sanjeet Singh Yadav S/o Ishwar Singh Yadav both are the same person.

**NAME CHANGE**

I,Rashid S/o Muzaffar sajid R/o 1239 Gali No 39/6 Jafrabad Delhi-53 have Changed my Name to Mohd Rashid for all future purposes

**NAME CHANGE**

I KAMLA GIRI D/O PARAMANAND GIRI R/O A-53, SECTOR-41, NOIDA, GAUTAM BUDH NAGAR, UTTAR PRADESH-201303 HAVE CHANGE MY NAME TO KAMYA GIRI FOR ALL PURPOSE.

**NAME CHANGE**

I, No-15421456M Rank-HAV Name-KOTHIMBIRE DNYANESHWAR LAXMAN S/O LAXMAN residing at VPO-KOLGAON, TEH-SHRIGONDA, DIST-AHMEDNAGAR, MAHARASHTRA-413728 have changed my minor son's name from SAMARTH to SAMARTH DNYANESHWAR KOTHIMBIRE for all future purposes vide affidavit dated 05/02/2024 before Notary Public, Delhi.

**NAME CHANGE**

I, THUMULURU SRAVANI wife of No-15813408L Rank-NK, Name-SATISH THUMULURU residing at VPO-LEBURU, TEHSIL-INDUKURUPET, DIST-NELLORE, A.P-524314 have changed my name from THUMULURU SRAVANI to SRAVANI THUMULURU for all future purposes vide Affidavit Dated 05/02/2024 before Notary Public, Delhi.

**NAME CHANGE**

I, T BUDAMANH mother of No-15813408L Rank-NK, Name-SATISH THUMULURU presently residing at VPO-LEBURU, TEHSIL-INDUKURUPET, DIST-NELLORE, A.P-524314 have changed my name from T BUDAMANH to THUMULURU PADMAMMA for all future purposes and in my son's service records my date of birth wrongly mentioned as 10/02/1970 instead of my correct date of birth as 01/01/1971 Vide Affidavit dated 05/02/2024 before Notary Public Delhi.

**NAME CHANGE**

I, ANDALA KANTAMMA Wife of No. 4583476k Rank-NK Name-DUBBA RAJARAO Permanent address VILL-GOLLAKANCHILI, PO+TEH-KANCHILI, DIST-SRIKAKULAM, ANDHRA PRADESH-532290 have changed my name from ANDALA KANTAMMA to DUBBA KANTHAMMA for all future purposes and in my husband's service records my date of birth wrongly mentioned as 11/11/1995 instead of my correct date of birth as 15/08/1995 vide affidavit dated 05/02/2024 before Notary Public, Delhi.

**NAME CHANGE**

I, INTIZAR S/O IZAZUL AHMED Residing at H NO-A-366 NEW A-606 GALI NO-3 NEAR INSHA ALLAH MASJID CHAUHAN BANGER Seelampur North East Delhi Delhi 110053 have changed my name to INTIZAR GHAZI for all future purpose.

**NAME CHANGE**

I, Ram Bachan s/o Dukhi Ram R/o Mohanpurva, Post-Peernagar, Ghazipur-133001, Uttar Pradesh have changed my name to Ram Bachchan for all future purposes

**PUBLIC NOTICE**

It is for general information that I PRIYA CHAUHAN D/O ASHOK KUMAR R/O H.NO:- C-408/09, JJ COLONY, PHASE 2, NANGLOI, DELHI-110041 declare that the name of my father has been wrongly written as ASHOK CHAUHAN in my 12th,BA & MA class Educational document . The actual name of my father is ASHOK KUMAR respectively which may be amended accordingly.

**PUBLIC NOTICE**

It is for general information that I THARK BAHADUR THAPA S/O- B .B. SINGH THAPA R/O H.N.-230, Campa cola ,Tekhand Village , VTC OKHLA, PHASE-1, DISTRICT- SOUTH DELHI, DELHI -110020 declare that name of mine has been wrongly written as THARAK BAHADUR in my minor son namely NAVEEN THAPA aged 16 years in his 10th class Educational document . The actual name of mine is THARK BAHADUR THAPA respectively which may be amended accordingly.

**PUBLIC NOTICE**

General Public is hereby informed that my clients Mr. Rajinder Singh and his wife Kailash Wati R/o H.No.90 Haddu Mohalla Madanpur Khadar Near Shiv Mandir New Delhi-110076, have severed all their relations with their son Titu Singh and his wife Rina Devi and their children Dhruv Bidhuri and Kirti Bidhuri due to their bad Habits. My above named clients has also disowned and debarred their said son, his wife and their children from all their movable and immovable properties. Anybody dealing with them will do so at their own risk and responsibilities and my above named clients will not be responsible for any act, deed or dealing done by their son his wife and their children.

KESHAV BHARDWAJ
(ADVOCATE AND LEGAL CONSULTANT)

**NAME CHANGE**

I, RUKSANA BIBI Wife of No. 4583172M Rank-NK Name-SAIFULLA GAZI Permanent address VPO-BARUNHAT, PS-HASNABAD, DIST-NORTH 24 PARGANAS, PIN-743426 have changed my name from RUKSANA BIBI to RUKSANA PARVIN for all future purposes and in my husband's service records my date of birth wrongly mentioned as 18/09/1995 instead of my correct date of birth as 18/09/1998 vide affidavit dated 05/02/2024 before Notary Public, Delhi.

**NAME CHANGE**

I hitherto known as ANJU BALA D/o GARIB DASS, and W/o AMRIK SINGH, residing at VPO Jandoli, Distt. Hoshiarpur, Punjab-146102, have changed my name and shall hereafter be known as ANJU. .

**NAME CHANGE**

I, km. shamima begum W/O zafrul hai khan residing at l-49-a, first floor, abul fazal enclave-1, jamia nagar, okhla, delhi-110025 have changed my name to shamima khatoon for all future purpose.

**NAME CHANGE**

I, RANJNA SINGH Wife of No. 4292156X Rank-NK Name-KUNDAN KUMAR SINGH R/o VILL-BALIGUMA, PO-MGM, TEH-KARANDI, DIST-EAST SINGHBHUM, JHARKHAND-831018 have changed my name from RANJNA SINGH to RANJNA KUMARI for all future purposes vide affidavit dated 05/02/2024 before Executive Magistrate, Delhi.

**NAME CHANGE**

I, BATASO DEVI Mother of No. 4292156X Rank-NK Name-KUNDAN KUMAR SINGH R/o VILL-BALIGUMA, PO-MGM, TEH-KARANDI, DIST-EAST SINGHBHUM, JHARKHAND-831018 have changed my name from BATASO DEVI to DHARMSHILA DEVI for all future purposes vide affidavit dated 05/02/2024 before Executive Magistrate, Delhi.

**PUBLIC NOTICE**

General Public is hereby informed that my clients Mr. Rajinder Singh and his wife Kailash Wati R/o H.No.90 Haddu Mohalla Madanpur Khadar Near Shiv Mandir New Delhi-110076, have severed all their relations with their son Devender Singh and his wife Meena Devi and their children Lucky Bidhuri and Rajet Bidhuri due to their bad Habits. My above named clients has also disowned and debarred their said son, his wife and their children from all their movable and immovable properties. Anybody dealing with them will do so at their own risk and responsibilities and my above named clients will not be responsible for any act, deed or dealing done by their son his wife and their children.

KESHAV BHARDWAJ
(ADVOCATE AND LEGAL CONSULTANT)

**NAME CHANGE**

I, SANJAY JAISWAL S/O KEDAR PARSAD JAISWAL residing at B-86 2ND FLOOR GALI NO-23 RAJA PURI UTTAM NAGAR DELHI-110059 have changed my name to SANJAY KUMAR JAISWAL for all future purpose.

**PUBLIC NOTICE**

I, hitherto known as AMARDEEP KAUR alias AMAN SAREEN D/O SHUKER SINGH W/O RAJNISH KUMAR, residing at-11/6, Poorvi Marg, Vasant Vihar, south west, Delhi-110057 ,have changed my name and shall hereafter be known as AMAN SAREEN.

# ਬਸੰਤ ਪੰਚਮੀ ਦੇ ਸਾਲਾਨਾ ਜੋੜ ਮੇਲ ਦੀਆਂ ਆਰੰਭੀਆਂ ਤਿਆਰੀਆਂ, ਧਾਰਮਕ ਪੋਸਟਰ ਰਿਲੀਜ਼

## ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਹੋਣਗੇ ਧਾਰਮਕ ਸਮਾਗਮ : ਜਥੇਦਾਰ ਲਾਛੜੂ



ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦੇ ਸਾਲਾਨਾ ਜੋੜ ਸਬੰਧੀ ਧਾਰਮਕ ਪੋਸਟਰ ਰਿਲੀਜ਼ ਕਰਦੇ ਹੋਏ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਅਤੇ ਮੈਨੇਜਰ ਕਰਨੈਲ ਸਿੰਘ।

**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ਵਿਚ ਇਸ ਵਾਰ ਵੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਵਿਖੇ ਮਨਾਏ ਜਾਣ ਵਾਲੇ ਸਾਲਾਨਾ ਬਸੰਤ ਪੰਚਮੀ ਜੋੜ ਮੇਲ ਨੂੰ ਲੈ ਕੇ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ, ਜਿਸ ਤਹਿਤ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਧਾਰਮਕ ਸਮਾਗਮ ਵਾਲਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਸਮੇਤ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਬਸੰਤ ਪੰਚਮੀ ਦੇ ਜੋੜ ਮੇਲ ਦੌਰਾਨ ਕਰਵਾਏ ਜਾਣ ਵਾਲੇ ਧਾਰਮਕ ਸਮਾਗਮ ਵਾਲਾ ਪੋਸਟਰ ਰਿਲੀਜ਼ ਕਰਨ ਮੌਕੇ ਗੱਲਬਾਤ ਕਰਦਿਆਂ ਜਥੇਦਾਰ ਜਸਮੇਰ ਸਿੰਘ ਲਾਛੜੂ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਬਸੰਤ ਪੰਚਮੀ ਦੇ ਜੋੜ ਮੇਲ ਨੂੰ ਸੰਗਤਾਂ ਦੇ ਸਹਿਯੋਗ ਨਾਲ ਜੋਸ਼ੋ ਖਰੋਸ਼ ਨਾਲ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਸੰਤ ਪੰਚਮੀ ਦੇ ਸਾਲਾਨਾ ਜੋੜ ਮੇਲ ਦੀ ਸ਼ੁਰੂਆਤ 12 ਫਰਵਰੀ ਤੋਂ ਹੋਵੇਗੀ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਤੋਂ ਬਾਅਦ ਲੜੀਵਾਰ ਧਾਰਮਕ ਸਮਾਗਮ ਕਰਵਾਏ ਜਾਣਗੇ, ਜਿਨ੍ਹਾਂ ਦੀ ਸਮਾਪਤੀ ਬਸੰਤ ਰਾਗ ਨਾਲ 14 ਫਰਵਰੀ ਨੂੰ ਹੋਵੇਗੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਕਰਨੈਲ ਸਿੰਘ ਵਿਰਕ ਨੇ ਦੱਸਿਆ ਕਿ ਜੋੜ ਮੇਲ ਦੌਰਾਨ ਕਵੀ ਦਰਬਾਰ, ਕੀਰਤਨ ਦਰਬਾਰ, ਢਾਡੀ ਦਰਬਾਰ ਤੋਂ ਇਲਾਵਾ ਬਸੰਤ ਰਾਗ ਕੀਰਤਨ ਦੌਰਾਨ ਸਮਾਗਮ ਕਰਵਾਇਆ ਜਾਵੇਗਾ, ਜਿਨ੍ਹਾਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਹਜ਼ੂਰੀ ਰਾਗੀਆਂ ਸਮੇਤ ਪ੍ਰਸਿੱਧ ਰਾਗੀ ਢਾਡੀ ਅਤੇ ਉਚ ਕੋਟੀ ਦੇ ਕਵੀ ਵੀ ਆਪਣੀਆਂ ਰਚਨਾਵਾਂ ਤੇ ਗੁਰੂ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਜਰਨੈਲ ਸਿੰਘ ਮਕਰੌੜ ਸਾਹਿਬ, ਮਨਦੀਪ ਸਿੰਘ ਭਲਵਾਨ, ਅਕਾਊਟੈਂਟ ਵਰਿੰਦਰ ਸਿੰਘ ਗੋਲਡੀ, ਸਰਬਜੀਤ ਸਿੰਘ, ਹਰਵਿੰਦਰ ਸਿੰਘ ਕਾਹਲਵਾਂ, ਗੁਰਤੇਜ ਸਿੰਘ ਆਦਿ ਤੇ ਸਮੂਹ ਸਟਾਫ ਮੈਂਬਰ ਸ਼ਾਮਲ ਸਨ।

# ਵਾਹਨ ਚਲਾਉਂਦੇ ਸਮੇਂ ਹੈਲਮਟ ਦੀ ਵਰਤੋਂ ਨਾ ਕਰਨਾ ਅਤੇ ਮੋਬਾਇਲ ਫ਼ੋਨ ਦੀ ਵਰਤੋਂ ਬਣਦੀ ਹੈ ਐਕਸੀਡੈਂਟ ਦਾ ਕਾਰਨ: ਇੰਸਪੈਕਟਰ ਜੋਗਿੰਦਰ



ਸੜਕ ਸੁਰੱਖਿਆ ਮਹੀਨੇ ਤਹਿਤ ਇੰਸਪੈਕਟਰ ਜੋਗਿੰਦਰ ਸਿੰਘ, ਇੰਸਪੈਕਟਰ ਰਾਮਕੇਸ,ਏ ਐਸ ਆਈ ਦਲੇਰ ਸਿੰਘ,ਸਟੇਟ ਐਵਾਰਡੀ ਪਰਮਿੰਦਰ ਭਲਵਾਨ , ਗੱਡੀਆਂ ਉਪਰ ਰਫਲੈਕਟਲਰ ਲਗਾਉਂਦੇ ਹੋਏ ਅਤੇ ਹੋਰ

**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਟ੍ਰੈਫਿਕ ਪੁਲਿਸ ਪਟਿਆਲਾ ਵਲੋਂ ਸੜਕ ਸੁਰੱਖਿਆ ਮਹੀਨੇ ਸਬੰਧੀ ਵੱਖ ਵੱਖ ਵਾਹਨਾਂ ਉਪਰ ਰਫਲੈਕਟਲਰ ਲਗਾਉਣ ਲਈ ਸਮਾਜ ਸੇਵੀ ਸੰਸਥਾਵਾਂ ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ,ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਸ਼ੇਰਾਂ ਵਾਲਾ ਗੇਟ ਵਿਖੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਇੰਸਪੈਕਟਰ ਜੋਗਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਟ੍ਰੈਫਿਕ ਪੁਲਿਸ ਪਟਿਆਲਾ ਅਤੇ ਇੰਸਪੈਕਟਰ ਰਾਮਕੇਸ ਰੇਜ ਅਫ਼ਸਰ ਸੜਕ ਸੁਰੱਖਿਆ ਫੋਰਸ ਪਟਿਆਲਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਏ ਐਸ ਆਈ ਦਲੇਰ ਸਿੰਘ ਇੰਚਾਰਜ ਸਿਟੀ 1 ਟ੍ਰੈਫਿਕ ਪਟਿਆਲਾ ਅਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੂਵਾ ਸਾਂਝ ਕਮੇਟੀ ਪਟਿਆਲਾ ਨੇ ਕੀਤੀ। ਵਿਸ਼ੇਸ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ, ਏ ਐਸ ਆਈ ਜਗਮਿੰਦਰ ਸਿੰਘ ਬੁੱਟਰ,ਰੁਦਰਪ੍ਰਤਾਪ ਸਿੰਘ, ਜਸਪਾਲ ਟਿੱਕਾ,ਜਪਨੀਤ ਸਿੰਘ,ਜਸ਼ਨਜੋਤ ਸਿੰਘ, ਲੱਕੀ ਹਰਦਾਸਪੁਰ, ਸਾਹਿਬਜੀਤ ਸਿੰਘ, ਗੁਰਮਨਜੋਤ ਕੌਰ, ਗੁਰਕੀਰਤ ਸਿੰਘ ਨੇ ਸ਼ਿਰਕਤ ਕੀਤੀ, ਇਸ ਮੌਕੇ ਇੰਸਪੈਕਟਰ ਜੋਗਿੰਦਰ ਸਿੰਘ ਜ਼ਿਲ੍ਹਾ ਇੰਚਾਰਜ ਟ੍ਰੈਫਿਕ ਪੁਲਿਸ ਪਟਿਆਲਾ ਅਤੇ ਇੰਸਪੈਕਟਰ ਰਾਮਕੇਸ ਰੇਜ ਅਫ਼ਸਰ ਸੜਕ ਸੁਰੱਖਿਆ ਫੋਰਸ, ਏ.ਐਸ.ਆਈ ਦਲੇਰ ਸਿੰਘ ਇੰਚਾਰਜ ਸਿਟੀ 1 ਟ੍ਰੈਫਿਕ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋਂ ਸੜਕ ਸੁਰੱਖਿਆ ਮਹੀਨੇ ਤਹਿਤ ਵਾਹਨਾਂ ਉਪਰ ਰਫਲੈਕਟਲਰ ਲਗਾਉਣੇ ਪ੍ਰਸੰਸਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਵਾਹਨ ਚਾਲਕਾਂ ਦਾ ਆਪਣੇ ਦੋ ਪਹੀਆ ਵਾਹਨ ਉਪਰ ਹੈਲਮਟ ਅਤੇ ਚਾਰ ਪਹੀਆ ਵਾਹਨ ਚਲਾਉਂਦੇ ਹੋਏ ਸੀਟ ਬੈਲਟ ਦੀ ਵਰਤੋਂ ਨਾ ਕਰਨਾ ਅਤੇ ਮੋਬਾਇਲ ਫੋਨ ਦੀ ਵਰਤੋਂ ਐਕਸੀਡੈਂਟ ਦਾ ਮੁੱਖ ਕਾਰਨ ਬਣਦੀ ਹੈ ਇਸ ਲਈ ਵਾਹਨ ਚਾਲਕ ਪੂਰੀ ਸੂਝਬੂਝ ਨਾਲ ਵਾਹਨ ਚਲਾਉਣ ਅਤੇ ਓਵਰਟੇਕ ਨਾ ਕਰਨ ਸਪੀਡ ਹੋਲੀ ਰੱਖਣ ਅਤੇ ਟਰੈਫਿਕ ਨਿਯਮਾ ਦੀ ਪਾਲਣਾਂ ਕਰਨ।

ਉਹਨਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਿਆਕਤੀਆਂ ਨਾਲ ਸਖ਼ਤੀ ਕੀਤੀ ਜਾਵੇਗੀ ਅਤੇ ਉਹਨਾਂ ਦੇ ਚਲਾਨ ਕੱਟੇ ਜਾਣਗੇ, ਇਸ ਮੌਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋਂ ਸੜਕ ਸੁਰੱਖਿਆ ਮਹੀਨੇ ਤਹਿਤ ਹੁਣ ਤੱਕ ਪਟਿਆਲਾ ਜ਼ਿਲ੍ਹੇ ਵਿੱਚ ਵੱਖ ਵੱਖ ਥਾਵਾਂ ਉਪਰ ਪਟਿਆਲਾ ਟਰੈਫਿਕ ਪੁਲਿਸ ਦੇ ਸਹਿਯੋਗ ਨਾਲ ਹੁਣ ਤੱਕ ਵੱਖ ਵੱਖ ਵਾਹਨਾਂ ਉਪਰ ਤਕਰੀਬਨ 2000 ਤੋਂ ਉੱਪਰ ਰਫਲੈਕਟਲਰ ਲਗਾਏ ਜਾ ਚੁੱਕੇ ਹਨ ਅਤੇ ਇਹ ਮੁਹਿੰਮ ਅੱਗੇ ਵੀ ਜਾਰੀ ਰਹੇਗੀ।

# ਸੰਸਦ ਮੈਂਬਰ ਸਾਹਨੀ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ 2.25 ਕਰੋੜ ਰੁਪਏ ਦੀ ਗਰਾਂਟ ਦੇਣ ਦਾ ਐਲਾਨ

## ਵਾਈਸ ਚਾਂਸਲਰ ਵੱਲੋਂ ਵਿਦਿਆਰਥੀਆਂ ਲਈ ਲਾਏ ਜਾਂਦੇ ਮੇਲਿਆਂ ਦਾ ਪਸਾਰ ਕਰਨ ਦੀ ਲੋੜ 'ਤੇ ਜ਼ੋਰ

**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਤੋਂ ਸੰਸਦ ਮੈਂਬਰ ਸ. ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬੀ ਯੂਨੀਵਰਸਿਟੀ ਨੂੰ 2.25 ਕਰੋੜ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਹੈ। ਅੱਜ ਏਥੇ 37ਵੇਂ ਨਾਰਥ ਜ਼ੋਨ ਅੰਤਰ ਰਾਸ਼ਟਰੀ ਯੁਵਕ ਮੇਲੇ ਦੇ ਸਮਾਪਤੀ ਸਮਰੋਹ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਸੂਬੇ ਦੀ ਸ਼ਾਨਦਾਰ ਵਿਰਾਸਤ ਹੈ ਅਤੇ ਇਸ ਨੂੰ ਸੰਭਾਲਣ ਤੇ ਇਸ ਦੇ ਪਸਾਰ ਲਈ ਉਹ ਹਰ ਯੋਗਦਾਨ ਦੇਣਗੇ। ਉਨ੍ਹਾਂ ਨੇ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਾਸਤੇ ਇੱਕ ਹੋਰ ਰੀਡਿੰਗ ਹਾਲ ਬਣਾਉਣ ਲਈ ਦੋ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਤਾਂ ਜੋ ਇਸ ਦੇ ਨੌ ਹਜ਼ਾਰ ਤੋਂ ਵਧੇਰੇ ਵਿਦਿਆਰਥੀ ਇਸ ਦਾ ਪੂਰਾ ਲਾਭ ਉਠਾ ਸਕਣ। ਉਹਨਾਂ ਨੇ ਗੁਰੂ ਤੇਗ ਬਹਾਦਰ ਐਡੀਟੋਰੀਅਮ ਵਾਸਤੇ 25 ਲੱਖ ਰੁਪਏ ਦੀ ਵਿੱਤੀ ਮਦਦ ਦੇਣ ਦਾ ਵੀ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਗੁਰੂ ਤੇਗ ਬਹਾਦਰ ਐਡੀਟੋਰੀਅਮ ਉਤਰੀ ਜ਼ੋਨ ਦਾ ਸਭ ਤੋਂ ਸ਼ਾਨਦਾਰ ਐਡੀਟੋਰੀਅਮ ਹੋਵੇ ਅਤੇ ਵਿਦਿਆਰਥੀਆਂ ਦੀਆਂ ਵੱਧ ਤੋਂ ਵੱਧ ਗਤੀਵਿਧੀਆਂ ਏਥੇ ਹੀ ਹੋਣ। ਇਸ ਦੌਰਾਨ ਉਨ੍ਹਾਂ ਨੇ ਆਪਣੀ ਪੜ੍ਹਾਈ ਦੌਰਾਨ ਯੂਨੀਵਰਸਿਟੀ ਵਿੱਚ ਬਿਤਾਏ ਗਏ ਪਲਾਂ ਨੂੰ ਯਾਦ ਕੀਤਾ ਅਤੇ ਅਜਿਹਾ ਕਰਦੇ ਹੋਏ ਉਹ ਬਹੁਤ ਹੀ ਭਾਵੁਕ ਦਿਖਾਈ ਦਿੱਤੇ।

ਇਸ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਨਾਰਥ ਜ਼ੋਨ ਅੰਤਰ ਰਾਸ਼ਟਰੀ ਯੁਵਕ ਮੇਲੇ ਦੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਬਾਕੀ ਵਿਦਿਆਰਥੀਆਂ ਨੂੰ ਹੋਰ ਵਧੇਰੇ ਮਿਹਨਤ ਕਰਨ ਦੀ ਸਲਾਹ ਦਿੱਤੀ ਤਾਂ ਜੋ ਉਹ ਭਵਿੱਖ ਵਿੱਚ ਵਧੀਆ ਨਤੀਜੇ ਕੱਢ ਸਕਣ। ਵਾਈਸ ਚਾਂਸਲਰ ਨੇ ਕਿਹਾ ਕਿ ਉਹ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ ਵਧੀਆਂ ਸਹੂਲਤਾਂ ਦੇਣ ਲਈ ਦ੍ਰਿੜ ਹਨ ਅਤੇ ਉਹ ਇਸ ਵਾਸਤੇ ਲਗਾਤਰ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਲਈ ਲਾਏ ਜਾਂਦੇ ਮੇਲਿਆਂ ਦਾ ਪਸਾਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਮੇਲੇ ਵਿਦਿਆਰਥੀਆਂ ਦੇ ਵਿਕਾਸ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਯੂਨੀਵਰਸਿਟੀ ਲਈ ਗਰਾਂਟ ਦੇਣ ਦਾ ਸ. ਸਾਹਨੀ ਦਾ ਧਨਵਾਦ ਕੀਤਾ। ਇਸ ਮੌਕੇ ਏ.ਆਈ.ਯੂ. ਦੇ ਅਬਜ਼ਰਬਰ ਡਾ. ਐਸ.ਕੇ. ਸ਼ਰਮਾ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।

ਇਸ ਤੋਂ ਪਹਿਲਾਂ ਵੀ.ਸੀ. ਦਫਤਰ ਵਿਖੇ ਯੂਨੀਵਰਸਿਟੀ ਦੀ ਕੰਮ ਕਾਜ ਸਬੰਧੀ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਨਾਲ ਵਿਚਾਰ ਵਿਟਾਂਦਰਾ ਕਰਦੇ ਹੋਏ ਸੰਸਦ ਮੈਂਬਰ ਸਰਦਾਰ ਵਿਕਰਮਜੀਤ ਸਿੰਘ ਸਾਹਨੀ ਨੇ ਯੂਨੀਵਰਸਿਟੀ ਦੇ ਪਸਾਰ ਲਈ ਆਪਣੇ ਵੱਲੋਂ ਹਰ ਮਦਦ ਦੇਣ ਦਾ ਭਰੋਸਾ ਦਵਾਇਆ। ਉਹਨਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਹੋਣ ਦੇ ਨਾਤੇ ਇਸ ਯੂਨੀਵਰਸਿਟੀ ਦੇ ਵਿਕਾਸ ਵਾਸਤੇ ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਬਣਦੀ ਹੈ ਅਤੇ ਉਹ ਇਹ ਜ਼ਿੰਮੇਵਾਰੀ ਹਰ ਹਾਲਤ ਵਿੱਚ ਨਿਭਾਉਂਦੇ ਰਹਿਣਗੇ ਇਸ ਦੌਰਾਨ ਪ੍ਰੋ. ਅਰਵਿੰਦ ਨੇ ਪਿਛਲੇ ਸਮੇਂ ਦੌਰਾਨ ਯੂਨੀਵਰਸਿਟੀ ਦੀਆਂ ਆਰਥਿਕ ਹਾਲਤਾਂ ਸਧਾਰਨ ਲਈ ਚੁੱਕੇ ਗਏ ਕਦਮਾਂ ਬਾਰੇ ਸਾਹਨੀ ਨੂੰ ਜਾਣੂ ਕਰਾਇਆ। ਉਹਨਾਂ ਦੱਸਿਆ ਕਿ ਯੂਨੀਵਰਸਿਟੀ ਦੇ ਕੰਮ ਕਾਜ ਦੇ ਸੰਬੰਧ ਵਿੱਚ ਵੱਖ ਵੱਖ ਪੱਖਾਂ ਤੋਂ ਕੀਤੇ ਗਏ ਸੁਧਾਰਾਂ ਦੇ ਨਤੀਜੇ ਵਜੋਂ ਪਹਿਲਾਂ ਦੇ ਮੁਕਾਬਲੇ ਵਿੱਤੀ ਸਥਿਤੀ ਬੇਹਤਰ ਹੋਈ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਯੂਨੀਵਰਸਿਟੀ ਦੀ ਗਰਾਂਟ 12 ਕਰੋੜ ਰੁਪਏ ਤੋਂ ਵਧਾ ਕੇ 30 ਕਰੋੜ ਰੁਪਏ ਪ੍ਰਤੀ ਮਹੀਨਾ ਕੀਤੀ ਗਈ ਹੈ। ਇਸ ਦੇ ਨਤੀਜੇ ਵਜੋਂ ਯੂਨੀਵਰਸਿਟੀ ਆਰਥਿਕ ਸੰਕਟ ਵਿੱਚੋਂ ਨਿਕਲਣ ਚ ਸਫਲ ਹੋਈ ਹੈ। ਇਸ ਕਰਕੇ ਉਹ ਸਰਕਾਰ, ਵਿਦਿਆਰਥੀਆਂ ਅਤੇ ਲੋਕਾਂ ਦੀਆਂ ਖਾਹਿਸ਼ਾਂ ਨੂੰ ਪੂਰੀਆਂ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ ਅਤੇ ਪੰਜਾਬੀ ਯੂਨੀਵਰਸਿਟੀ ਨੂੰ ਇੱਕ ਸ਼ਾਨਦਾਰ ਮੁਕਾਮ ਤੇ ਪਹੁੰਚਾਇਆ ਜਾਵੇਗਾ। ਇਸ ਦੌਰਾਨ ਸ. ਸਾਹਨੀ ਨੇ ਯੂਨੀਵਰਸਿਟੀ ਦੇ ਪਸਾਰ ਅਤੇ ਨਵੇਂ ਕੋਰਸ ਸ਼ੁਰੂ ਕਰਨ ਦੇ ਸੰਬੰਧ ਵਿੱਚ ਵੀ ਪ੍ਰੋ. ਅਰਵਿੰਦ ਨਾਲ ਵਿਚਾਰ ਚਰਚਾ ਕੀਤੀ। ਪ੍ਰੋ. ਅਰਵਿੰਦ ਨੇ ਦੱਸਿਆ ਕਿ ਇਸ ਸਬੰਧ ਵਿੱਚ ਪਹਿਲਾਂ ਹੀ ਕੁਝ ਕਦਮ ਚੁੱਕੇ ਗਏ ਹਨ। ਉਨ੍ਹਾਂ ਨੇ ਯੂਨੀਵਰਸਿਟੀ ਦੇ ਮੋਹਾਲੀ ਸੈਂਟਰ ਵਿੱਚ ਕੁਝ ਨਵੇਂ ਕੋਰਸ ਸ਼ੁਰੂ ਕਰਨ ਦੀ ਸਰਦਾਰ ਸਾਹਨੀ ਨੂੰ ਜਾਣਕਾਰੀ ਦਿੱਤੀ ਇਸ ਦੌਰਾਨ ਸ. ਸਾਹਨੀ ਨੇ ਯੂਨੀਵਰਸਿਟੀ ਦੇ ਖੇਤਰੀ ਸੈਂਟਰਾਂ ਦੇ ਪਸਾਰ ਲਈ ਵੀ ਜ਼ਰੂਰੀ ਫੰਡ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਨੇ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਵਿਸ਼ੇਸ਼ ਸਹਾਇਤਾ ਲਈ ਵੀ ਖਾਹਿਸ਼ ਪ੍ਰਗਟ ਕੀਤੀ।

ਇਸ ਮੌਕੇ ਵਾਈਸ ਚਾਂਸਲਰ ਦੇ ਨਿੱਜੀ ਸਕੱਤਰ ਡਾ. ਨਾਗਰ ਸਿੰਘ, ਡਾਇਰੈਕਟਰ ਸਪੋਰਟਸ ਡਾ. ਅਜੀਤਾ, ਯੁਵਕ ਭਲਾਈ ਦੇ ਇਨਚਾਰਜ ਡਾ. ਗਗਨ ਥਾਪਾ ਅਤੇ ਐਨ.ਐਸ.ਐਸ. ਕੋਆਰਡੀਨੇਟਰ ਸ੍ਰੀਮਤੀ ਮਮਤਾ ਸ਼ਰਮਾ ਵੀ ਹਾਜ਼ਰ ਸਨ।

# ਪੰਜਾਬੀ ਯੂਨੀਵਰਸਿਟੀ ਵਿਖੇ ਚੱਲ ਰਿਹਾ 37ਵਾਂ ਏ.ਆਈ.ਯੂ. ਨੌਰਥ ਜ਼ੋਨ ਅੰਤਰ-ਵਰਿਸਟੀ ਯੁਵਕ ਮੇਲਾ ਸੰਪੰਨ

**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵਿਖੇ ਚੱਲ ਰਿਹਾ 37ਵਾਂ ਏ.ਆਈ.ਯੂ. ਨੌਰਥ ਜ਼ੋਨ ਅੰਤਰ-ਵਰਸਿਟੀ ਯੁਵਕ ਮੇਲਾ ਸਫਲਤਾ ਨਾਲ਼ ਸੰਪੰਨ ਹੋ ਗਿਆ। ਮੇਲੇ ਦੇ ਆਖਰੀ ਦਿਨ ਰੱਖੇ ਵਿਦਾਇਗੀ ਸੈਸ਼ਨ ਵਿੱਚ ਪੰਜਾਬ ਤੋਂ ਰਾਜ ਸਭਾ ਮੈਂਬਰ ਸ੍ਰ. ਵਿਕਰਮਜੀਤ ਸਿੰਘ ਸਾਹਨੀ ਨੇ ਮੁੱਖ ਮਹਿਮਾਨ ਵਜੋਂ ਸਿ ?ਰਕਤ ਕੀਤੀ। ਵਾਈਸ ਚਾਂਸਲਰ ਪ੍ਰੋ. ਅਰਵਿੰਦ ਅਤੇ ਮੁੱਖ ਮਹਿਮਾਨ ਸ੍ਰ. ਸਾਹਨੀ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ।ਸੰਗੀਤ ਨਾਲ਼ ਸੰਬੰਧਤ ਵੱਖ-ਵੱਖ ਕਲਾ-ਵੰਨਗੀਆਂ ਵਿੱਚ ਲਵਲੀ ਯੂਨੀਵਰਸਿਟੀ, ਜਲੰਧਰ ਓਵਰਆਲ ਚੈਂਪੀਅਨ ਰਹੀ। ਦੂਜੇ ਸਥਾਨ ਉੱਤੇ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਅਤੇ ਤੀਜੇ ਸਥਾਨ ਉੱਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਰਹੇ।ਥੀਏਟਰ ਦੀ ਓਵਰਆਲ ਟਰਾਫ਼ੀ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਨੇ ਜਿੱਤੀ।ਇਸ ਖੇਤਰ ਵਿੱਚ ਦੂਜਾ ਸਥਾਨ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਜਲੰਧਰ ਅਤੇ ਤੀਜਾ ਸਥਾਨ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਹਾਸਲ ਕੀਤਾ।ਸਾਹਿਤ ਕਲਾਵਾਂ ਦੇ ਮੁਕਾਬਲਿਆਂ ਵਿੱਚ ਓਵਰਆਲ ਟਰਾਫ਼ੀ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਹਿੱਸੇ ਆਈ। ਇਸ ਖੇਤਰ ਵਿੱਚ ਦੂਜਾ ਸਥਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਤੀਜਾ ਸਥਾਨ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਨਾਮ ਰਿਹਾ।ਕੋਮਲ ਕਲਾਵਾਂ ਵਿੱਚ ਪਹਿਲਾ ਸਥਾਨ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਜਲੰਧਰ ਨੇ ਹਾਸਲ ਕੀਤਾ।ਇਸ ਖੇਤਰ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ ਉੱਤੇ ਰਹੀਆਂ। ਨਾਚ ਕਲਾਵਾਂ ਨਾਲ਼ ਸੰਬੰਧਤ ਵੱਖ-ਵੱਖ ਮੁਕਾਬਲਿਆਂ ਵਿੱਚ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਯੂਨੀਵਰਸਿਟੀ ਓਵਰਆਲ ਚੈਂਪੀਅਨ ਬਣੀ ਜਦੋਂ ਕਿ ਦੂਜੇ ਸਥਾਨ ਉੱਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਅਤੇ ਤੀਜੇ ਸਥਾਨ ਉੱਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਰਹੇ।

ਮੇਲੇ ਦੇ ਆਗਾਜ਼ ਸਮੇਂ ਯੂਨੀਵਰਸਿਟੀ ਵਿੱਚ ਕੱਢੇ ਗਏ 'ਕਲਚਰਲ ਪ੍ਰੋਸੈਸ਼ਨ' ਭਾਵ ਸਭਿਆਚਾਰਕ ਰੈਲੀ ਵਿੱਚ ਪਹਿਲਾ ਸਥਾਨ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਜਲੰਧਰ ਨੇ ਜਿੱਤਿਆ ਜਦੋਂ ਕਿ ਦੂਜਾ ਸਥਾਨ ਕਲਸਟਰ ਯੂਨੀਵਰਸਿਟੀ ਅਤੇ ਤੀਜਾ ਸਥਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਜਿੱਤਿਆ। ਇਸ ਸ਼੍ਰੇਣੀ ਵਿੱਚ ਦੂਨ ਯੂਨੀਵਰਸਿਟੀ, ਉੱਤਰਾਖੰਡ ਅਤੇ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਨੂੰ ਚੌਥਾ ਸਥਾਨ ਪ੍ਰਾਪਤ ਹੋਇਆ। ਯੂਨੀਵਰਸਿਟੀ ਆਫ਼ ਕਸ਼ਮੀਰ ਨੂੰ ਪੰਜਵਾਂ ਸਥਾਨ ਮਿਲਿਆ। ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਜਲੰਧਰ ਇਸ ਮੇਲੇ ਦੀ ਓਵਰਆਲ ਚੈਂਪੀਅਨ ਬਣੀ।

# ਸਮਾਜ ਸੇਵੀ ਤੇ ਧਾਰਮਿਕ ਕੰਮਾਂ 'ਚ ਵਰਦਾਨ ਸਾਬਿਤ ਹੋ ਰਹੇ ਹਨ ਪਦਮ ਸ੍ਰੀ ਰਾਜਿੰਦਰ ਗੁਪਤਾ



**ਬਰਨਾਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟ੍ਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮ ਸ੍ਰੀ ਰਾਜਿੰਦਰ ਗੁਪਤਾ ਧਾਰਮਿਕ ਤੇ ਸਮਾਜਿਕ ਕੰਮਾਂ 'ਚ ਹਮੇਸ਼ਾ ਹੀ ਅੱਗੇ ਰਹਿੰਦੇ ਹਨ। ਜਿੱਥੇ ਇਨ੍ਹਾਂ ਨੇ ਹਜ਼ਾਰਾਂ ਹੀ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ, ਉਸ ਦੇ ਨਾਲ ਨਾਲ ਉਹ ਧਾਰਮਿਕ, ਸਮਾਜਿਕ, ਪਿੰਡਾਂ ਦੇ ਸ਼ਹਿਰਾਂ ਦੇ ਵਿਕਾਸ ਦੇ ਕੰਮਾਂ 'ਚ ਵੀ ਯੋਗਦਾਨ ਦਿੰਦੇ ਰਹਿੰਦੇ ਹਨ। ਇਸੇ ਕੜੀ ਤਹਿਤ ਯੰਗ ਸਪੋਰਟਸ ਐਂਡ ਵੈਲਫੇਅਰ ਕਲੱਬ ਪਿੰਡ ਫਤਿਹਗੜ੍ਹ ਛੰਨਾ ਨੂੰ ਉਨ੍ਹਾਂ ਨੇ 51 ਹਜ਼ਾਰ ਰੁਪਏ ਦਿੱਤੇ ਹਨ, ਤਾਂ ਕਿ ਨੌਜਵਾਨਾਂ ਦਾ ਰੁਝਾਨ ਖੇਡਾਂ ਵੱਲ ਬਣਿਆ ਰਹੇ ਅਤੇ ਨਸ਼ਿਆਂ ਤੋਂ ਉਹ ਦੂਰ ਰਹਿਣ।

ਕਲੱਬ ਦੇ ਕੈਸ਼ੀਅਰ ਸਮਿੰਦਰ ਸਿੰਘ, ਵਾਇਸ ਪ੍ਰਧਾਨ ਮਨਪ੍ਰੀਤ ਸਿੰਘ, ਕਲੱਬ ਮੈਂਬਰ ਜਗਦੀਪ ਸਿੰਘ, ਜੋਗਿੰਦਰ ਸਿੰਘ, ਮੰਗਾ ਸਿੰਘ ਆਦਿ ਨੇ ਪਦਮ ਸ੍ਰੀ ਰਾਜਿੰਦਰ ਗੁਪਤਾ ਦਾ ਹਾਰਦਿਕ ਧੰਨਵਾਦ ਕੀਤਾ ਹੈ। ਉਨ੍ਹਾ ਦੇ ਕੰਮਾਂ 'ਤੇ ਇਲਾਕਾ ਨਿਵਾਸੀਆਂ ਨੇ ਵੀ ਭਰਪੂਰ ਪ੍ਰਸੰਸ਼ਾ ਕੀਤੀ ਹੈ।

: ਦਾਨਵੀਰ ਹਨ ਪਦਮ ਸ੍ਰੀ ਰਾਜਿੰਦਰ ਗੁਪਤਾ:

ਨੇ ਕਿਹਾ ਕਿ ਪਦਮ ਸ੍ਰੀ ਰਾਜਿੰਦਰ ਗੁਪਤਾ ਹਮੇਸ਼ਾ ਹੀ ਦਾਨ ਕਰਦੇ ਰਹਿੰਦੇ ਹਨ। ਉਨ੍ਹਾ ਦਾ ਦਿਲ ਦਰਿਆ ਦਿਲ ਹੈ। ਸਮੇਂ ਸਮੇਂ ਸਿਰ ਉਹ ਮੁਫ਼ਤ ਮੈਗਾ ਮੈਡੀਕਲ ਕੈਂਪ ਜਰੂਰਤ ਮੰਦ ਲੋਕਾਂ ਨੂੰ ਮੁਫ਼ਤ ਦਵਾਈਆਂ ਤੇ ਹੋਰ ਮੱਦਦ ਮੁਹੱਇਆ ਕਰਵਾਉਂਦੇ ਰਹਿੰਦੇ ਹਨ। ਇਲਾਕੇ ਨੂੰ ਉਨ੍ਹਾਂ ਦੀ ਕਾਰਜਗੁਜ਼ਾਰੀ ਤੋਂ ਬਹੁਤ ਜਿਆਦਾ ਲਾਭ ਹੋ ਰਿਹਾ ਹੈ। ਬਰਨਾਲਾ 'ਚ ਉਨ੍ਹਾਂ ਨੇ ਵੱਡੇ ਯੂਨਿਟ ਸਥਾਪਿਤ ਕਰਕੇ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਵੀ ਦਿੱਤਾ ਹੈ। ਇਸ ਗੱਲ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਉਨ੍ਹੀ ਘੱਟ ਹੈ।

ਇਸ ਮੌਕੇ 'ਤੇ ਟਰਾਈਡੈਂਟ ਗਰੁੱਪ ਦੇ ਸੀਨੀਅਰ ਅਧਿਕਾਰੀ ਸ੍ਰੀ ਪਵਨ ਸਿੰਗਲਾ ਅਤੇ ਦੀਪਕ ਗਰਗ ਮੌਜੂਦ ਸਨ

# ਡਾਕਟਰ ਬਲਬੀਰ ਸਿੰਘ ਨੇ ਦਿਹਾਤੀ ਇਲਾਕਾ ਨਿਵਾਸੀਆਂ ਦੀ ਕੰਮਾਂ ਸਬੰਧੀ ਸ਼ਿਕਾਇਤਾਂ ਸੁਣੀਆਂ



**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਨੇ ਆਪਣੇ ਕੈਂਪ ਆਫਿਸ ਪੰਚਾਇਤ ਭਵਨ ਵਿਖੇ ਦਿਹਾਤੀ ਇਲਾਕਾ ਨਿਵਾਸੀਆਂ ਦੀ ਕੰਮਾਂ ਸਬੰਧੀ ਸ਼ਿਕਾਇਤਾਂ ਅਤੇ ਮੁਸ਼ਕਲਾਤਾਂ ਸੁਣੀਆਂ ਅਤੇ ਮੌਕੇ ਤੇ ਹੀ ਉਨਾਂ ਦਾ ਨਿਪਟਾਰਾ ਕੀਤਾ ਗਿਆ ।ਇਸ ਮੌਕੇ ਡਾ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਨੇ ਆਪਣੇ ਅਖਤਿਆਰੀ ਫੰਡਾਂ ਚੋਂ ਇਲਾਕਾ ਨਿਵਾਸੀਆਂ ਨੂੰ ਕੰਪਿਊਟਰ ਅਤੇ ਜਿਮ ਸਬੰਧੀ ਚੈੱਕ ਵੀ ਵੰਡੇ ਡਾਕਟਰ ਇਹ ਇੱਥੇ ਡਾਕਟਰ ਬਲਬੀਰ ਸਿੰਘ ਆਮ ਤੌਰ ਤੇ ਛੁੱਟੀ ਵਾਲੇ ਦਿਨ ਆਪਣੇ ਪਟਿਆਲਾ ਦਿਹਾਤੀ ਇਲਾਕੇ ਵਿੱਚ ਲੋਕਾਂ ਨੂੰ ਸੁਣਦੇ ਹਨ ਅਤੇ ਉਹਨਾਂ ਨਾਲ ਜਮੀਨੀ ਪੱਧਰ ਤੇ ਸਬੰਧ ਬਣਾਏ ਰੱਖਦੇ ਹਨ ,ਅੱਜ ਉਹਨਾਂ ਨੇ ਰੋਟੀ ਚੰਨਾ ਅਤੇ ਹੋਰ ਕਈ ਪਿੰਡਾਂ ਦੀ ਪੰਚਾਇਤਾਂ ਜਿਵੇਂ ਕਿ ਵਿਕਾਸ ਨਗਰ ਅਤੇ ਰਣਜੀਤ ਨਗਰ ਪੰਚਾਇਤਾਂ ਨਾਲ ਮੁਲਾਕਾਤ ਕਰਕੇ ,ਉਹਨਾਂ ਦੇ ਲੋਕਲ ਕੰਮਾਂ ਲਈ ਚੈੱਕ ਦਿੱਤੇ ਇਸ ਇਸ ਤਰ੍ਹਾਂ ਉਨਾਂ ਨੇ ਦਿਹਾਤੀ ਇਲਾਕੇ ਲਈ ਆਪਣੇ ਅਖਤਿਆਰੀਆ ਫੰਡ ਚੋਂ 40 ਲੱਖ ਦੇ ਕਰੀਬ ਪੈਸੇ ਦੇਣ ਦਾ ਪ੍ਰਬੰਧ ਕੀਤਾ ਹੈ।

ਡਾਕਟਰ ਬਲਵੀਰ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਇੱਕ 43 ਯਾਤਰੀਆਂ ਦੀ ਬਸ ਨੂੰ ਰੋਹਟੀ ਪਿੰਡ ਤੋਂ ਬਲੋਕ ਇੰਚਾਰਜ ਹੇਮਰਾਜ ਪਰਮਜੀਤ ਸਿੰਘ ਅਤੇ ਸੁਰੇਸ਼ ਕੁਮਾਰ ਵੱਲੋਂ ਰਵਾਨਾ ਕੀਤਾ ਗਿਆ ਸੀ ਜਿਸ ਵਿੱਚ ਯਾਤਰੀਆਂ ਨੂੰ ਖਾਣ ਪੀਣ ਅਤੇ ਰਹਿਣ ਦੀ ਸਹੂਲਤ ਸਾਜੋ ਸਮਾਨ ਭਗਵੰਤ ਮਾਨ ਸਰਕਾਰ ਸਰਕਾਰ ਵੱਲੋਂ ਮੁਹੀਆ ਕਰਾਇਆ ਗਿਆ।

# ਨਾਭਾ ਸੋਸ਼ਲ ਆਰਗਨਾਈਜੇਨ ਸੁਸਾਇਟੀ ਵੱਲੋਂ ਲੋਕਾਂ ਨੂੰ ਜਾਗਰੂਕ

**ਨਾਭਾ, 6 ਫਰਵਰੀ**
**-ਸੁਧੀਰ ਜੈਨ-**
**-ਕੌਮੀ ਪੱਤ੍ਰਿਕਾ ਬਿਊਰੋ-**



ਨਾਭਾ ਸੋਸ਼ਲ ਆਰਗਨਾਈਜੇ ?ਨ ਸੋਸਾਇਟੀ ਰਜਿਸਟਰ ਨੰਬਰ 1787, ਐਨਐਸਓ ਟੀਮ ਦੇ ਚੇਅਰਮੈਨ ਸੌਰਵ ਗੁਪਤਾ ਦੀ ਅਗਵਾਈ ਵਿੱਚ ਐਨ ਐਸ ਓ ਦੇ ਪ੍ਰਧਾਨ ਵਿਸ਼ਾਲ ਵਾਲੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਧਾਨ ਸਮਾਜ ਸੇਵਕ ਵਿਸ਼ਾਲ ਵਾਲਿਆ ਮੋਨੂੰ ਨਾਲ ਮਿਲ ਕੇ ਲਾਲ ਸਿੰਘ ਬਲਾਕ ਪ੍ਰਧਾਨ ਤ੍ਰਿਪੜੀ, ਪਟਿਆਲਾ ਵਲੋਂ ਚਾਈਨਾ ਡੋਰ ਦੀ ਵਰਤੋਂ ਨਾ ਕਰੋ ' ਲੋਕਾਂ ਨੂੰ ਸਦੇਸ਼ ਦਿੱਤਾ ਗਿਆ ਅਤੇ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਦੇ ਪੋਸਟਰ ਵੀ ਛਾਪੇ ਗਏ, ਇਸ ਵਿਸ਼ੇਸ਼ ਮੌਕੇ ਤੇ ਪ੍ਰਦੀਪ ਸ਼ਰਮਾ ਅਤੇ ਐਡਵੋਕੇਟ ਮਨਦੀਪ ਸੈਣੀ ਵੀ ਮੌਜੂਦ ਰਹੇ, ਇਸ ਸੰਬੰਧੀ ਗੱਲਬਾਤ ਕਰਦਿਆ ਵਿਸ਼ਾਲ ਵਾਲੀਆ ਮੋਨੂੰ ਨੇ ਕਿਹਾ ਕਿ ਅਸੀਂ ਇਸੇ ਤਰ੍ਹਾਂ ਹੀ ਲੋਕਾਂ ਨੂੰ ਜਾਗਰੂਕ ਕਰਦੇ ਰਹਾਂਗੇ।

# ਪਟਿਆਲਵੀਆਂ ਨੇ ਬਾਰਾਂਦਾਰੀ ਗਾਰਡਨ ਵਾਕ 'ਚ ਹਿੱਸਾ ਲੈਕੇ ਫੂਡ ਫੈਸਟੀਵਲ ਦਾ ਲੁਤਫ਼ ਲਿਆ

## ➢ ਬਾਰਾਂਦਰੀ ਦੀ ਬਨਸਪਤੀ ਦੀ ਜਾਣਕਾਰੀ ਦੀ ਵੈਬਸਾਈਟ ਸ਼ੁਰੂ, ਦਰਖਤਾਂ ਨੇੜੇ ਕਿਊ ਆਰ ਕੋਡ ਲਗਾਏ ➢ ਬਾਇਓਡਾਇਵਰਸਿਟੀ ਹੈਰੀਟੇਜ ਸਾਇਟ ਵਜੋਂ ਵਿਕਸਤ ਹੋਵੇਗੀ ਬਾਰਾਂਦਰੀ ➢ ਫੂਡ ਫੈਸਟੀਵਲ 'ਚ ਸ਼ਾਹੀ ਭੋਜਨ ਤੇ ਸਵੈ ਸਹਾਇਤਾ ਸਮੂਹਾਂ ਦੀ ਦਸਤਕਾਰੀ ਨੇ ਦਰਸ਼ਕ ਮੋਹੇ

**ਪਟਿਆਲਾ, 6 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਹੈਰੀਟੇਜ ਫੈਸਟੀਵਲ-2024 ਦੇ ਚੱਲ ਰਹੇ ਸਮਾਗਮਾਂ ਦੌਰਾਨ ਅੱਜ ਪਟਿਆਲਾ ਦੇ ਪੁਰਾਤਨ ਤੇ ਇਤਿਹਾਸਕ ਬਾਰਾਂਦਾਰੀ ਬਾਗ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਟਿਆਲਾ ਫਾਊਂਡੇਸ਼ਨ ਦੇ ਆਈ ਹੈਰੀਟੇਜ ਪ੍ਰਾਜੈਕਟ ਤਹਿਤ ਬਾਰਾਂਦਰੀ ਬਾਗ ਦੀ ਹੈਰੀਟੇਜ ਵਾਕ ਕਰਵਾਈ ਗਈ। ਇਥੇ ਹੀ ਲਗਾਏ ਗਏ ਫੂਡ ਫੈਸਟੀਵਲ ਮੌਕੇ ਪਟਿਆਲਾ ਸ਼ਹਿਰ ਦੇ ਸ਼ਾਹੀ ਭੋਜਨ ਦੀਆਂ ਲੱਗੀਆਂ ਵੱਖ-ਵੱਖ ਸਟਾਲਾਂ 'ਤੇ ਮਿਲੇ ਸਵਾਦਲੇ ਭੋਜਨ ਅਤੇ ਸਵੈ ਸਹਾਇਤਾ ਸਮੂਹਾਂ ਦੀ ਦਸਤਕਾਰੀ ਨੇ ਦਰਸ਼ਕਾਂ ਨੂੰ ਮੋਹਿਆ।

ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਬਾਗਬਾਨੀ ਵਿਭਾਗ ਵੱਲੋਂ ਬਾਰਾਂਦਰੀ ਬਾਗ ਦੀ ਸਮੁੱਚੀ ਬਨਸਪਤੀ ਦੀ ਮੁਕੰਮਲ ਜਾਣਕਾਰੀ ਦੇਣ ਲਈ ਤਿਆਰ ਕੀਤੀ ਗਈ ਵੈਬਸਾਇਟ ਬਾਰਾਂਦਰੀ ਗਾਰਡਨਜ਼ ਪਟਿਆਲਾ ਡਾਟ ਇਨ ਨੂੰ ਲਾਂਚ ਕੀਤਾ। ਇਸ ਸਮੇਂ ਬਾਰਾਂਦਰੀ ਵਿਖੇ ਆਉਣ ਵਾਲੇ ਲੋਕਾਂ ਨੂੰ ਬਾਗ ਵਿਚਲੇ ਪੁਰਾਣੇ ਦਰਖ਼ਤਾਂ ਦੀ ਜਾਣਕਾਰੀ ਦੇਣ ਲਈ ਇਨ੍ਹਾਂ ਨੇੜੇ ਲਗਾਏ ਗਏ ਕਿਊ ਆਰ ਕੋਡ ਵਾਲੇ ਬੋਰਡਾਂ ਦਾ ਵੀ ਉਦਘਾਟਨ ਕੀਤਾ ਗਿਆ, ਜਿਨ੍ਹਾਂ ਨੂੰ ਫੋਨ 'ਤੇ ਸਕੈਨ ਕਰਕੇ ਪੂਰੀ ਜਾਣਕਾਰੀ ਹਾਸਲ ਹੋ ਸਕੇਗੀ। ਉਨ੍ਹਾਂ ਦੇ ਨਾਲ ਸਕੱਤਰ ਆਰਟੀਏ ਨਮਨ ਮਾਰਕੰਨ ਤੇ ਐਸ.ਡੀ.ਐਮ. ਨਾਭਾ ਤਰਸੇਮ ਚੰਦ ਵੀ ਮੌਜੂਦ ਸਨ।



ਪਟਿਆਲਾ ਹੈਰੀਟੇਜ ਫੈਸਟੀਵਲ ਦੌਰਾਨ ਕਰਵਾਈ ਗਈ ਬਾਰਾਂਦਰੀ ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਬਾਰਾਂਦਾਰੀ ਬਾਗ ਵਿਖੇ ਪਟਿਆਲਾ ਫਾਊਂਡੇਸ਼ਨ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰਵਾਈ ਗਈ ਹੈਰੀਟੇਜ ਵਾਕ ਵਿੱਚ ਸ਼ਿਰਕਤ ਕਰਦੇ ਹੋਏ।

ਏ.ਡੀ.ਸੀ. ਨਵਰੀਤ ਕੌਰ ਸੇਖੋਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਆਪਣੇ ਸੱਭਿਆਚਾਰ ਤੇ ਵਿਰਾਸਤ ਨੂੰ ਸੰਭਾਲਣ ਲਈ ਉਚੇਚੇ ਯਤਨ ਕਰ ਰਹੀ ਹੈ ਤਾਂ ਕਿ ਲੋਕਾਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸੇ ਤਹਿਤ ਹੀ ਪਟਿਆਲਾ ਹੈਰੀਟੇਜ ਫੈਸਟੀਵਲ ਕਰਵਾਇਆ ਜਾ ਰਿਹਾ ਹੈ ਅਤੇ ਬਾਰਾਂਦਰੀ ਬਾਗ ਨੂੰ ਬਾਇਓਡਾਇਵਰਸਿਟੀ ਹੈਰੀਟੇਜ ਸਾਈਟ ਵਜੋਂ ਵਿਕਸਤ ਕਰਨ ਲਈ ਵੀ ਉਚੇਚੇ ਯਤਨ ਕੀਤੇ ਜਾ ਰਹੇ ਹਨ।

ਇਸ ਸਮੇਂ ਪਟਿਆਲਾ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਰਵੀ ਸਿੰਘ ਆਹਲੂਵਾਲੀਆ ਨੇ ਬਾਰਾਂਦਰੀ ਗਾਰਡਨਜ ਹੈਰੀਟੇਜ ਵਾਕ ਵਿੱਚ ਪੁੱਜੇ ਮੈਰੀਟੋਰੀਅਸ ਸਕੂਲ, ਸਰਕਾਰੀ ਸਰੀਰਕ ਸਿੱਖਿਆ ਕਾਲਜ, ਪੰਜਾਬੀ ਯੂਨੀਵਰਸਿਟੀ ਤੇ ਥਾਪਰ ਇੰਸਟੀਚਿਊਟ ਦੇ ਵਿਦਿਆਰਥੀਆਂ ਸਮੇਤ ਪਟਿਆਲਵੀਆਂ ਨੂੰ ਬਹੁਤ ਵਿਸਥਾਰ ਵਿੱਚ ਬਾਰਾਂਦਰੀ ਬਾਗ ਅਤੇ ਇਥੇ ਲੱਗੇ ਦਰਖ਼ਤਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ।

ਇਸ ਵਿਰਾਸਤੀ ਸੈਰ ਦੌਰਾਨ ਰਵੀ ਸਿੰਘ ਆਹਲੂਵਾਲੀਆ ਨੇ ਲੀਲਾ ਭਵਨ ਨੇੜੇ ਬਾਰਾਂਦਰੀ ਗਾਰਡਨ ਦੇ ਗੇਟ ਤੋਂ ਸ਼ੁਰੂ ਹੋਕੇ ਬਾਰਾਂਦਰੀ ਗਾਰਡਨ ਦੇ ਅੰਦਰ ਸਥਿਤ ਸ਼ਾਨਦਾਰ ਵਿਰਾਸਤੀ ਦਰੱਖਤਾਂ, ਫਰਨ ਹਾਊਸ ਅਤੇ ਇਮਾਰਤਸਾਜ਼ੀ ਦੇ ਅਜੂਬਿਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਅਤੇ ਇਸ ਵਿਰਾਸਤ ਦੀ ਸੰਭਾਲ 'ਤੇ ਜ਼ੋਰ ਦਿੱਤਾ।

ਇਸ ਮੇਲੇ ਦੇ ਨੋਡਲ ਅਫ਼ਸਰ ਸਕੱਤਰ ਆਰ.ਟੀ.ਏ. ਨਮਨ ਮਾਰਕੰਨ ਅਤੇ ਐਸ.ਡੀ.ਐਮ. ਨਾਭਾ ਤਰਸੇਮ ਚੰਦ ਨੇ ਨਗਰ ਨਿਗਮ, ਬਾਗਬਾਨੀ ਵਿਭਾਗ ਤੇ ਫ਼ੂਡ ਐਂਡ ਸਿਵਲ ਸਪਲਾਈਜ਼ ਵਿਭਾਗਾਂ ਨੂੰ ਨਾਲ ਲੈਕੇ ਇਸ ਬਾਰਾਂਦਰੀ ਹੈਰੀਟੇਜ਼ ਵਾਕ ਤੇ ਫ਼ੂਡ ਫੈਸਟੀਵਲ ਦੇ ਸਮੁੱਚੇ ਪ੍ਰਬੰਧ ਨੇਪਰੇ ਚਾੜ੍ਹਨ 'ਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਬਾਗਬਾਨੀ ਵਿਭਾਗ ਦੇ ਸਹਾਇਕ ਡਾਇਰੈਕਟਰ ਸੰਦੀਪ ਗਰੇਵਾਲ, ਡੀ.ਐਸ.ਪੀ ਸੁਖਦੇਵ ਸਿੰਘ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ ਅਫ਼ਸਰ ਡਾ. ਰਵਿੰਦਰ ਕੌਰ, ਏ.ਸੀ.ਐਫ.ਏ. ਰਾਕੇਸ਼ ਗਰਗ, ਡੀ.ਡੀ.ਐਫ. ਅੰਬਰ ਬੰਦੋਪਾਧਿਆ, ਐਸ.ਐਚ.ਓ. ਸਿਵਲ ਲਾਈਨ ਇੰਸਪੈਕਟਰ ਸ਼ਿਵਰਾਜ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ, ਕਾਮਨਵੈਲਥ ਗੇਡਾਂ ਦੇ ਸੋਨ ਤਗਮਾ ਜੇਤੂ ਖਿਡਾਰੀ ਹਰਵਿੰਦਰ ਸਿੰਘ, ਪਟਿਆਲਾ ਫਾਊਂਡੇਸ਼ਨ ਦੇ ਮੈਂਬਰ ਆਰ.ਕੇ.ਸ਼ਰਮਾ, ਐਚ.ਐਸ. ਆਹਲੂਵਾਲੀਆ, ਡਾ. ਨਿਧੀ ਸ਼ਰਮਾ, ਐਸ.ਪੀ. ਚਾਂਦ, ਡਾ. ਅਭਿਨੰਦਨ ਬੱਸੀ, ਰਾਕੇਸ਼ ਬਧਵਾਰ, ਡਾ. ਆਸ਼ੂਤੋਸ਼, ਪਵਨ ਗੋਇਲ, ਵਲੰਟੀਅਰ ਸਤਨਾਮ ਸਿੰਘ, ਸ਼ਿਆਮ ਮਿੱਤਲ, ਮੋਹਿਤ ਗੁਪਤਾ, ਅਦਿੱਤਿਆ, ਰਵਲਦੀਪ ਸਿੰਘ, ਸ਼ੁਭਾਂਗੀ ਸ਼ਰਮਾ, ਏਕਿਸ਼ਾ ਆਹਲੂਵਾਲੀਆ, ਨਿਮਰ, ਗਰਿਮਾ, ਚਰਨਜੋਤ, ਹਰਸ਼, ਗੁਰਜੋਤ ਸਿੰਘ, ਨਿਦਸ਼, ਰਿਤਵਿਕ, ਭਰਪੂਰ ਸਿੰਘ, ਗੁਰਵਿੰਦਰ ਸਿੰਘ, ਹਿਰਤਿਕ, ਗਰਮੰਦਰ ਸਿੰਘ, ਨੇ ਸਮਾਗਮ ਦੀ ਸਫ਼ਲਤਾ ਲਈ ਅਣਥੱਕ ਮਿਹਨਤ ਕੀਤੀ।

ਫ਼ੂਡ ਫੈਸਟੀਵਲ ਮੌਕੇ ਬਰਕਤ ਆਜੀਵਿਕਾ ਸਵੈ ਸਹਾਇਤਾ ਗਰੁੱਪ ਦੀ ਮੱਕੀ ਦੀ ਰੋਟੀ ਤੇ ਸਰੋਂ ਦਾ ਸਾਗ, ਨਰਿੰਦਰ ਬੀਕਾਨੇਰੀ, ਅੰਬਾਲਾ ਚਾਟ, ਸੁਆਮੀ ਕੁਲਫ਼ੀ, ਮਦਰਾਸੀ ਡੋਸਾ, ਮਨਚੰਦਾ ਸਵੀਟਸ, ਡੂੰਮਾ ਵਾਲੀ ਗਲੀ ਸਾਹਮਣੇ ਆਕਸਫੋਰਡ ਕਾਲਜ ਦੇ ਮਸ਼ਹੂਰ ਕੁਲਚੇ ਤੇ ਚਨਾ ਸੂਪ, ਸਾਧੂ ਰਾਮ ਕਚੌਰੀਆਂ ਵਾਲਾ, ਕਾਲਾ ਚਿਕਨ ਵਾਲਾ ਵੱਲੋਂ ਲਾਈਆਂ ਗਈਆਂ ਸਟਾਲਾਂ 'ਤੇ ਮਿਲ ਰਹੇ ਸੁਆਦਲੇ ਭੋਜਨ ਦਾ ਪਟਿਆਲਵੀਆਂ ਨੇ ਲੁਤਫ਼ ਉਠਾਇਆ। ਜਦਕਿ ਸਹੀ ਦਿਸ਼ਾ, ਪੰਖੜੀ ਹੈਂਡੀਕਰਾਫ਼ਟ, ਪਟਿਆਲਾ ਕਿੰਗ, ਨਵੀਂ ਕਿਰਨ, ਮਾਈ ਭਾਗੋ, ਜੋਤ ਸਵੈ ਸਹਾਇਤਾ ਸਮੂਹਾਂ ਸਮੇਤ ਸਿੱਧੂ ਬੀ ਫਾਰਮ, ਬਾਵਾ ਫੂਡ, ਸ਼ੇਰਗਿਲ ਫਾਰਮ ਕ੍ਰੈਸ਼ ਵੱਲੋਂ ਲਿਆਂਦੀ ਗਈ ਦਸਤਕਾਰੀ ਤੇ ਭੋਜਨ ਪਦਾਰਥਾਂ ਨੇ ਵੀ ਦਰਸ਼ਕਾਂ ਨੂੰ ਖਿੱਚਿਆ।

# ਗੁੰਬਰ ਪਰਿਵਾਰ ਨੂੰ ਸਦਮਾ,ਵਪਾਰੀ ਆਗੂ ਹਰਮੀਤ ਸਿੰਘ ਮੀਤਾ ਦੀ ਪਤਨੀ ਦਾ ਦੇਹਾਂਤ

**ਸ੍ਰੀ ਅਨੰਦਪੁਰ ਸਾਹਿਬ, 6 ਫਰਵਰੀ -**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਉੱਘੇ ਵਪਾਰੀ ਹਰਮੀਤ ਸਿੰਘ ਮੀਤਾ ਬਸੰਤ ਬੂਟ ਵਾਲਿਆਂ ਦੀ ਧਰਮ ਪਤਨੀ ਮਾਤਾ ਹਰਬੰਸ ਕੌਰ ਦਾ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਉਹਨਾਂ ਦਾ ਅੰਤਿਮ ਸੰਸਕਾਰ ਸਥਾਨਕ ਚਰਨ ਗੰਗਾ ਸਮਸ਼ਾਨ ਘਾਟ ਵਿਖੇ ਅੱਜ ਦੁਪਹਿਰ ਵਕਤ ਕੀਤਾ ਗਿਆਂ। ਇਸ ਮੌਕੇ ਪਰਿਵਾਰਿਕ ਮੈਂਬਰਾਂ ਵਿੱਚ ਬਲਵੰਤ ਸਿੰਘ ਗੁੰਬਰ, ਹਰਮੀਤ ਸਿੰਘ ਮੀਤਾ, ਸੁਖਜਿੰਦਰ ਸਿੰਘ ਗੁੰਬਰ ਤੋਂ ਇਲਾਵਾ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਨਗਰ ਕੋਸ਼ਲ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਵਾਲੀਆ,ਸੀਨੀਅਰ ਕਾਂਗਰਸੀ ਆਗੂ ਪ੍ਰਿਤਪਾਲ ਸਿੰਘ ਗੰਡਾ, ਵਪਾਰੀ ਆਗੂ ਜਸਵਿੰਦਰ ਸਿੰਘ ਸੋਨੂ ਅਰੋੜਾ, ਗੁਰਕੀਰਤ ਸਿੰਘ ਬਾਵਾ,ਜਸਪਾਲ ਸਿੰਘ ਗੁੱਬਰ ਉਰਿੰਦਰ ਸਿੰਘ ਉਰੀ,ਸਰਬਜੀਤ ਸਿੰਘ ਗੁੰਬਰ ਜਸਵਿੰਦਰ ਸਿੰਘ ਜੱਸਾ, ਜਰਨੈਲ ਸਿੰਘ ਰਾਜੂ ਗੁੰਬਰ ,ਗਗਨ ਅਰੋੜਾ,ਹਰਪਾਲ ਸਿੰਘ ਪਾਲ,ਗੁਰਕੀਰਤ ਸਿੰਘ ਬਚਨ,ਨਰਿੰਦਰ ਸਿੰਘ ਪੱਪੂ, ਗੁਰਵਿੰਦਰ ਸਿੰਘ ਡਿਪਟੀ, ਕੈਮੀ ਅਰੋੜਾ, ਚਿੰਕੀ ਅਰੋੜਾ, ਮਾਸਟਰ ਹਰਬੰਸ ਸਿੰਘ ਨੰਗਲ,ਮੇਜਰ ਰੇਡੀਮੇਡ, ਮਨਿਦਰ ਪਾਲ ਸਿੰਘ ਕੁਆਲਟੀ ਸਟੋਰ ,ਸਰਬਜੀਤ ਸਿੰਘ ਰੈਣੂ, ਕਿੱਟੂ ਲੰਬਰਦਾਰ, ਅਮਰਜੀਤ ਸਿੰਘ ਸਾਬਕਾ ਬੈਂਕ ਅਫਸਰ,ਆਪ ਆਗੂ ਠੇਕੇਦਾਰ ਜਗਜੀਤ ਸਿੰਘ ਜੱਗੀ, ਰਵਿੰਦਰ ਪਾਲ ਸਿੰਘ ਰਾਜਾ, ਹੈਰੀ ਗੁੰਬਰ, ਹਰਵਿੰਦਰ ਸਿੰਘ ਕਾਕਾ,ਸੈਂਲੀ ਅਰੋੜਾ, ਸਮੇਤ ਪਰਿਵਾਰਿਕ ਮੈਂਬਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# 2.74 ਲੱਖ ਰੁਪਏ ਦੇ ਘਪਲੇ ਲਈ ਪੀ.ਐਸ.ਪੀ.ਸੀ.ਐਲ ਦੇ 2 ਕਲਰਕ ਮੁਅੱਤਲ : ਹਰਭਜਨ ਸਿੰਘ ਈ.ਟੀ.ਓ

**ਚੰਡੀਗੜ੍ਹ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਅੱਜ ਇਥੇ ਦੱਸਿਆ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਉਪ ਮੰਡਲ ਦਫਤਰ ਸ਼ਹਿਰੀ ਸਮਰਾਲਾ ਵਿਖੇ 2.74 ਲੱਖ ਰੁਪਏ ਦਾ ਵਿੱਤੀ ਘਪਲਾ ਕਰਨ ਲਈ 2 ਕਲਰਕਾਂ ਨੂੰ ਮੁੱਅਤਲ ਕਰ ਦਿੱਤਾ ਗਿਆ ਹੈ ਅਤੇ ਇੱਕ ਸਹਾਇਕ ਮਾਲ ਲੇਖਾਕਾਰ ਵਿਰੁੱਧ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਰਹੀ ਹੈ।



ਇਥੇ ਜਾਰੀ ਪ੍ਰੈਸ ਬਿਆਨ ਵਿੱਚ ਬਿਜਲੀ ਮੰਤਰੀ ਨੇ ਦੱਸਿਆ ਕਿ ਉਪ ਮੰਡਲ ਦਫਤਰ ਸ਼ਹਿਰੀ ਸਮਰਾਲਾ ਵਿਖੇ ਤੈਨਾਤ ਇਨ੍ਹਾ 2 ਕਲਰਕਾਂ ਅਤੇ ਇੱਕ ਮਾਲ ਲੇਖਾਕਾਰ ਵੱਲੋਂ ਬਿਜਲੀ ਖਪਤਕਾਰਾਂ ਦੁਆਰਾ ਜਮ੍ਹਾਂ ਕਰਵਾਏ ਗਏ ਬਿੱਲਾਂ ਦੀ ਰਸੀਦਾਂ ਨੂੰ ਰਿਵਰਸ ਕਰਨ ਉਪਰੰਤ ਖਪਤਕਾਰਾਂ ਨੂੰ ਗਲਤ ਰੀਡਿੰਗ ਦੇ ਬਿੱਲ ਜਾਰੀ ਕਰਕੇ ਪੀ.ਐਸ.ਪੀ.ਸੀ.ਐਲ ਦੇ ਮਾਲੀਏ ਦਾ ਵਿੱਤੀ ਨੁਕਸਾਨ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਪੀ.ਐਸ.ਪੀ.ਸੀ.ਐਲ ਵੱਲੋਂ ਮੁਸਤੈਦੀ ਨਾਲ ਕਾਰਵਾਈ ਕਰਦਿਆਂ ਉਕਤ ਕਰਮਚਾਰੀਆਂ ਪਾਸੋਂ ਬਣਦੀ ਰਕਮ ਵੀ ਜਮ੍ਹਾਂ ਕਰਵਾ ਲਈ ਗਈ ਹੈ।

ਬਿਜਲੀ ਮੰਤਰੀ ਨੇ ਦੱਸਿਆ ਕਿ ਦੋਵਾਂ ਕਲਰਕਾਂ ਨੂੰ ਪੀ.ਐਸ.ਪੀ.ਸੀ.ਐਲ ਕਰਮਚਾਰੀ ਸਜਾ ਤੇ ਅਪੀਲ ਦੇ ਰੈਗੂਲੇਸ਼ਨ 1971 ਦੇ ਵਿਨਿਯਮ 4(1) ਦੇ ਤਹਿਤ ਤੱਤਕਾਲ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੋਵਾਂ ਕਰਮਚਾਰੀਆਂ ਦਾ ਮੁਅੱਤਲੀ ਸਮੇਂ ਹੈੱਡ ਕੁਆਟਰ ਵਧੀਕ ਨਿਗਰਾਨ ਇੰਜੀਨੀਅਰ ਮੰਡਲ ਸ੍ਰੀ ਆਨੰਦਪੁਰ ਸਾਹਿਬ ਤੈਅ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਸਹਾਇਕ ਮਾਲ ਲੇਖਾਕਾਰ ਵਿਰੁੱਧ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਰਹੀ ਹੈ।

ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਸਿਰ ਤੋਂ ਮਹਿੰਗਾਈ ਦਾ ਬੋਝ ਘਟਾਉਣ ਲਈ 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦੇਣ ਦੀ ਸਹੂਲਤ ਦਿੱਤੀ ਗਈ ਹੈ ਪਰ ਇਹ ਵਿਅਕਤੀ ਘਪਲਾ ਕਰਦਿਆਂ ਖ਼ਪਤਕਾਰਾਂ ਨੂੰ ਗਲਤ ਰੀਡਿੰਗ ਦੇ ਬਿੱਲ ਜਾਰੀ ਕਰਕੇ ਪੀ.ਐਸ.ਪੀ.ਸੀ.ਐਲ ਨੂੰ ਮਾਲੀ ਤੌਰ ਤੇ ਨੁਕਸਾਨ ਪਹੁੰਚਾ ਰਹੇ ਸਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਅੰਦਰ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ ਅਤੇ ਅਜਿਹੇ ਭ੍ਰਿਸ਼ਟ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਂਦੀ ਰਹੇਗੀ।

# ਕੈਲਸ਼ੀਅਮ ਤੇ ਵਿਟਾਮਿਨ ਡੀ ਦੀ ਮਹੱਤਤਾ

ਅਮਰਜੀਤ ਕੌਰ ਵਿਰਦੀ

ਕੈਲਸ਼ੀਅਮ ਇਕ ਅਜਿਹਾ ਮਿਨਰਲ ਹੈ ਜੋ ਜੀਵਨ ਲਈ ਅਤਿ ਜ਼ਰੂਰੀ ਹੈ। ਇਹ ਸਰੀਰ ਦੇ ਸੈੱਲਾਂ ਦੀਆਂ ਜੀਵ ਰਸਾਇਣ ਕਿਰਿਆਵਾਂ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

- ਇਸ ਕਰਕੇ ਇਸ ਨੂੰ ਨਿਊਰੋਮੀਟਰ ਵੀ ਕਿਹਾ ਜਾਂਦਾ ਹੈ।
- ਹੱਡੀਆਂ ਦੇ ਬਣਨ, ਵਧਣ, ਮਜ਼ਬੂਤੀ ਦੇਣ ਤੇ ਸੈੱਲ ਮੈਂਬਰੇਨ ਦੇ ਬਣਨ 'ਚ ਸਹਾਈ ਹੈ।
- ਮਾਸ-ਪੇਸ਼ੀਆਂ ਦੇ ਸੁੰਗੜਨ ਤੇ ਫੈਲਣ 'ਚ ਸਹਾਈ ਹੈ।
- ਖ਼ੂਨ ਬਣਾਉਣ 'ਚ ਸਹਾਈ ਹੁੰਦਾ ਹੈ।
- ਸਰੀਰ 'ਚ ਕਈ ਇਨਜਾਇਮਜ਼ ਨੂੰ ਬਣਾਉਂਦਾ ਹੈ।
- ਭਰੂਣ ਨੂੰ ਵੀ ਬਣਾਉਂਦਾ ਹੈ।
- ਕੈਲਸ਼ੀਅਮ ਨਿਕੜੇ-ਅੰਗ ਮਾਈਟੋਕਾਂਡਰੀਆ 'ਚ ਜਮ੍ਹਾਂ ਹੁੰਦਾ ਹੈ।

ਵਿਟਾਮਿਨ ਡੀ3 ਦੀ ਐਕਟਿਵ ਕਿਸਮ ਭੋਜਨ ਆਂਤੜੀ 'ਚੋਂ ਕੈਲਸ਼ੀਅਮ ਸੋਖਣ 'ਚ ਸਹਾਇਤਾ ਕਰਦੀ ਹੈ। ਵਿਟਾਮਿਨ ਡੀ ਦੀ ਘਾਟ ਹੋਵੇ ਤਾਂ ਕੈਲਸ਼ੀਅਮ ਦਾ ਸੋਖਣਾ ਨਹੀਂ ਹੁੰਦਾ ਤੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਔਰਤਾਂ ਨੂੰ ਪੁਰਸ਼ਾਂ ਨਾਲੋਂ ਘੱਟ ਉਮਰ 'ਚ ਹੀ ਜ਼ਿਆਦਾ ਕੈਲਸ਼ੀਅਮ ਦੀ ਲੋੜ ਪੈ ਜਾਂਦੀ ਹੈ। 150 ਸਾਲ ਦੀ ਉਮਰ ਤਕ ਪੁਰਸ਼ ਤੇ ਔਰਤਾਂ ਨੂੰ ਲਗਪਗ 1,000 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ ਪਰ 50 ਸਾਲ ਦੀ ਉਮਰ ਤੋਂ ਬਾਅਦ ਔਰਤਾਂ ਨੂੰ 1200 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਜਦ ਕਿ ਪੁਰਸ਼ਾਂ ਨੂੰ 60-65 ਸਾਲ ਦੀ ਉਮਰ 'ਚ ਇਸ ਤਰ੍ਹਾਂ ਦੀ ਲੋੜ ਪੈਂਦੀ ਹੈ। ਬੱਚਿਆਂ ਨੂੰ 4-8 ਸਾਲ ਦੀ ਉਮਰ ਤਕ ਲਗਪਗ 1,000 ਮਿਲੀਗ੍ਰਾਮ ਤੇ 9-18 ਸਾਲ ਦੀ ਉਮਰ 'ਚ ਲਗਪਗ 1300 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਪੈਂਦੀ ਹੈ।

**• ਕੈਲਸ਼ੀਅਮ ਦੀ ਘਾਟ ਕਿਵੇਂ ਹੋ ਜਾਂਦੀ ਹੈ?**

ਹਰ ਰੋਜ਼ ਸਾਡੇ ਸਰੀਰ 'ਚੋਂ ਚਮੜੀ ਰਾਹੀਂ, ਨਹੁੰਆਂ ਰਾਹੀਂ, ਵਾਲ੍ਹਾਂ ਦੇ ਝੜਨ ਨਾਲ, ਪਸੀਨੇ ਦੁਆਰਾ, ਪਿਸ਼ਾਬ ਰਾਹੀਂ ਤੇ ਪਖਾਨੇ ਰਾਹੀਂ ਤੇ ਹੱਡੀਆਂ ਦੀ ਟੁੱਟ ਭੱਜ ਨਾਲ ਵੀ ਕੈਲਸ਼ੀਅਮ ਸਰੀਰ 'ਚ ਘੱਟਦਾ ਰਹਿੰਦਾ ਹੈ। ਇਸ ਲਈ ਕੈਲਸ਼ੀਅਮ ਦੀ ਸਾਨੂੰ ਰੋਜ਼ਾਨਾ ਭੋਜਨ 'ਚ ਲੋੜ ਹੁੰਦੀ ਹੈ।



**ਸੂਰਜ ਦੀਆਂ ਕਿਰਨਾਂ ਤੋਂ ਮਿਲਦਾ ਹੈ ਵਿਟਾਮਿਨ ਡੀ**

ਵਿਟਾਮਿਨ ਡੀ ਸੂਰਜ ਦੀਆਂ ਕਿਰਨਾਂ ਦੁਆਰਾ ਅਸੀਂ ਪ੍ਰਾਪਤ ਕਰ ਸਕਦੇ ਹਾਂ। ਇਸ ਲਈ ਰੋਜ਼ਾਨਾ ਸਵੇਰ ਦੀ ਧੁੱਪ ਲਵਾਉਣ ਨਾਲ ਵਿਟਾਮਿਨ ਡੀ ਪ੍ਰਾਪਤ ਹੋ ਜਾਂਦਾ ਹੈ। ਵਿਟਾਮਿਨ ਡੀ ਭੋਜਨ ਦੇ ਰੂਪ 'ਚ ਫੈਟੀ ਫਿਸ਼ ਜਿਵੇਂ-ਟੂਨਾ, ਸੈਲਮਨ, ਸਾਰਡੀਨ ਆਦਿ। ਕਾਡ ਲਿਵਰ ਆਇਲ, ਆਂਡਾ, ਚੀਜ, ਸੰਤਰੇ ਦਾ ਜੂਸ, ਸੋਇਆ ਮਿਲਕ ਆਦਿ ਤੋਂ ਪ੍ਰਾਪਤ ਹੁੰਦਾ ਹੈ।

**• ਕੈਲਸ਼ੀਅਮ ਕਿਵੇਂ ਪੂਰਾ ਕਰੀਏ?**

ਕੈਲਸ਼ੀਅਮ ਅਸੀਂ ਆਪਣੇ ਰੋਜ਼ਾਨਾ ਭੋਜਨ 'ਚ ਪ੍ਰਾਪਤ ਕਰਦੇ ਹਾਂ। ਇਸ ਲਈ ਰੋਜ਼ਾਨਾ ਲਗਪਗ ਦੋ ਗਲਾਸ ਘੱਟ ਫੈਟ ਵਾਲਾ ਦੁੱਧ ਆਮ ਵਿਅਕਤੀ ਲਈ ਤੇ ਬੱਚਿਆਂ ਨੂੰ ਇਸ ਤੋਂ ਜ਼ਿਆਦਾ ਦੁੱਧ ਦੀ ਲੋੜ ਹੁੰਦੀ ਹੈ। ਇਕ ਛੋਟੀ ਕਟੋਰੀ ਦਹੀਂ ਤੇ 30 ਕੁ ਗ੍ਰਾਮ ਪਨੀਰ ਇਹ ਸਾਰੇ ਦਿਨ ਦੀ ਡਾਈਟ 'ਚ ਸ਼ਾਮਿਲ ਕਰਨ ਨਾਲ ਕੈਲਸ਼ੀਅਮ ਦੀ ਰੋਜ਼ਾਨਾ ਲੋੜ ਪੂਰੀ ਹੁੰਦੀ ਰਹਿੰਦੀ ਹੈ। ਇਸ ਤੋਂ ਇਲਾਵਾ ਦੁੱਧ ਦੀ ਥਾਂ ਸੋਇਆ ਮਿਲਕ, ਸੁੱਕਾ ਦੁੱਧ ਜਾਂ ਬਾਦਾਮ ਦਾ ਦੁੱਧ ਵੀ ਵਰਤਿਆ ਜਾ ਸਕਦਾ ਹੈ। ਹਰੀਆਂ ਸਬਜ਼ੀਆਂ ਜਿਵੇਂ-ਬਰੋਕਲੀ, ਪਾਲਕ, ਸ਼ਿਮਲਾ ਮਿਰਚ, ਹਰੀ ਜਾਂ ਲਾਲ ਮਿਰਚ, ਮੂਲੀ ਜਾਂ ਮੂਲੀ ਦੇ ਪੱਤੇ, ਸ਼ਲਗਮ ਤੇ ਮੇਥੀ ਦੇ ਪੱਤੇ, ਹਰਾ ਧਨੀਆਂ, ਪੁਦੀਨਾ, ਹਰੇ ਪਿਆਜ਼, ਪਿਆਜ਼ ਦੀਆਂ ਹਰੀਆਂ ਭੂਕਾਂ, ਚੁਕੰਦਰ, ਮਸ਼ਰੂਮ, ਫੁੱਲ-ਗੋਭੀ, ਗਾਜਰਾਂ,ਤਿਲ ਆਦਿ ਪਦਾਰਥਾਂ 'ਚ ਕੈਲਸ਼ੀਅਮ ਕਾਫ਼ੀ ਮਾਤਰਾ 'ਚ ਪਾਈ ਜਾਂਦੀ ਹੈ। ਲਗਪਗ ਸਾਰੀਆਂ ਪੱਤੇਦਾਰ ਸਬਜ਼ੀਆਂ ਤੇ ਬਾਕੀ ਸਾਰੀਆਂ ਸਬਜ਼ੀਆਂ, ਫਲ, ਸੁਕੇ ਮੇਵੇ ਤੇ ਬੀਜਾਂ 'ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ, ਫਾਰਸਫੋਰਸ, ਆਇਓਡੀਨ ਕਾਪਰ ਜਿੰਕ ਆਦਿ। ਮਿਨਰਲਜ਼ ਜਿਨ੍ਹਾਂ ਦੀ ਸਰੀਰ ਨੂੰ ਥੋੜ੍ਹੀ ਮਾਤਰਾ 'ਚ ਲੋੜ ਹੁੰਦੀ ਹੈ।

**ਸਬਜ਼ੀਆਂ, ਫਲ, ਸੁੱਕੇ ਮੇਵੇ ਤੇ ਬੀਜਾਂ 'ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਇਨ੍ਹਾਂ 'ਚ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ ਹੁੰਦਾ ਹੈ ਜੋ ਸਿਹਤ ਲਈ ਬਹੁਤ ਲਾਭਕਾਰੀ ਹੈ...**

### ਕੈਲਸ਼ੀਅਮ ਦੀ ਘਾਟ ਦੇ ਲੱਛਣ

- ਯਾਦਦਾਸ਼ਤ ਘੱਟ ਸਕਦੀ ਹੈ।
- ਨਹੁੰ ਕਮਜ਼ੋਰ ਹੋ ਜਾਂਦੇ ਹਨ।
- ਦੰਦ ਭੁਰ ਕੇ ਟੁੱਟ ਸਕਦੇ ਹਨ।
- ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤਾਂ ਥੋੜ੍ਹੀ ਜਿਹੀ ਸੱਟ ਨਾਲ ਟੁੱਟ ਜਾਂਦੀਆਂ ਹਨ।
- ਡਿਪਰੈਸ਼ਨ ਦਾ ਇਕ ਕਾਰਨ ਕੈਲਸ਼ੀਅਮ ਦੀ ਘਾਟ ਹੋ ਸਕਦੀ ਹੈ।
- ਮਾਸ-ਪੇਸ਼ੀਆਂ ਦੀ ਹਿਲਜੁਲ ਘੱਟ ਜਾਂਦੀ ਹੈ।

45ਤੋਂ 50 ਕੁ ਸਾਲ ਦੀ ਉਮਰ ਤੋਂ ਬਾਅਦ ਆਪਣਾ ਕੈਲਸ਼ੀਅਮ ਟੈਸਟ ਕਰਵਾ ਲੈਣਾ ਚਾਹੀਦਾ ਹੈ ਤੇ ਡਾਕਟਰ ਦੀ ਸਲਾਹ ਨਾਲ ਜੇ ਲੋੜ ਹੋਵੇ ਤਾਂ ਕੈਲਸ਼ੀਅਮ ਸਪਲੀਮੈਂਟ ਵਰਤ ਲੈਣੇ ਚਾਹੀਦੇ ਹਨ ਤਾਂ ਜੋ ਕੈਲਸ਼ੀਅਮ ਸਰੀਰ 'ਚ ਪੂਰਾ ਰਹੇ ਤਾਂ ਇਨ੍ਹਾਂ ਸਾਰੀਆਂ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।

95307-49092

---

# ਪਦਮ ਆਸਣ

ਪਦਮ ਆਸਣ ਯੋਗ ਦਾ ਸਭ ਤੋਂ ਮਹੱਤਵਪੂਰਨ ਆਸਣ ਹੈ। ਇਹ ਆਸਣ ਪ੍ਰਾਣਾਯਾਮ ਦਾ ਅਭਿਆਸ ਕਰਨ ਵਿਚ ਮਦਦ ਕਰਦਾ ਹੈ।

### ਜ਼ਰੂਰੀ ਸਮੱਗਰੀ

ਇਕ ਚਾਦਰ ਜਾਂ ਦਰੀ, ਸ਼ੁੱਧ ਅਤੇ ਸ਼ਾਂਤ ਵਾਤਾਵਰਨ।

### ਸਮਾਂ

ਇਸ ਆਸਣ ਨੂੰ ਖ਼ਾਲੀ ਪੇਟ ਕਰੋ ਜਾਂ ਖਾਣਾ ਖਾਣ ਤੋਂ ਤਿੰਨ ਚਾਰ ਘੰਟੇ ਬਾਅਦ ਕਰੋ। ਯੋਗ ਅਭਿਆਸ ਅਸੀਂ ਸਵੇਰ ਦੇ ਨਾਲ-ਨਾਲ ਸ਼ਾਮ ਦੇ ਵੇਲੇ ਵੀ ਕਰ ਸਕਦੇ ਹਾਂ ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪੇਟ ਖ਼ਾਲੀ ਹੋਵੇ ।

### ਵਿਧੀ

- ਸਭ ਤੋ ਪਹਿਲਾਂ ਸੁੱਖ ਆਸਣ (ਚੌਂਕੜੀ ਮਾਰਨਾ) 'ਚ ਬੈਠ ਜਾਓ।
- ਹੁਣ ਆਪਣੀਆਂ ਦੋਵੇਂ ਲੱਤਾਂ ਸਾਹਮਣੇ ਦੀ ਤਰਫ਼ ਖੋਲ੍ਹੋ। ਹੁਣ ਸੱਜੇ ਪੈਰ ਨੂੰ ਖੱਬੇ ਪੱਟ ਅਤੇ ਖੱਬੇ ਪੈਰ ਨੂੰ ਸੱਜੇ ਪੱਟ ਉੱਤੇ ਰੱਖ ਲਵੋ।
- ਦੋਵੇਂ ਹੱਥਾਂ ਦੀਆਂ ਗਿਆਨ ਮੁਦਰਾ (ਅੰਗੂਠੇ ਨਾਲ ਪਹਿਲੀ ਉਂਗਲ ਨੂੰ ਮਿਲਾਓ, ਬਾਕੀ ਤਿੰਨ ਉਂਗਲਾਂ ਬਾਹਰ ਦੀ ਤਰਫ਼ ਖੁੱਲ੍ਹੀਆਂ ਰਹਿਣਗੀਆਂ) ਬਣਾ ਕਿ ਗੋਡਿਆਂ ਉੱਤੇ ਰੱਖ ਲਵੋ।
- ਇਸ ਤਰ੍ਹਾਂ ਕਰਦੇ ਹੋਏ ਹਥੇਲੀਆਂ ਆਸਮਾਨ ਦੀ ਤਰਫ਼ ਹੋਣਗੀਆਂ।
- ਰੀੜ੍ਹ ਦੀ ਹੱਡੀ ਅਤੇ ਗਰਦਨ ਸਿੱਧੀ ਹੋਣੀ ਚਾਹੀਦੀ ਹੈ ਅਤੇ ਅੱਖਾਂ ਬੰਦ।
- ਇਸ ਆਸਣ ਨਾਲ ਅਸੀਂ ਪ੍ਰਾਣਾਯਾਮ ਦਾ ਅਭਿਆਸ ਕਰ ਸਕਦੇ ਹਾਂ।
- ਜੇ ਦੋਵੇਂ ਲੱਤਾਂ ਨਾ ਚੁੱਕ ਸਕੋ ਤਾਂ ਕੁਝ ਦਿਨ ਤਕ ਇਕ-ਇਕ ਲੱਤ ਨਾਲ ਵੀ ਅਭਿਆਸ ਕਰ ਸਕਦੇ ਹੋ।

### ਸਾਵਧਾਨੀਆਂ

- ਮਨ ਤਣਾਅ ਰਹਿਤ ਰਹੇ।
- ਸਾਰਾ ਧਿਆਨ ਆਪਣੇ ਆਸਣ ਵੱਲ ਹੋਵੇ।
- ਸ਼ੁਰੂ ਸ਼ੁਰੂ ਵਿਚ ਜ਼ਿਆਦਾ ਜ਼ੋਰ ਨਾ ਲਾਉ, ਹੌਲੀ ਅਭਿਆਸ ਕਰੋ।
- ਜਿਨ੍ਹਾਂ ਨੇ ਗੋਡਿਆਂ ਦਾ ਆਪਰੇਸ਼ਨ ਕਰਵਾਇਆ ਹੋਵੇ ਉਹ ਇਸ ਨੂੰ ਨਾ ਕਰਨ।
- ਸਮਰੱਥਾ ਤੋਂ ਜ਼ਿਆਦਾ ਜ਼ੋਰ ਨਾ ਲਾਉ।



### ਲਾਭ

- ਇਸ ਨਾਲ ਧਿਆਨ ਸਮਰੱਥਾ ਵਿਚ ਵਾਧਾ ਹੁੰਦਾ ਹੈ।
- ਇਹ ਆਸਣ ਦਿਮਾਗ ਨੂੰ ਸ਼ਾਂਤ ਕਰਦਾ ਹੈ।
- ਪੱਟਾਂ ਨੂੰ ਮਜ਼ਬੂਤ ਕਰਦਾ ਹੈ ।
- ਪੜ੍ਹਨ ਵਾਲੇ ਬੱਚਿਆਂ ਲਈ ਬਹੁਤ ਲਾਭਕਾਰੀ ਹੈ ।
- ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਵਧੀਆ ਹੈ।

---

# ਇਮਿਊਨ ਸਿਸਟਮ



ਸਰੀਰ 'ਚ ਕਮਜ਼ੋਰੀ ਆਉਣ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਜਿਸ ਕਰਕੇ ਰੋਗ ਸਰੀਰ 'ਤੇ ਜਲਦੀ ਅਸਰ ਕਰਦਾ ਹੈ। ਕਮਜ਼ੋਰੀ ਦੇ ਕਾਰਨ ਸਿਰ ਦਰਦ, ਜ਼ੁਕਾਮ ਵਰਗੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਖਾਣੇ 'ਚ ਪਾਲਕ, ਪਪੀਤਾ ਆਦਿ ਸ਼ਾਮਿਲ ਕਰਨੇ ਚਾਹੀਦੇ ਹਨ। ਇਸ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਆਓ ਜਾਣਦੇ ਹਾਂ ਕਮਜ਼ੋਰੀ ਨੂੰ ਦੂਰ ਕਰਨ ਲਈ ਕਿਹੜੀਆਂ ਚੀਜ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

### ਪਾਲਕ

ਸਰੀਰ ਨੂੰ ਸਵਸਥ ਰੱਖਣ ਲਈ ਪਾਲਕ ਦਾ ਸੇਵਨ ਵੀ ਲਾਭਕਾਰੀ ਹੈ। ਹਰ ਰੋਜ਼ ਇਕ ਕੱਪ ਪਾਣੀ 'ਚ 4-5 ਪਾਲਕ ਦੇ ਪੱਤਿਆਂ ਨੂੰ ਪਾ ਕੇ ਉਬਾਲ ਲਓ ਤੇ ਠੰਢਾ ਹੋਣ 'ਤੇ ਅੱਧਾ ਗਿਲਾਸ ਟਮਾਟਰ ਦਾ ਰਸ ਪਾ ਕੇ ਪੀਣਾ ਸਿਹਤ ਲਈ ਗੁਣਕਾਰੀ ਹੁੰਦਾ ਹੈ। ਇਸ ਦੇ ਇਲਾਵਾ ਪਾਲਕ ਤੇ ਟਮਾਟਰ ਦਾ ਸੂਪ ਵੀ ਪੀ ਸਕਦੇ ਹੋ।

### ਪਪੀਤਾ

ਪਪੀਤਾ ਬਲੱਡ ਦੇ ਪਲੇਟਲੈਟਸ ਨੂੰ ਵਧਾਉਣ 'ਚ ਮਦਦ ਕਰਦਾ ਹੈ। ਪਪੀਤੇ ਦੀਆਂ ਪੱਤੀਆਂ ਦਾ ਰਸ ਜਾਂ ਫਿਰ ਪੱਕਾ ਪਪੀਤਾ ਖਾਣਾ ਵੀ ਸਿਹਤਮੰਦ ਹੈ।

### ਚੁਕੰਦਰ

*ਚੁਕੰਦਰ ਨੂੰ ਜ਼ਿਆਦਾ ਸਲਾਦ ਦੇ ਤੌਰ 'ਤੇ ਖਾਧਾ ਜਾਂਦਾ ਹੈ। ਇਸ ਨਾਲ ਕੁਦਰਤੀ ਐਂਟੀਔਕਸੀਡੈਂਟ ਤੇ ਹੇਮੋਸਟੈਟਿਕ ਗੁਣ ਪਾਏ ਜਾਂਦੇ ਹਨ। ਚੁਕੰਦਰ ਦੇ 2 ਚਮਚ ਜੂਸ 'ਚ 1 ਗਲਾਸ ਗਾਜਰ ਦਾ ਜੂਸ ਮਿਲਾ ਕੇ ਪੀਣ ਨਾਲ ਸਰੀਰ ਨੂੰ ਕਾਫ਼ੀ ਫ਼ਾਇਦਾ ਮਿਲਦਾ ਹੈ।*

### ਨਾਰੀਅਲ ਪਾਣੀ

ਸਰੀਰ 'ਚ ਇਲੈਕਟ੍ਰੋਲਾਇਟਸ ਦੀ ਘਾਟ ਹੋਣ 'ਤੇ ਕਮਜ਼ੋਰੀ ਆਉਣੀ ਸ਼ੁਰੂ ਹੋ ਜਾਂਦੀ ਹੈ। ਨਾਰੀਅਲ ਪਾਣੀ ਪੀਣ ਨਾਲ ਇਲੈਕਟ੍ਰੋਲਾਇਟਸ ਦੀ ਮਾਤਰਾ ਪੂਰੀ ਹੋ ਜਾਂਦੀ ਹੈ ਤੇ ਇਹ ਕੁਦਰਤੀ ਖਣਿਜ ਪਦਾਰਥ ਦਾ ਬਹੁਤ ਵਧੀਆ ਸਰੋਤ ਹੈ।

---

# ਕਸਰਤ ਦੇ ਲਾਭਾਂ ਨੂੰ ਵਿਗਾੜਦਾ ਹੈ ਹਵਾ ਦਾ ਪ੍ਰਦੂਸ਼ਣ

ਆਵਾਜਾਈ ਪ੍ਰਦੂਸ਼ਣ ਹੁਣ ਅਜਿਹੇ ਪ੍ਰਕਾਸ਼ਿਤ ਦੋ ਵੱਖਰੇ ਅਧਿਐਨਾਂ ਅਨੁਸਾਰ ਬਜ਼ੁਰਗਾਂ ਅਤੇ ਅਣਜੰਮੇ ਬੱਚਿਆਂ ਲਈ ਸਿਹਤ ਦੇ ਖ਼ਤਰੇ ਖੜ੍ਹਾ ਕਰਦਾ ਹੈ। ਖੋਜ 'ਚ ਪਾਇਆ ਹੈ ਕਿ ਇਕ ਭੀੜ-ਭੜੱਕੇ ਵਾਲੀ ਗਲੀ ਵਿਚ ਦੋ ਘੰਟਿਆਂ ਦੀ ਸੈਰ ਕਰਦੇ ਸਮੇਂ ਬਿਰਧ ਲੋਕਾਂ ਦੇ ਹਵਾ ਦੇ ਪ੍ਰਦੂਸ਼ਣ ਦੀ ਖ਼ੁਰਾਕ ਪਾਈ ਜਾਂਦੀ ਹੈ ਅਤੇ ਉਨ੍ਹਾਂ ਖ਼ੂਨ ਦੀਆਂ ਨਾੜੀਆਂ ਵਿਚ ਨੁਕਸ ਪੈ ਜਾਂਦਾ ਹੈ ਅਤੇ ਫੇਫੜਿਆਂ ਦੇ ਫੈਲਣ ਵਿਚ ਪਰੇਸ਼ਾਨੀ ਹੁੰਦੀ ਹੈ। ਪੈਦਲ ਚੱਲਣ ਵਾਲਾ ਇਕ ਅਸਰਦਾਰ ਪ੍ਰਭਾਵੀ ਅਭਿਆਸ ਹੈ ਜੋ ਐੱਨਐੱਚਐੱਸ ਦੁਆਰਾ ਬਜ਼ੁਰਗਾਂ ਲਈ ਆਪਣੀ ਕਾਰਡੀਓਵੈਸਕੁਲਰ ਫਿਟਨੈਸ ਨੂੰ ਬਿਹਤਰ ਬਣਾਉਣ ਲਈ ਸਿਫਾਰਸ਼ ਕਰਦਾ ਹੈ। ਅਧਿਐਨ ਤੋਂ ਪਤਾ ਲੱਗਾ ਹੈ ਕਿ ਹਵਾ ਪ੍ਰਦੂਸ਼ਣ ਦੇ ਪ੍ਰਭਾਵ ਨੇ ਇਸ ਨੂੰ ਨਕਾਰ ਦਿੱਤਾ ਹੈ। ਸਿਹਤਮੰਦ ਭਾਗੀਦਾਰਾਂ ਵਿਚ ਹੈਡ ਪਾਰਕ ਵਿਚ ਸੈਰ ਹਵਾ ਦੀ ਮਾਤਰਾ 'ਚ 7.5 ਫ਼ੀਸਦੀ ਸੁਧਾਰ ਹੋਇਆ। ਜਿਸ ਨਾਲ ਉਨ੍ਹਾਂ ਨੂੰ ਸਾਹ ਚੜ੍ਹਨ ਅਤੇ ਖ਼ੂਨ ਦੇ ਪ੍ਰਵਾਹ 'ਚ ਸੁਧਾਰ ਲਿਆ ਗਿਆ ਸੀ ਜੋ 26 ਘੰਟਿਆਂ ਤਕ ਜਾਰੀ ਰਿਹਾ। ਟ੍ਰੈਫਿਕ ਦੇ ਪ੍ਰਦੂਸ਼ਣ ਦੇ ਥੋੜ੍ਹੇ ਸਮੇਂ ਦੇ ਸੰਪਰਕ 'ਚ ਉਸ ਸਮੇਂ ਦੌਰਾਨ ਸਰੀਰਕ ਗਤੀਵਿਧੀ ਦੇ ਕਾਰਡੀਓ-ਪ੍ਰਤਿਕਿਰਿਆਤਮਕ ਲਾਭਾਂ ਨੂੰ ਰੋਕਿਆ ਗਿਆ ਹੈ। ਜਦੋਂ ਤੁਸੀਂ ਤੁਰਦੇ ਹੋ ਤਾਂ ਤੁਹਾਡੇ ਏਅਰਵੇਜ਼ ਖੁੱਲ੍ਹ ਜਾਂਦੇ ਹਨ ਅਤੇ ਤੁਹਾਡੇ ਖ਼ੂਨ ਦੀਆਂ ਨਾੜਾਂ ਢਲ ਜਾਂ ਖੁੱਲ੍ਹਦੀਆਂ ਹਨ। ਸੈਰ ਕਰਨ ਤੋਂ ਬਾਅਦ ਫੇਫੜਿਆਂ ਦੀ ਸਮਰੱਥਾ 'ਚ ਸਿਰਫ਼ ਛੋਟੀਆਂ ਤਬਦੀਲੀਆਂ ਹੀ ਨਹੀਂ ਬਲਕਿ ਵੱਡੀਆਂ ਤਬਦੀਲੀਆਂ ਵੀ ਆਉਂਦੀਆਂ ਹਨ।

ਜਦੋਂ ਤੁਸੀਂ ਪ੍ਰਦੂਸ਼ਿਤ ਖੇਤਰਾਂ 'ਚ ਅਭਿਆਸ ਕਰਦੇ ਹੋ ਤਾਂ ਤੁਸੀਂ ਵਧੇਰੇ ਸਾਹ ਲੈਂਦੇ ਹੋ ਤੇ ਤੁਸੀਂ ਜ਼ਿਆਦਾਤਰ ਕਣਾਂ ਅਤੇ ਗੈਸਾਂ ਨੂੰ ਆਪਣੇ ਫੇਫੜਿਆਂ 'ਚ ਪਹੁੰਚਾਉਂਦੇ ਹੋ। ਇਸ ਨੂੰ ਬਹੁਤ ਸਾਰੇ ਬਿਰਧ ਲੋਕਾਂ ਲਈ ਰੁਕਾਵਟ ਦੇ ਰੂਪ 'ਚ ਨਹੀਂ ਦੇਖਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਲਈ ਚੱਲਣ ਦਾ ਇਕੋ ਇਕ ਢੰਗ ਹੈ। ਅਸੀਂ ਸੁਝਾਅ ਦਿੰਦੇ ਹਾਂ ਕਿ, ਜਿੱਥੇ ਸੰਭਵ ਹੋਵੇ ਪਾਰਕ ਜਾਂ ਹੋਰ ਖ਼ਾਲੀ ਸਥਾਨਾਂ 'ਚ ਰੁੱਝੇ ਸੜਕਾਂ ਤੋਂ ਦੂਰ ਚਲੇ ਜਾਂਦੇ ਹਨ।

• ਵਿਜੈ ਗਰਗ



---

# ਕੈਂਸਰ ਦਾ ਪਤਾ ਕਿਵੇਂ ਲਗਾਈਏ

ਦੇਸ਼ 'ਚ ਹਰ ਸਾਲ 14.5 ਲੱਖ ਕੈਂਸਰ ਦੇ ਨਵੇਂ ਮਾਮਲੇ ਆਉਂਦੇ ਹਨ। ਕੈਂਸਰ ਤੇਜ਼ੀ ਨਾਲ ਫੈਲ ਰਿਹਾ ਹੈ ਲਾਇਫ਼ ਸਟਾਇਲ ਵਿਚ ਤਬਦੀਲੀ, ਸਮੇਂ ਸਿਰ ਜਾਂਚ ਅਤੇ ਠੀਕ ਇਲਾਜ ਨਾਲ ਕੈਂਸਰ ਉੱਤੇ ਵੀ ਸ਼ਕੰਜਾ ਕਸਿਆ ਜਾ ਸਕਦਾ ਹੈ। ਇਹੋ ਨਹੀਂ ਥੋੜ੍ਹੀ ਕੋਸ਼ਿਸ਼ ਅਤੇ ਸਾਵਧਾਨੀ ਨਾਲ ਇਸ ਤੋਂ ਬਚਾਅ ਵੀ ਕਾਫ਼ੀ ਹੱਦ ਤਕ ਸੰਭਵ ਹੈ ਪਰ ਸਮਾਜ ਨੂੰ ਇਹ ਪਤਾ ਹੀ ਨਹੀਂ ਚਲਦਾ ਕਿ ਬੰਦਾ ਕੈਂਸਰ ਤੋਂ ਪੀੜਤ ਹੈ। ਅੱਜ ਜ਼ਰੂਰਤ ਹੈ ਕਿ ਜਲਦੀ ਤੋਂ ਜਲਦੀ ਬਿਮਾਰੀ ਦਾ ਪਤਾ ਲੱਗੇ ਤਾਂ ਕਿ ਸੰਪੂਰਨ ਇਲਾਜ ਹੋ ਸਕੇ। ਸੋ ਕੈਂਸਰ ਰੋਗ ਦਾ ਜਲਦੀ ਪਤਾ ਕਿਵੇਂ ਲੱਗ ਸਕੇ 'ਤੇ ਵਿਚਾਰ ਕਰਨਾ ਜ਼ਰੂਰੀ ਹੋ ਗਿਆ ਹੈ।

### ਸਮੇਂ ਸਿਰ ਜਾਂਚ ਕਰਾਓ

ਔਰਤਾਂ 20-30 ਸਾਲ ਦੀ ਉਮਰ 'ਚ ਬਰੈਸਟ ਦੀ ਜਾਂਚ ਕਰਵਾਉਣੀ ਚਾਹੀਦੀ ਹੈ। 30-40 ਸਾਲ ਦੀ ਉਮਰ 'ਚ ਡਾਕਟਰ ਤੋਂ ਜਾਂਚ ਕਰਾਓ। ਬਰੈਸਟ ਕੈਂਸਰ ਦੀ ਫੈਮਿਲੀ ਹਿਸਟਰੀ ਹੈ ਤਾਂ 40 ਸਾਲ ਦੀ ਉਮਰ 'ਚ ਅਲਟਰਾਸਾਊਂਡ ਜ਼ਰੂਰ ਕਰਾ ਲਵੋ। ਘੱਟ ਉਮਰ 'ਚ ਬਰੈਸਟ ਠੋਸ ਹੁੰਦੀ ਹੈ ਅਤੇ ਅਜਿਹੇ 'ਚ ਕਈ ਵਾਰ ਮੈਮੋਗ੍ਰਾਫੀ 'ਚ ਠੀਕ ਰੀਡਿੰਗ ਨਹੀਂ ਆ ਪਾਉਂਦੀ। ਇਸ ਦੇ ਇਲਾਵਾ ਰੈਡੀਏਸ਼ਨ ਵੀ ਹੁੰਦਾ ਹੈ। ਅਜਿਹੇ 'ਚ ਡਾਕਟਰ ਤੋਂ ਪੁੱਛ ਕੇ ਹੀ ਮੈਮੋਗ੍ਰਾਫੀ ਕਰਾਓ। ਜੇ ਪਾਨ-ਗੁਟਕਾ ਖਾਂਦੇ ਹੋ ਤਾਂ 30 ਸਾਲ ਦੇ ਬਾਅਦ ਹਰ ਸਾਲ ਇਕ ਵਾਰ ਸਪੈਸ਼ਲਿਸਟ ਜਾਂ ਫਿਰ ਹੈਡ-ਨੇਕ ਸਰਜਨ ਤੋਂ ਆਪਣੇ ਮੂੰਹ ਅਤੇ ਗਲ਼ੇ ਦੀ ਜਾਂਚ ਕਰਾਓ।

### ਰਹੋ ਚੌਕਸ

ਜੇ ਸਰੀਰ 'ਚ ਕਿਤੇ ਵੀ ਕੋਈ ਗੱਠ, ਫੋੜਾ ਆਦਿ ਹੈ ਜੋ ਕਿ ਤਿੰਨ ਹਫ਼ਤੇ ਤੋਂ ਜ਼ਿਆਦਾ ਵਕਤ ਤੋਂ ਠੀਕ ਨਹੀਂ ਹੋ ਰਿਹਾ, ਕਿਤੇ ਬਲੀਡਿੰਗ ਹੋ ਰਹੀ ਹੈ ਜਾਂ ਭਾਰ ਤੇਜ਼ੀ ਨਾਲ ਡਿੱਗ ਰਿਹਾ ਹੈ, ਵਾਰ-ਵਾਰ ਬੁਖ਼ਾਰ ਆਉਂਦਾ ਹੈ ਤਾਂ ਡਾਕਟਰ ਨੂੰ ਦਿਖਾਓ। ਹਾਲਾਂਕਿ ਇਹ ਲੱਛਣ ਕੈਂਸਰ ਦੇ ਇਲਾਵਾ ਦੂਜੀ ਬਿਮਾਰੀਆਂ ਦੇ ਵੀ ਹੋ ਸਕਦੇ ਹਨ ਪਰ ਜਾਂਚ ਕਰਾਉਣ ਦਾ ਫ਼ਾਇਦਾ ਇਹ ਹੈ ਕਿ ਸ਼ੁਰੂਆਤੀ ਸਟੇਜ 'ਚ ਜਾਣਕਾਰੀ ਮਿਲਣ ਨਾਲ ਇਲਾਜ ਦੀ ਉਮੀਦ ਵੱਧ ਜਾਂਦੀ ਹੈ।

### ਬਰੈਸਟ ਕੈਂਸਰ ਲਈ ਬਰੈਕਾ ਟੈਸਟ

ਜੇ ਮਾਂ ਜਾਂ ਭੈਣ ਨੂੰ ਬਰੈਸਟ ਕੈਂਸਰ ਹੋਇਆ ਹੈ ਤਾਂ ਧੀ ਨੂੰ ਬਰੈਸਟ ਕੈਂਸਰ ਜੀਨ ਟੈਸਟ ਕਰਾ ਲੈਣਾ ਚਾਹੀਦਾ ਹੈ। ਇਹ ਟੈਸਟ ਜੀਂਸ 'ਚ ਕਿਸੇ ਤਰ੍ਹਾਂ ਦੀ ਗੜਬੜੀ ਹੈ ਤਾਂ ਉਸ ਦੀ ਜਾਣਕਾਰੀ ਦਿੰਦਾ ਹੈ। ਇਸ ਨੂੰ ਕਿਸੇ ਵੀ ਉਮਰ 'ਚ ਕਰਾ ਸਕਦੇ ਹੋ।

ਜੇ ਬਰੇਕਾ-1 'ਚ ਗੜਬੜੀ ਨਿਕਲਦੀ ਹੈ ਤਾਂ ਜ਼ਿੰਦਗੀ 'ਚ ਕਦੇ ਵੀ ਕੈਂਸਰ ਹੋਣ ਦਾ ਸੰਦੇਹ 80 ਫ਼ੀਸਦੀ ਤਕ ਅਤੇ ਬਰੇਕਾ-2 'ਚ ਗੜਬੜੀ ਹੈ ਤਾਂ ਕੈਂਸਰ ਦਾ ਸੰਦੇਹ 50 ਫ਼ੀਸਦੀ ਤਕ ਵੱਧ ਜਾਂਦਾ ਹੈ। ਜੇ ਟੈਸਟ ਪਾਜ਼ਿਟਿਵ ਆਉਂਦਾ ਹੈ ਤਾਂ ਡਾਕਟਰ ਦੀ ਸਲਾਹ ਨਾਲ ਲਾਇਫ਼ ਸਟਾਇਲ ਸੁਧਾਰ ਕੇ ਕੈਂਸਰ ਦੀ ਸੰਦੇਹ ਨੂੰ ਘੱਟ ਕੀਤਾ ਜਾ ਸਕਦਾ ਹੈ ਜਾਂ ਇਸ ਦੇ ਹੋਣ ਵਾਲੇ ਖ਼ਤਰੇ ਨੂੰ ਟਾਲਿਆ ਜਾ ਸਕਦਾ ਹੈ।

### ਫੇਫੜਿਆਂ ਦੇ ਕੈਂਸਰ ਲਈ ਸੀਟੀ ਸਕੈਨ

ਜੇ ਕੋਈ ਬਹੁਤ ਸਿਗਰਟ ਬੀੜੀ ਪੀਂਦਾ ਹੈ। 15-20 ਸਾਲ ਤੋਂ ਸਮੋਕ ਕਰ ਰਿਹਾ ਹੈ ਅਤੇ ਖਾਂਸੀ ਵੀ ਹੈ ਤਾਂ ਉਸ ਨੂੰ ਫੇਫੜਿਆਂ ਦੀ ਸੀਟੀ ਸਕੈਨ ਕਰਾ ਲੈਣਾ ਚਾਹੀਦਾ ਹੈ। ਹੁਣ ਅਜਿਹੇ ਲੋਕਾਂ ਲਈ ਲਓ ਡੋਜ ਚੈਸਟ ਸੀਟੀ ਸਕੈਨ ਵੀ ਕੀਤਾ ਜਾਂਦਾ ਹੈ ਜਿਸ ਦੀ ਰੇਡੀਏਸ਼ਨ ਵੀ ਘੱਟ ਹੁੰਦੀ ਹੈ। ਜੇ ਰਿਸਕ ਨਹੀਂ ਹੈ ਤਾਂ ਵੀ 40 ਸਾਲ ਦੀ ਉਮਰ 'ਚ ਇਕ ਵਾਰ ਫੇਫੜਿਆਂ ਦਾ ਸੀਟੀ ਸਕੈਨ ਕਰਾ ਲੈਣਾ ਚਾਹੀਦਾ ਹੈ।

### ਪ੍ਰੋਸਟੇਟ ਕੈਂਸਰ ਲਈ

50 ਸਾਲ ਦੀ ਉਮਰ 'ਚ ਪੁਰਸ਼ਾਂ ਨੂੰ ਪੀਐਸਏ ਟੈਸਟ ਕਰਾ ਲੈਣਾ ਚਾਹੀਦਾ ਹੈ। ਜੇ ਫੈਮਿਲੀ ਹਿਸਟਰੀ ਹੈ ਤਾਂ 40 ਸਾਲ ਦੀ ਉਮਰ ਵਿਚ ਹੀ ਇਹ ਟੈਸਟ ਕਰਾ ਲਵੋ। ਇਸ ਦੇ ਇਲਾਵਾ ਫਿਜ਼ਿਕਲ ਏਗਜ਼ਾਮਨੇਸ਼ਨ ਨਾਲ ਵੀ ਪ੍ਰੋਸਟੇਟ ਦੇ ਸਾਇਜ਼ ਆਦਿ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਇਸ ਨੂੰ ਡਿਜ਼ਿਟਲ ਰੇਕਟਲ ਏਗਜ਼ਾਮਿਨੇਸ਼ਨ ਕਿਹਾ ਜਾਂਦਾ ਹੈ। ਜੇ ਕੋਈ ਗੜਬੜੀ ਨਜ਼ਰ ਆਉਂਦੀ ਹੈ ਤਾਂ ਇਲਾਜ ਕੀਤਾ ਜਾ ਸਕਦਾ ਹੈ।

### ਕੋਲੋਨ ( ਅੰਤੜੀ ) ਕੈਂਸਰ ਲਈ ਸਟੂਲ ਆਕਲਟ ਬਲਡ ਟੈਸਟ

ਜੇ ਟੱਟੀ 'ਚ ਖ਼ੂਨ ਆ ਰਿਹਾ ਹੈ ਤਾਂ ਸਟੂਲ ਆਕਲਟ ਬਲਡ ਟੈਸਟ ਕਰਾਓ। ਜੇ ਕੋਈ ਗੜਬੜੀ ਨਿਕਲਦੀ ਹੈ ਤਾਂ ਕੋਲੋਨੋਸਕੋਪੀ ਕਰਾ ਸਕਦੇ ਹੋ ਜਿਸ ਦੇ ਨਾਲ ਕੈਂਸਰ ਦੀ ਜਾਣਕਾਰੀ ਮਿਲ ਜਾਂਦੀ ਹੈ। ਇਹ ਸੱਚ ਹੈ ਕਿ ਆਪਣੇ ਦੇਸ਼ 'ਚ ਹਰ ਕੋਈ ਆਪਣੇ ਸਰੀਰ ਦਾ ਟੈਸਟ ਕਰਾਉਣ ਤੋਂ ਡਰਦਾ ਹੈ ਕਿ ਕਿਤੇ ਕੁਝ ਗੜਬੜ ਨਾ ਆ ਜਾਵੇ ਅਤੇ ਇਸੇ ਡਰ ਕਾਰਨ ਬਿਮਾਰੀ ਵੱਧਦੀ ਜਾਂਦੀ ਹੈ ਅਤੇ ਅੰਤ ਖ਼ਤਰਨਾਕ ਹਾਲਤ ਹੁੰਦੀ ਹੈ। ਤੁਹਾਡੀ ਸਹਾਇਤਾ ਕਰਨ ਲਈ ਡਾਕਟਰ ਹਨ। ਤੁਹਾਡਾ ਸਮੇਂ ਸਿਰ ਇਲਾਜ ਹੋ ਜਾਵੇਗਾ ਤੇ ਤੁਸੀ ਤੰਦਰੁਸਤ ਜੀਵਨ ਜੀ ਸਕੋਗੇ। ਸਿਹਤ ਖੇਤਰ ਨਾਲ ਜੁੜ੍ਹੇ ਹਰ ਇਕ ਬੰਦਾ ਦਾ ਟੀਚਾ ਇਹੋ ਹੀ ਹੁੰਦਾ ਹੈ ਸਭ ਲਈ ਤੰਦਰੁਸਤ ਜੀਵਨ ਤੇ ਲੰਮੀ ਉਮਰ।

• ਡਾ: ਰਿਪੁਦਮਨ ਸਿੰਘ,
ਡਾ: ਹਰਪ੍ਰੀਤ ਸਿੰਘ ਕਾਲਰਾ
9815200134



---

# ਪਿੱਠ ਦਰਦ ਹੋ ਸਕਦਾ ਹੈ ਗੰਭੀਰ

**ਪਿੱਠ ਦਰਦ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਜ਼ਿਆਦਾ ਦੇਰ ਤਕ ਬੈਠੇ ਰਹਿਣ ਨਾਲ ਪੱਠਿਆਂ ਉੱਪਰ ਵਧੇਰੇ ਜ਼ੋਰ ਪੈਂਦਾ ਹੈ ਅਤੇ ਉਸ ਸਮੇਂ ਨਾੜੀਆਂ ਆਦਿ 'ਚ ਖਿਚਾਅ ਵਧ ਜਾਂਦਾ ਹੈ...**

ਮਨੁੱਖੀ ਰੀੜ੍ਹ ਦੀ ਹੱਡੀ ਛੋਟੀਆਂ - ਮੋਟੀਆਂ ਹੱਡੀਆਂ ਨਾਲ ਸਬੰਧਤ ਹੈ। ਇਹ ਹੱਡੀਆਂ ਪੱਠਿਆਂ ਨਾਲ ਇਸ ਤਰ੍ਹਾਂ ਜੁੜੀਆਂ ਹੋਈਆਂ ਹਨ ਕਿ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਸਿੱਧਾ ਤੇ ਮਜ਼ਬੂਤ ਰੱਖਦੀਆਂ ਹਨ। ਪੱਠਿਆਂ ਦੇ ਨਾਲ-ਨਾਲ ਦੋ ਹੱਡੀਆਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਸ਼ਾਕ ਆਬਜ਼ਰਵਰਾਂ ਦਾ ਕੰਮ ਕਰਦੀਆਂ ਹਨ ਅਤੇ ਇਨ੍ਹਾਂ ਦੋਵਾਂ ਦਾ ਸਬੰਧ ਪਿੱਠ ਤੋਂ ਐਨ ਹੇਠਾਂ ਸਿੱਧਾ ਰੀੜ੍ਹ ਦੀ ਹੱਡੀ ਥੱਲੇ ਬਣੀ ਚੱਪਣੀ ਨਾਲ ਹੁੰਦਾ ਹੈ, ਜਿਸ ਨੂੰ ਡਿਸਕ ਵੀ ਆਖਦੇ ਹਨ।

### ਦਰਦ ਦੀ ਸ਼ੁਰੂਆਤ

ਪਿੱਠ ਦਰਦ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਜ਼ਿਆਦਾ ਦੇਰ ਤਕ ਬੈਠੇ ਰਹਿਣ ਨਾਲ ਪੱਠਿਆਂ ਉੱਪਰ ਵਧੇਰੇ ਜ਼ੋਰ ਪੈਂਦਾ ਹੈ ਅਤੇ ਉਸ ਸਮੇਂ ਨਾੜੀਆਂ ਆਦਿ 'ਚ ਖਿਚਾਅ ਵਧ ਜਾਂਦਾ ਹੈ। ਕਈ ਵਾਰੀ ਇਹ ਦਰਦ ਹੱਡੀਆਂ ਦਾ ਠੀਕ ਤਰ੍ਹਾਂ ਨਾਲ ਵਿਕਾਸ ਨਾ ਹੋਣ ਕਾਰਨ ਵੀ ਹੋ ਸਕਦਾ ਹੈ। ਅਜਿਹੇ ਕੇਸ ਆਮ ਤੌਰ 'ਤੇ ਬਚਪਨ ਵਿਚ ਵੇਖਣ ਨੂੰ ਮਿਲਦੇ ਹਨ। ਹੋਰ ਕਾਰਨਾਂ ਵਿਚ ਰੀੜ੍ਹ ਦੀ ਹੱਡੀ ਜਾਂ ਇਸ ਨਾਲ ਸਬੰਧਤ ਹੋਰ ਹੱਡੀਆਂ ਉੱਪਰ ਸੱਟ ਦਾ ਲੱਗ ਜਾਣਾ ਹੈ। ਅਕਸਰ ਟੀ.ਬੀ. ਅਲਸਰ ਅਤੇ ਕਿਡਨੀ ਵਰਗੀਆਂ ਬੀਮਾਰੀਆਂ ਨਾਲ ਵੀ ਪਿੱਠ ਦਰਦ ਸ਼ੁਰੂ ਹੋ ਜਾਂਦਾ ਹੈ। ਇਹ ਦਰਦ ਸਿਰਫ਼ ਖ਼ੂਨ ਦੀ ਖ਼ਰਾਬੀ ਕਾਰਨ ਹੀ ਹੁੰਦਾ ਹੈ ਅਤੇ ਕੁਝ ਦਿਨਾਂ ਬਾਅਦ ਆਪਣੇ-ਆਪ ਠੀਕ ਹੋ ਜਾਂਦਾ ਹੈ। ਪਿੱਠ ਦਰਦ ਕੇਵਲ ਜਿਸਮਾਨੀ ਵਜ੍ਹਾ ਕਰ ਕੇ ਹੀ ਨਹੀਂ ਸਗੋਂ ਦਿਮਾਗ਼ੀ ਹਾਲਤਾਂ ਕਰ ਕੇ ਵੀ ਹੋ ਸਕਦਾ ਹੈ।ਭਾਵੇਂ ਇਸ ਨੂੰ ਬਹੁਤਾ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ, ਫਿਰ ਵੀ ਇਹ ਕਾਫ਼ੀ ਪੇਚੀਦਾ ਰੋਗ ਹੈ। ਇਕ ਜਾਣਕਾਰੀ ਅਨੁਸਾਰ ਵੱਡੀ ਉਮਰ ਦੇ ਬਹੁਤ ਸਾਰੇ ਲੋਕ ਇਸ ਰੋਗ ਤੋਂ ਪੀੜਤ ਹਨ। ਬਹਤੇ ਕੰਮਾਂ 'ਚ ਜਦੋਂ ਆਦਮੀ ਕੰਮ ਕਰਨ ਲੱਗਾ ਜਾਂ ਠੀਕ ਤਰੀਕੇ ਨਾਲ ਨਹੀਂ ਬੈਠਦਾ ਤਾਂ ਉਸ ਵੇਲੇ ਪਿੱਠ ਦੀਆਂ ਨਾੜਾਂ 'ਤੇ ਨਿਰੰਤਰ ਦਬਾਅ ਪੈਂਦਾ ਹੈ ਜੋ ਨਾੜਾਂ ਨੂੰ ਖਿੱਚਦਾ ਹੈ ਅਤੇ ਨਾੜਾਂ ਤਣ ਜਾਂਦੀਆਂ ਹਨ। ਜਿਹੜੇ ਲੋਕ ਦਿਮਾਗ਼ੀ ਕੰਮ ਜ਼ਿਆਦਾ ਨਹੀਂ ਕਰਦੇ ਅਤੇ ਜਿਸਮਾਨੀ ਮਜ਼ਦੂਰੀ ਕਰਦੇ ਹਨ ਉਨ੍ਹਾਂ ਨੂੰ ਵੀ ਪਿੱਠ ਦਰਦ ਦੀ ਸ਼ਿਕਾਇਤ ਰਹਿੰਦੀ ਹੈ। ਦਫ਼ਤਰਾਂ 'ਚ ਕਲਰਕਨੁਮਾ ਲੋਕ ਜਿਨ੍ਹਾਂ ਨੂੰ ਲੰਬੇ ਸਮੇਂ ਤਕ ਕੁਰਸੀ ਉੱਪਰ ਬੈਠਣਾ ਪੈਂਦਾ ਹੈ, ਉਨ੍ਹਾਂ ਨੂੰ ਵੀ ਇਹ ਰੋਗ ਅਵੇਸਲਿਆਂ ਹੀ ਹੋ ਜਾਂਦਾ ਹੈ, ਉਹ ਲਗਾਤਾਰ ਇਕ ਸ਼ਕਲ ਵਿਚ ਨਹੀਂ, ਸਗੋਂ ਵਾਰ-ਵਾਰ ਆਸਣ ਬਦਲ ਕੇ ਬੈਠਣਗੇ।

### ਉਪਾਅ

- ਜਿਸ ਮੌਕੇ ਪਿੱਠ ਦਰਦ ਸ਼ੁਰੂ ਹੋਵੇ ਉਸ ਵੇਲੇ ਸਭ ਤੋਂ ਵਧੀਆ ਤਰੀਕਾ ਹੈ ਕਿ ਰੋਗੀ ਨੂੰ ਪੂਰਾ ਆਰਾਮ ਦਿੱਤਾ ਜਾਵੇ। ਆਰਾਮ ਸਮੇਂ ਮੰਜਾ ਆਦਿ ਕਸਿਆ ਹੋਣਾ ਚਾਹੀਦਾ ਹੈ ਪਰ ਉਸ ਉੱਪਰ ਕੱਪੜਾ ਜ਼ਰੂਰ ਹੋਵੇ ਕਿਉਂਕਿ ਜੇ ਆਦਮੀ ਕੁਸ਼ਨ ਆਦਿ ਵਾਲੇ ਬਿਸਤਰੇ 'ਤੇ ਸੌਂਦਾ ਹੈ ਅਤੇ ਜੇ ਉਸ ਦੇ ਅਚਾਨਕ ਦਰਦ ਸ਼ੁਰੂ ਹੋਣ 'ਤੇ ਉਸ ਨੂੰ ਸਖ਼ਤ ਬੈੱਡ ਆਦਿ 'ਤੇ ਲਿਟਾਅ ਦਿੱਤਾ ਜਾਵੇ ਤਾਂ ਦਰਦ ਘਟਣ ਦੀ ਬਜਾਏ ਵਧ ਜਾਵੇਗਾ। ਇਸ ਦਾ ਮੰਤਵ ਤਾਂ ਪਿੱਠ ਨੂੰ ਸਹਾਰਾ ਦੇਣਾ ਹੁੰਦਾ ਹੈ। ਇਸ ਲਈ ਦੋ ਇੰਚ ਤੈਅ ਵਾਲਾ ਕੁਸ਼ਨ ਵਰਤਿਆ ਜਾ ਸਕਦਾ ਹੈ।
- ਜਿਨ੍ਹਾਂ ਲੋਕਾਂ ਨੂੰ ਇਹ ਦਰਦ ਵਧੇਰੇ ਹੁੰਦੀ ਹੈ, ਵਧੇਰੇ ਮਾਮਲਿਆਂ ਵਿਚ ਇਹ ਡਿਸਕ ਦੇ ਹਿੱਲ ਜਾਣ ਕਾਰਨ ਹੁੰਦੀ ਹੈ। ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਜੇ ਇਹ ਆਪਣੇ ਪਹਿਲੇ ਸਥਾਨ 'ਤੇ ਆ ਜਾਵੇ ਤਾਂ ਠੀਕ ਹੈ। ਨਹੀਂ ਤਾਂ ਇਸ ਨੂੰ ਕਢਵਾ ਦੇਣਾ ਹੀ ਬਿਹਤਰ ਹੈ। ਇਸ ਦੇ ਨਿਕਲ ਜਾਣ ਨਾਲ ਇਸ ਦਾ ਸਰੀਰ 'ਤੇ ਕਿਸੇ ਤਰ੍ਹਾਂ ਦਾ ਵੀ ਮਾੜੂ ਅਸਰ ਨਹੀਂ ਪੈਂਦਾ।ਉਲਟਾ ਜਾਨ ਸੁਖਾਲੀ ਰਹਿੰਦੀ ਹੈ।
- ਇਸ ਰੋਗ ਤੋਂ ਬਚਣ ਲਈ ਆਪਣੀ ਕਮਰ ਇੰਨੀ ਸਿੱਧੀ ਤੇ ਤਣੀ ਹੋਈ ਰੱਖੋ ਕਿ ਪਿੱਠ ਨੂੰ ਕਿਸੇ ਤਰ੍ਹਾਂ ਦੇ ਸਹਾਰੇ ਆਦਿ ਦੀ ਲੋੜ ਨਾ ਪਵੇ। ਨਰਮ ਬਿਸਤਰੇ ਉੱਪਰ ਸੌਣ ਤੋਂ ਸੰਕੋਚ ਕਰੋ। ਨਰਮ ਬਿਸਤਰਾ ਵੀ ਇਸ ਰੋਗ ਦਾ ਕਾਰਨ ਬਣ ਸਕਦਾ ਹੈ।
- ਜੇ ਬਹੁਤ ਸਖ਼ਤ ਕੰਮ ਨਹੀਂ ਕਰਦੇ ਤਾਂ ਸਰੀਰ ਨੂੰ ਬਹੁਤਾ ਜੰਪ ਨਾ ਕਰਵਾਓ। ਸੱਟ -ਫੇਟ ਤੋਂ ਬਚੋ। ਹੋ ਸਕੇ ਤਾਂ ਜਿਸਮਾਨੀ ਕਸਰਤ ਕਰੋ। ਸਭ ਤੋਂ ਵਧੀਆ ਕਸਰਤ ਤੈਰਾਕੀ ਹੈ।
- ਜੇ ਇਹ ਰੋਗ ਕਿਸੇ ਤਰ੍ਹਾਂ ਵੀ ਦੂਰ ਨਾ ਹੋਵੇ ਤਾਂ ਕਿਸੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।



### ਸਾਵਧਾਨੀ

- ਕਈ ਵਾਰ ਇਹ ਰੋਗ ਇੰਨਾ ਵੱਧ ਜਾਂਦਾ ਹੈ ਕਿ ਰੋਗੀ ਬੇਹੋਸ਼ ਤਕ ਹੋ ਜਾਂਦਾ ਹੈ। ਇਸ ਸਮੇਂ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ। ਇਸ ਸਮੇਂ ਕੀਤੀ ਥੋੜ੍ਹੀ ਦੇਰੀ ਵੀ ਖ਼ਤਰਨਾਕ ਹੋ ਸਕਦੀ ਹੈ। ਇਸ ਲਈ ਆਪਣੀ ਸਿਹਤ ਦੀ ਤੰਦਰੁਸਤੀ ਲਈ ਇਨ੍ਹਾਂ ਸਾਵਧਾਨੀਆਂ ਨੂੰ ਜ਼ਰੂਰ ਧਿਆਨ 'ਚ ਰੱਖੋ।

## ਸੰਪਾਦਕੀ

# ਸਾਰਿਆਂ ਲਈ ਮਕਾਨ

ਮੱਧ-ਆਮਦਨ ਵਰਗ ਲਈ ਘਰਾਂ/ਮਕਾਨਾਂ ਦੀ ਸਕੀਮ ਅਤੇ ਪੇਂਡੂ ਖੇਤਰਾਂ ਵਿਚ ਵਾਧੂ ਦੋ ਕਰੋੜ ਮਕਾਨਾਂ ਦੀ ਉਸਾਰੀ ਨਾਲ ਕੇਂਦਰ ਸਰਕਾਰ ਦੇ 'ਸਾਰਿਆਂ ਲਈ ਘਰ' ਦੇ ਏਜੰਡੇ ਨੂੰ ਹੁਲਾਰਾ ਮਿਲਣ ਦੀ ਉਮੀਦ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਆਪਣੇ ਬਜਟ ਭਾਸ਼ਣ ਦੌਰਾਨ ਕਿਰਾਏ ਦੇ ਮਕਾਨਾਂ ਜਾਂ ਝੁੱਗੀ ਬਸਤੀਆਂ ਜਾਂ ਨਾਜਾਇਜ਼ ਕਾਲੋਨੀਆਂ ਆਦਿ ਵਿਚ ਰਹਿ ਰਹੇ ਮੱਧ ਵਰਗ ਦੇ ਯੋਗ ਤਬਕਿਆਂ ਲਈ ਮਕਾਨ/ਹਾਊਸਿੰਗ ਸਕੀਮ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ ਤਾਂ ਕਿ ਇਹ ਲੋਕ ਆਪਣੇ ਲਈ ਘਰ ਖ਼ਰੀਦ ਜਾਂ ਉਸਾਰ ਸਕਣ। ਸ਼ਹਿਰੀ ਖ਼ਰੀਦਦਾਰਾਂ ਲਈ ਕਿਫ਼ਾਇਤੀ ਅਤੇ ਜਾਇਜ਼/ਨਿਯਮਿਤ ਹਾਊਸਿੰਗ ਪ੍ਰਾਜੈਕਟਾਂ ਨੂੰ ਹਰੀ ਝੰਡੀ ਮਿਲਣਾ ਸਵਾਗਤ ਵਾਲੀ ਪਹਿਲਕਦਮੀ ਹੈ। ਮਕਾਨਾਂ ਦੀ ਤੇਜ਼ੀ ਨਾਲ ਵਧ ਰਹੀ ਮੰਗ ਪੂਰੀ ਕਰਨ ਲਈ ਘਟੀਆ ਅਤੇ ਦੋਇਮ ਦਰਜੇ ਦੀਆਂ ਰਿਹਾਇਸ਼ਾਂ ਮੁਹੱਈਆ ਕਰਾਉਣ ਵਾਲਾ ਨਾਜਾਇਜ਼ ਕਾਲੋਨੀਆਂ ਦਾ ਕਾਰੋਬਾਰ ਵੀ ਤੇਜ਼ੀ ਨਾਲ ਵਧ-ਫੁੱਲ ਰਿਹਾ ਹੈ। ਸੱਤਾਧਾਰੀ ਪਾਰਟੀਆਂ ਬਦਲਣ ਦੇ ਬਾਵਜੂਦ ਸੂਬਾਈ ਸਰਕਾਰਾਂ ਦਾ ਅਜਿਹੀਆਂ ਗ਼ੈਰ-ਕਾਨੂੰਨੀ ਉਸਾਰੀਆਂ ਅਤੇ ਕਾਲੋਨੀਆਂ ਨੂੰ ਅਕਸਰ ਹੀ ਰੈਗੂਲਰ ਕਰ ਦਿੱਤੇ ਜਾਣ ਦਾ ਰੁਝਾਨ ਅਟੱਲ ਹਕੀਕਤ ਹੈ। ਅਜਿਹਾ ਰੁਝਾਨ ਸਿਆਸੀ ਆਗੂਆਂ ਦੀ ਕਹਿਣੀ ਤੇ ਕਰਨੀ ਵਿਚਲੇ ਫ਼ਰਕ ਨੂੰ ਸਾਫ਼ ਜ਼ਾਹਿਰ ਕਰਦਾ ਹੈ।

ਦੇਸ਼ ਵਿਚ ਚੋਣਾਂ ਦਾ ਮੌਸਮ ਚੱਲ ਰਿਹਾ ਹੈ ਜਿਸ ਕਾਰਨ ਸਰਕਾਰਾਂ ਦੇ ਅਜਿਹੇ ਐਲਾਨਾਂ ਪਿੱਛੇ ਸਿਆਸੀ ਮਕਸਦ ਹੋਣਾ ਲਾਜ਼ਮੀ ਹੈ। ਅਜਿਹਾ ਮਾਮਲਾ ਵੀ ਭਾਵੇਂ ਹੋਵੇ, ਤਾਂ ਵੀ ਆਮ ਲੋਕਾਂ ਨੂੰ ਕਿਫ਼ਾਇਤੀ ਦਰਾਂ ਉਤੇ ਮਕਾਨ ਮੁਹੱਈਆ ਕਰਾਉਣ ਦੀਆਂ ਯੋਜਨਾਵਾਂ ਰੀਅਲ ਅਸਟੇਟ ਅਤੇ ਇਸ ਨਾਲ ਜੁੜੇ ਖੇਤਰਾਂ ਉਤੇ ਤਬਦੀਲੀਕਾਰੀ ਅਸਰ ਪਾ ਸਕਦੀਆਂ ਹਨ। ਅਜਿਹੀਆਂ ਯੋਜਨਾਵਾਂ ਵੱਲੋਂ ਮੁਹੱਈਆ ਕਰਵਾਇਆ ਜਾਣ ਵਾਲਾ ਨੇਮਬੰਦੀ ਢਾਂਚਾ ਵੀ ਲੋਕਾਂ ਨੂੰ ਠੱਗਾਂ ਤੇ ਧੋਖੇਬਾਜ਼ਾਂ ਦੇ ਜਾਲ ਵਿਚ ਫਸਣ ਅਤੇ ਆਪਣੀ ਮਿਹਨਤ ਦੀ ਕਮਾਈ ਤੋਂ ਹੱਥ ਧੋ ਬੈਠਣ ਤੋਂ ਬਚਾਉਣ ਦਾ ਕੰਮ ਕਰਦਾ ਹੈ। ਪ੍ਰਧਾਨ ਮੰਤਰੀ ਨੇ ਕਰਜ਼ਿਆਂ ਉਤੇ ਵਿਆਜ ਦਰਾਂ ਵਿਚ ਰਾਹਤ ਦੇਣ ਦਾ ਵੀ ਵਾਅਦਾ ਕੀਤਾ ਹੈ। ਸ਼ਹਿਰੀ ਸਕੀਮ ਦੀ ਰੂਪ-ਰੇਖਾ ਸਾਹਮਣੇ ਆਉਣ ਦੀ ਉਡੀਕ ਬੇਸਬਰੀ ਨਾਲ ਕੀਤੀ ਜਾ ਰਹੀ ਹੈ।

'ਪ੍ਰਧਾਨ ਮੰਤਰੀ ਅਵਾਸ ਯੋਜਨਾ-ਪੇਂਡੂ' ਤਹਿਤ ਵੰਡੇ ਗਏ ਮਕਾਨਾਂ ਦਾ ਬਹੁਤਾ ਹਿੱਸਾ ਔਰਤਾਂ ਨੂੰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਦੀ ਇਸ ਮੋਹਰੀ ਸਕੀਮ ਤਹਿਤ ਪੇਂਡੂ ਖੇਤਰਾਂ ਵਿਚ ਘੱਟੋ-ਘੱਟ 25 ਵਰਗ ਮੀਟਰ 'ਚ ਬਣੇ ਹੋਏ ਅਤੇ ਬੁਨਿਆਦੀ ਸਹੂਲਤਾਂ ਨਾਲ ਲੈਸ ਪੱਕੇ ਮਕਾਨ ਉਨ੍ਹਾਂ ਲੋਕਾਂ ਨੂੰ ਮੁਹੱਈਆ ਕਰਵਾਏ ਜਾਂਦੇ ਹਨ, ਜਿਹੜੇ ਜਾਂ ਤਾਂ ਬੇਘਰੇ ਹਨ ਜਾਂ ਫਿਰ ਕੱਚੇ ਜਾਂ ਬਿਲਕੁਲ ਹੀ ਖ਼ਸਤਾਹਾਲ ਘਰਾਂ ਵਿਚ ਰਹਿੰਦੇ ਹਨ। ਇਹ ਆਪਣੀ ਕਿਸਮ ਦੀ ਕਾਫ਼ੀ ਮਕਬੂਲ ਬਣੀ ਹੋਈ ਯੋਜਨਾ ਹੈ, ਜਿਹੜੀ ਪੂੰਜੀ ਖ਼ਰਚਿਆਂ ਨੂੰ ਵਧਾਉਣ ਵਿਚ ਮਦਦ ਕਰਦੀ ਹੈ। ਸਰਕਾਰ ਦਾ ਦਾਅਵਾ ਹੈ ਕਿ ਉਹ ਤਿੰਨ ਕਰੋੜ ਮਕਾਨਾਂ ਦੀ ਉਸਾਰੀ ਦਾ ਟੀਚਾ ਸਰ ਕਰ ਲੈਣ ਦੇ ਕਰੀਬ ਪੁੱਜੀ ਹੋਈ ਹੈ ਜੋ ਸ਼ਲਾਘਾਯੋਗ ਹੈ। ਮਕਾਨ ਵਰਗੀ ਬੁਨਿਆਦੀ ਸਹੂਲਤ ਮੁਲਕ ਦੇ ਹਰ ਬਸਿ ?ਦੇ ਦਾ ਹੱਕ ਹੈ। ਅਜਿਹੇ ਕਾਰਜ ਸਿਆਸਤ ਤੋਂ ਉਪਰ ਉਠ ਕੇ ਲਗਾਤਾਰ ਚੱਲਣੇ ਚਾਹੀਦੇ ਹਨ। ਜੇ ਅਜਿਹੀਆਂ ਯੋਜਨਾਵਾਂ ਲਈ ਲੋਕਾਂ ਨੂੰ ਚੋਣਾਂ ਤੱਕ ਉਡੀਕਣਾ ਪੈਂਦਾ ਹੈ ਤਾਂ ਅਜਿਹੀ ਊਣੀ ਸਿਆਸਤ ਵੱਲ ਤੁਰੰਤ ਅਤੇ ਲਾਜ਼ਮੀ ਧਿਆਨ ਦੇਣ ਦੀ ਜ਼ਰੂਰਤ ਹੈ। ਵਿਕਾਸ ਦੇ ਕੇਂਦਰ ਵਿਚ ਆਮ ਲੋਕ ਹੀ ਰਹਿਣੇ ਚਾਹੀਦੇ ਹਨ।

# ਅਮਰੀਕਾ ਦੇ ਡਰੋਨ

ਅਮਰੀਕਾ ਨੇ ਭਾਰਤ ਨੂੰ 31 ਐੱਮਕਿਊ-9ਬੀ ਡਰੋਨ ਵੇਚਣ ਦਾ ਫ਼ੈਸਲਾ ਕੀਤਾ ਹੈ ਜਿਸ ਬਾਰੇ ਜੋਅ ਬਾਇਡਨ ਪ੍ਰਸ਼ਾਸਨ ਨੇ ਅਮਰੀਕੀ ਕਾਂਗਰਸ (ਸੰਸਦ) ਨੂੰ ਸੂਚਨਾ ਭੇਜੀ ਹੈ। ਇਸ ਫ਼ੈਸਲੇ ਨਾਲ ਦੋਵਾਂ ਦੇਸ਼ਾਂ ਦੀ ਰਣਨੀਤਕ ਸਾਂਝ ਨੂੰ ਵੱਡਾ ਹੁਲਾਰਾ ਮਿਲੇਗਾ। ਆਸਮਾਨ ਵਿਚ ਕਾਫ਼ੀ ਉਚਾਈ 'ਤੇ ਲੰਮੇ ਸਮੇਂ ਤੱਕ ਉਡਣ ਦੀ ਸਮੱਰਥਾ ਰੱਖਣ ਵਾਲੇ ਇਨ੍ਹਾਂ ਮਾਨਵ ਰਹਿਤ ਹਵਾਈ ਵਾਹਨਾਂ ਦੇ ਸੌਦੇ ਦੀ ਅੰਦਾਜ਼ਨ ਕੀਮਤ 3.99 ਅਰਬ ਡਾਲਰ ਦੱਸੀ ਜਾ ਰਹੀ ਹੈ ਅਤੇ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਇਸ ਸਦਕਾ ਭਾਰਤ ਆਪਣੇ ਜਲ ਮਾਰਗਾਂ 'ਤੇ ਟੋਹੀ ਅਤੇ ਨਿਗਰਾਨੀ ਗਸ਼ਤ ਕਰਨ ਨਾਲ ਚਲੰਤ ਅਤੇ ਭਵਿੱਖੀ ਖ਼ਤਰਿਆਂ ਨਾਲ ਨਜਿੱਠਣ ਲਈ ਬਿਹਤਰ ਢੰਗ ਨਾਲ ਤਿਆਰ ਹੋ ਸਕੇਗਾ। ਇਸ ਪ੍ਰਸਤਾਵਿਤ ਸੌਦੇ ਤਹਿਤ ਭਾਰਤੀ ਜਲ ਸੈਨਾ ਨੂੰ 15 ਸੀਅਗਾਰਡੀਅਨ ਡਰੋਨ ਮਿਲਣਗੇ; ਥਲ ਸੈਨਾ ਅਤੇ ਹਵਾਈ ਸੈਨਾ ਨੂੰ ਸਕਾਈ ਗਾਰਡੀਅਨ ਕਿਸਮ ਦੇ ਅੱਠ ਅੱਠ ਡਰੋਨ ਮਿਲਣਗੇ।

ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਤਰਜਮਾਨ ਮੈਥਿਊ ਮਿਲਰ ਮੁਤਾਬਕ ਇਨ੍ਹਾਂ ਡਰੋਨਾਂ ਸਦਕਾ ਭਾਰਤ ਦੀ ਸਮੁੰਦਰੀ ਸੁਰੱਖਿਆ ਅਤੇ ਇਸ ਖੇਤਰ ਨਾਲ ਜੁੜੀ ਸਜਗਤਾ ਵਿਚ ਵਾਧਾ ਹੋਵੇਗਾ। ਹਾਲਾਂਕਿ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਆਉਣ ਵਾਲੇ ਕੁਝ ਮਹੀਨਿਆਂ ਦੌਰਾਨ ਇਸ ਸੌਦੇ ਦੇ ਵੇਰਵੇ ਤੈਅ ਕੀਤੇ ਜਾਣਗੇ ਪਰ ਮਿਲਰ ਨੇ ਪੂਰੇ ਯਕੀਨ ਨਾਲ ਆਖਿਆ ਕਿ ਭਾਰਤ ਨਾਲ ਅਮਰੀਕਾ ਦੀ ਸਾਂਝ ਭਿਆਲੀ ਬਹੁਤ ਮਹੱਤਵਪੂਰਨ ਹੈ। ਡਰੋਨ ਸੌਦਾ ਦੁਵੱਲੇ ਸਬੰਧਾਂ ਦੀ ਪਕਿਆਈ ਨੂੰ ਦਰਸਾਉਂਦਾ ਹੈ। ਇਹ ਵੀ ਧਿਆਨ ਦੇਣ ਵਾਲਾ ਤੱਥ ਹੈ ਕਿ ਦੋਵੇਂ ਦੇਸ਼ਾਂ ਨੇ ਗੁਰਪਤਵੰਤ ਸਿੰਘ ਪੰਨੂ ਦੇ ਕੇਸ ਨੂੰ ਆਪਣੇ ਰਣਨੀਤਕ ਅਤੇ ਰੱਖਿਆ ਸਹਿਯੋਗ ਵਿਚ ਰੋੜਾ ਨਹੀਂ ਬਣਨ ਦਿੱਤਾ। ਪੰਨੂ ਦੀ ਹੱਤਿਆ ਦੀ ਸਾਜਿ ?ਸ਼ ਵਿਚ ਭਾਰਤ ਦਾ ਹੱਥ ਹੋਣ ਦੇ ਦੋਸ਼ਾਂ ਦੀ ਜਾਂਚ ਸ਼ੁਰੂ ਹੋਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਜਾਣਕਾਰੀਆਂ ਦਾ ਲਗਾਤਾਰ ਤਬਾਦਲਾ ਹੋ ਰਿਹਾ ਹੈ।

ਇਹ ਤੱਥ ਗੌਲਣ ਵਾਲਾ ਹੈ ਕਿ ਕੈਨੇਡਾ ਨਾਲ ਅਜਿਹੇ ਹੀ ਇਕ ਮਾਮਲੇ ਵਿਚ ਭਾਰਤ ਅਤੇ ਕੈਨੇਡਾ ਵਿਚਕਾਰ ਆਪਣੀ ਸਬੰਧਾਂ 'ਤੇ ਅਸਰ ਦੇਖਣ ਨੂੰ ਮਿਲ ਰਿਹਾ ਹੈ। ਬੇਯਕੀਨੀ ਨੇ ਇਸ ਮਸਲੇ ਕਾਰਨ ਦੋਹਾਂ ਮੁਲਕਾਂ ਵਿਚਕਾਰ ਦੂਰੀਆਂ ਵਧਾਈਆਂ ਹਨ।

ਸਮੁੰਦਰੀ ਸੁਰੱਖਿਆ ਦੀ ਅਹਿਮੀਅਤ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਖ਼ਾਸਕਰ ਉਦੋਂ ਜਦੋਂ ਲਾਲ ਸਾਗਰ ਵਿਚ ਹੂਤੀ ਬਾਗ਼ੀਆਂ ਵਲੋਂ ਸਮੁੰਦਰੀ ਜਹਾਜ਼ਾਂ 'ਤੇ ਹਮਲਿਆਂ ਵਿਚ ਕਾਫ਼ੀ ਤੇਜ਼ੀ ਆ ਰਹੀ ਹੈ। ਭਾਰਤੀ ਜੰਗੀ ਬੇੜੇ ਆਈਐੱਨਐੱਸ ਸੁਮਿਤਰਾ ਨੇ ਹਾਲ ਹੀ ਵਿਚ ਅਪਰੇਸ਼ਨ ਕਰ ਕੇ ਬੰਦੀ ਬਣਾਏ ਦੋ ਜਹਾਜ਼ਾਂ ਅਤੇ ਉਨ੍ਹਾਂ ਦੇ ਇਰਾਨੀ ਤੇ ਪਾਕਿਸਤਾਨੀ ਚਾਲਕਾਂ ਨੂੰ ਰਿਹਾਅ ਕਰਵਾਇਆ ਸੀ। ਡਰੋਨਾਂ ਦੇ ਸੌਦੇ ਨੂੰ ਅਮਰੀਕੀ ਕਾਂਗਰਸ ਦੀ ਹਰੀ ਝੰਡੀ ਮਿਲਣ ਨਾਲ ਭਾਰਤੀ ਸੁਰੱਖਿਆ ਦਸਤਿਆਂ ਦੀਆਂ ਤਾਕਤ ਤੇ ਸਮੱਰਥਾ ਵਿਚ ਕਾਫ਼ੀ ਵਾਧਾ ਹੋਣ ਦੀ ਆਸ ਹੈ।

# ਭਾਰਤ ਦੀ ਪੂੰਜੀਵਾਦੀ ਖ਼ਸਲਤ

**ਔਨੰਦਿਓ ਚੱਕਰਵਰਤੀ**

ਭਾਰਤ ਆਲਮੀ ਸ਼ਕਤੀ ਬਣਨ ਲਈ ਤਿਆਰ ਹੈ ਪਰ ਇਸ ਦਾ ਕਾਰਨ ਉਹ ਨਹੀਂ ਹੈ ਜੋ ਕੁਝ ਤੁਹਾਨੂੰ ਦੱਸਿਆ ਜਾ ਰਿਹਾ ਹੈ। ਅਸੀਂ ਵੱਡੀ ਸ਼ਕਤੀ ਵਜੋਂ ਇਸ ਲਈ ਉਭਰਾਂਗੇ ਕਿਉਂਕਿ ਸਾਡੀ ਪੂੰਜੀਪਤੀ ਜਮਾਤ ਨੂੰ ਦੁਨੀਆ ਦੇ ਹੋਰਨਾਂ ਖੇਤਰਾਂ ਦੇ ਪੂੰਜੀਪਤੀ ਵਰਗਾਂ ਦੇ ਮੁਕਾਬਲੇ ਇਕ ਖ਼ਾਸ ਲਾਭ ਮਿਲ ਰਿਹਾ ਹੈ। ਕੋਈ ਬਿਹਤਰ ਸ਼ਬਦ ਨਾ ਮਿਲਣ ਕਰ ਕੇ ਮੈਂ ਇਸ ਨੂੰ ਦਲਾਲ ਪੂੰਜੀਵਾਦ (Arbitrage Capitalism) ਕਹਾਂਗਾ ਜੋ ਤਜਾਰਤੀ ਪੂੰਜੀ ਦਾ ਇੱਕੀਵੀਂ ਸਦੀ ਦਾ ਰੂਪ ਹੈ।

ਉਂਝ, ਪੂੰਜੀਵਾਦ ਹੁੰਦਾ ਕੀ ਹੈ? ਇਹ ਅਜਿਹਾ ਸਿਸਟਮ ਹੁੰਦਾ ਹੈ ਜਿਸ ਵਿਚ ਆਰਥਿਕ ਖਿਡਾਰੀ ਪੂੰਜੀ ਦੇ ਮਾਲਕਾਂ ਅਤੇ ਕਿਰਤ ਸ਼ਕਤੀ ਦੇ ਮਾਲਕਾਂ ਵਿਚਕਾਰ ਵੰਡੇ ਹੁੰਦੇ ਹਨ। ਪੂੰਜੀ ਦੇ ਮਾਲਕ ਹੋਰਨਾਂ ਪੂੰਜੀਪਤੀਆਂ ਕੋਲੋਂ ਕੱਚਾ ਮਾਲ ਅਤੇ ਕਾਮਿਆਂ ਤੋਂ ਕਿਰਤ ਸ਼ਕਤੀ ਖਰੀਦਦੇ ਹਨ ਤੇ ਇਨ੍ਹਾਂ ਨੂੰ ਵਸਤਾਂ ਦੇ ਉਤਪਾਦਨ 'ਤੇ ਲਾ ਦਿੰਦੇ ਹਨ। ਇਨ੍ਹਾਂ ਵਸਤਾਂ ਦੀ ਕੀਮਤ ਇਨ੍ਹਾਂ ਦੀ ਵਰਤੋਂ ਸਮੱਗਰੀ ਦੀ ਕੀਮਤ ਨਾਲੋਂ ਉੱਚੀ ਹੁੰਦੀ ਹੈ ਜਿਸ ਸਦਕਾ ਪੂੰਜੀਪਤੀ ਇਨ੍ਹਾਂ ਤੋਂ ਮੁਨਾਫ਼ਾ ਕਮਾਉਂਦੇ ਹਨ। ਇਸ ਲਈ ਮੁਨਾਫ਼ੇ ਦੇ ਮੰਤਵ ਕਰ ਕੇ ਉਤਪਾਦਨ ਵਿਚ ਲਗਾਤਾਰ ਵਾਧਾ ਹੁੰਦਾ ਰਹਿੰਦਾ ਹੈ। ਇਸੇ ਨੂੰ ਅਸੀਂ ਆਰਥਿਕ ਵਿਕਾਸ ਕਹਿੰਦੇ ਹਾਂ।

ਇਹ ਆਰਥਿਕ ਪ੍ਰਣਾਲੀ ਰਾਤੋ-ਰਾਤ ਨਹੀਂ ਬਣਦੀ। ਪੁਰਾਣੀ ਆਰਥਿਕ ਪ੍ਰਣਾਲੀ ਤਹਿਤ ਕਾਮੇ ਜ਼ਮੀਨ ਜਾਂ ਇਸ ਦੇ ਮਾਲਕ ਨਾਲ ਜੁੜੇ ਹੁੰਦੇ ਹਨ ਤੇ ਉਹ ਆਪਣੀ ਇੱਛਾ ਨਾਲ ਪੂੰਜੀਪਤੀਆਂ ਨੂੰ ਆਪਣੀ ਕਿਰਤ ਸ਼ਕਤੀ ਨਹੀਂ ਵੇਚ ਸਕਦੇ। ਇਸ ਨੂੰ ਤਬਦੀਲ ਕਰਨ ਲਈ ਆਰਥਿਕ ਅਤੇ ਸਿਆਸੀ ਸੰਘਰਸ਼ ਲੜਨੇ ਪੈਂਦੇ ਹਨ। ਪੂੰਜੀਵਾਦ ਦਾ ਪਹਿਲਾ ਰੂਪ ਵਿਚੋਲੇ ਜਾਂ ਦਲਾਲ ਵਾਲਾ ਹੁੰਦਾ ਹੈ ਜਾਂ ਸਸਤੀ ਮੰਡੀ ਤੋਂ ਮਾਲ ਕਿਸੇ ਅਜਿਹੀ ਮੰਡੀ ਪਹੁੰਚਾ ਕੇ ਕਮਾਈ ਕਰਨਾ ਜਿੱਥੇ ਜਿ ?ਆਦਾ ਕੀਮਤ ਮਿਲਦੀ ਹੈ। ਇਸ ਨਾਲ ਯੂਰੋਪ ਵਿਚ ਵੱਡੇ ਵਪਾਰਕ ਘਰਾਣਿਆਂ ਦਾ ਜਨਮ ਹੋਇਆ ਸੀ ਜਿਨ੍ਹਾਂ ਦਾ ਅਸਰ ਰਸੂਖ ਸ਼ਾਹੀ ਦਰਬਾਰਾਂ ਤੱਕ ਫੈਲ ਗਿਆ। ਇਸ ਦੇ ਨਾਲ ਹੀ ਈਸਟ ਇੰਡੀਆ ਕੰਪਨੀ ਦੇ ਕਈ ਸੰਸਕਰਨ ਪੈਦਾ ਹੋ ਗਏ ਜਿਨ੍ਹਾਂ ਨੇ ਦੁਨੀਆ ਦੇ ਬਹੁਤ ਸਾਰੇ ਗ਼ੈਰ-ਤਜਾਰਤੀ ਖਿੱਤਿਆਂ ਨੂੰ ਆਪੋ-ਆਪਣੀਆਂ ਬਸਤੀਆਂ ਬਣਾ ਲਿਆ।

ਇਤਿਹਾਸ ਸਾਨੂੰ ਦੱਸਦਾ ਹੈ ਕਿ ਪੱਛਮ ਦਾ ਸਨਅਤੀ ਪੂੰਜੀਵਾਦ ਵਪਾਰ ਜਿੱਥੇ ਕੁਝ ਸਨਅਤਾਂ ਨੂੰ ਮਹਿਸੂਲ ਰੋਕਾਂ ਦੇ ਰੂਪ ਵਿਚ ਸਰਕਾਰੀ ਥਾਪੜਾ ਹਾਸਿਲ ਹੁੰਦਾ ਹੈ, ਦੇ ਇਸ ਪੜਾਅ 'ਚੋਂ ਗੁਜ਼ਰੇ ਬਗ਼ੈਰ ਵਿਕਸਤ ਨਹੀਂ ਹੋ ਸਕਣਾ ਸੀ। ਇਸ ਦੀ ਇਕ ਕਥਾ ਬਰਤਾਨਵੀ ਕੱਪੜਾ ਸਨਅਤ ਨਾਲ ਜੁੜੀ ਹੈ ਜਿਸ ਨੂੰ ਅਕਸਰ ਸਨਅਤੀ ਕ੍ਰਾਂਤੀ ਦੀ ਪਹਿਲੀ ਮਿਸਾਲ ਵਜੋਂ ਵਡਿਆਇਆ ਜਾਂਦਾ ਹੈ। ਪੂਰੀ ਅਠਾਰਵੀਂ ਸਦੀ ਵਿਚ ਅੰਗਰੇਜ਼ ਕਪਾਹ ਉਤਪਾਦਕਾਂ ਨੂੰ ਬਚਾਉਣ ਲਈ ਹਿੰਦੋਸਤਾਨੀ ਨਰਮਾ ਉਤਪਾਦਨਾਂ 'ਤੇ ਮਹਿਸੂਲ ਲਾਇਆ ਜਾਂਦਾ ਸੀ। 1815 ਤੋਂ ਲੈ ਕੇ 1832 ਤੱਕ ਹਿੰਦੋਸਤਾਨੀ ਕਪਾਹ ਉਤਪਾਦਾਂ ਉਪਰ ਮਹਿਸੂਲ ਦੀਆਂ ਦਰਾਂ 1000 ਫ਼ੀਸਦ ਤੱਕ ਪਹੁੰਚ ਗਈਆਂ ਸਨ ਤਾਂ ਕਿ ਅੰਗਰੇਜ਼ੀ ਕੱਪੜਾ ਨਿਰਮਾਣਕਾਰਾਂ ਦਾ ਬਚਾਓ ਕੀਤਾ ਜਾ ਸਕੇ। ਬਰਤਾਨੀਆ ਵਿਚ ਸੰਸਦੀ ਜਾਂਚ ਵਿਚ ਕਬੂਲ ਕੀਤਾ ਗਿਆ ਸੀ ਕਿ ਹਿੰਦੋਸਤਾਨੀ ਵਸਤਾਂ ਉਪਰ ਇਸ ਤਰ੍ਹਾਂ ਦੀਆਂ ਸਖ਼ਤ ਬੰਦਸ਼ਾਂ ਲਾਏ ਬਿਨਾਂ ਪੇਸਲੀ ਅਤੇ ਮਾਨਚੈਸਟਰ ਦੀਆਂ ਮਿੱਲਾਂ ਸ਼ੁਰੂ ਵਿਚ ਹੀ ਬੰਦ ਹੋ ਜਾਣੀਆਂ ਸਨ ਅਤੇ ਇਨ੍ਹਾਂ ਨੂੰ ਭਾਫ਼ ਦੀ ਸ਼ਕਤੀ ਨਾਲ ਵੀ ਦੁਬਾਰਾ ਚਲਾਉਣਾ ਵੀ ਬਹੁਤ ਔਖਾ ਹੋਣਾ ਸੀ। ਇਨ੍ਹਾਂ ਦੀ ਸਿਰਜਣਾ ਭਾਰਤੀ ਨਿਰਮਾਣਕਾਰਾਂ ਦੀ ਬਲੀ ਦੇ ਕੇ ਕੀਤੀ ਗਈ ਸੀ।



ਹਿੰਦੋਸਤਾਨ ਵਿਚ ਪਹਿਲਾਂ ਤੋਂ ਹੀ ਬਹੁਤ ਸ਼ਕਤੀਸ਼ਾਲੀ ਵਪਾਰਕ ਅਤੇ ਬੈਂਕਿੰਗ ਭਾਈਚਾਰੇ ਮੌਜੂਦ ਸਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਗੁਜਰਾਤ ਅਤੇ ਮਾਰਵਾੜ ਖਿੱਤੇ ਤੋਂ ਆਉਂਦੇ ਸਨ। ਇਨ੍ਹਾਂ ਤੋਂ ਇਲਾਵਾ ਕਈ ਹੋਰ ਸਮੂਹ ਸਨ ਜਿਨ੍ਹਾਂ ਵਿਚ ਪੰਜਾਬ ਦੇ ਖੱਤਰੀ ਅਤੇ ਦੱਖਣ ਦੇ ਚੇਟੀਆਰ ਸ਼ਾਮਲ ਸਨ। ਜੇ ਹਿੰਦੋਸਤਾਨ ਆਜ਼ਾਦ ਹੁੰਦਾ ਤਾਂ ਹੋ ਸਕਦਾ ਸੀ ਕਿ ਇਨ੍ਹਾਂ ਸਮੂਹਾਂ ਅੰਦਰੋਂ ਵੱਡੇ ਸਨਅਤੀ ਘਰਾਣੇ ਵਿਕਸਤ ਹੁੰਦੇ। ਇਸ ਦੀ ਬਜਾਇ ਉਨ੍ਹਾਂ ਦਾ ਸਾਰਾ ਧਿਆਨ ਬਸਤੀਵਾਦੀ ਤਜਾਰਤ ਦਾ ਰਾਹ ਸਾਫ਼ ਕਰਨ ਵਾਲੇ ਵਪਾਰੀ ਬਣਨ 'ਤੇ ਲੱਗ ਗਿਆ। ਬਿਨਾਂ ਸ਼ੱਕ, ਇਨ੍ਹਾਂ ਵਿਚੋਂ ਕੁਝ ਲੋਕਾਂ ਨੇ ਸਨਅਤਾਂ ਵੀ ਸਥਾਪਤ ਕੀਤੀਆਂ ਪਰ ਇਹ ਉਸ ਪੈਮਾਨੇ 'ਤੇ ਨਹੀਂ ਹੋਇਆ ਜਿਵੇਂ ਪੱਛਮ ਅਤੇ ਜਪਾਨ ਵਿਚ ਹੋਇਆ ਸੀ। ਬਸਤੀਵਾਦ ਦੀਆਂ ਰੋਕਾਂ ਕਰ ਕੇ ਹਿੰਦੋਸਤਾਨੀ ਵਪਾਰਕ ਭਾਈਚਾਰਿਆਂ ਨੂੰ ਆਪਣੀਆਂ ਵਪਾਰਕ ਰਵਾਇਤਾਂ ਨੂੰ ਹੋਰ ਨਿਖਾਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਮਾਲ ਅਤੇ ਵਿੱਤ ਦੇ ਲਿਹਾਜ਼ ਤੋਂ ਵੱਖ ਵੱਖ ਮੰਡੀਆਂ ਦਰਮਿਆਨ ਆਪਣੀ ਸਾਲਸੀ ਦੇ ਹੁਨਰ ਨੂੰ ਸੁਧਾਰਿਆ। ਸ਼ਾਇਦ ਇਕ ਕਾਰਨ ਇਹ ਵੀ ਹੈ ਕਿ ਸਾਡਾ ਸੱਟਾ ਬਾਜ਼ਾਰ ਐਨਾ ਭਰਵਾਂ ਕਿਉਂ ਹੈ ਜੋ ਦਲਾਲੀ ਰਾਹੀਂ ਪੈਸਾ ਕਮਾਉਣ 'ਤੇ ਹੀ ਟਿਕਿਆ ਹੁੰਦਾ ਹੈ। ਅਸੀਂ ਦਲਾਲ ਪੂੰਜੀਵਾਦ ਦੇ ਦਬਦਬੇ ਤੋਂ ਇਹ ਦੇਖ ਸਕਦੇ ਹਾਂ, ਸਾਡੇ ਇਕੁਇਟੀ ਬਾਜ਼ਾਰ ਵਿਚ ਵੀ ਇਸ ਦੀ ਧਾਂਕ ਬਣੀ ਹੋਈ ਹੈ ਜਿੱਥੇ ਰੋਜ਼ਾਨਾ ਕਾਰੋਬਾਰ ਦਾ ਵੱਡਾ ਹਿੱਸਾ ਸ਼ੇਅਰਾਂ ਦੀ ਖਰੀਦ ਵੇਚ ਜਾਂ ਅੰਤਿਮ ਡਲਿਵਰੀ ਤੋਂ ਬਗ਼ੈਰ ਹੀ ਕੀਤਾ ਜਾਂਦਾ ਹੈ। ਇਹ ਸਾਰੀ ਇਕ ਦਿਨ ਦੀ ਖੇਡ ਹੁੰਦੀ ਹੈ ਜਿਸ ਕੋਈ ਇਕੁਇਟੀ ਨਿਵੇਸ਼ਕ ਉਸੇ ਦਿਨ ਹੀ ਸ਼ੇਅਰਾਂ ਦੀ ਖਰੀਦ ਵੇਚ ਕਰ ਕੇ ਪੈਸੇ ਗੁਆਉਂਦਾ ਜਾਂ ਕਮਾਉਂਦਾ ਹੈ।

ਮੇਰਾ ਤਰਕ ਹੈ ਕਿ ਪੂੰਜੀਵਾਦ ਦੇ ਜਿਸ ਨਵੇਂ ਪੜਾਅ ਵਿਚ ਅਸੀਂ ਦਾਖ਼ਲ ਹੋ ਗਏ ਹਾਂ, ਉਸ ਵਿਚ ਇਸ ਹੁਨਰ ਦਾ ਕਾਫ਼ੀ ਮੁੱਲ ਪਵੇਗਾ। ਇਸ ਰਾਹੀਂ ਜਿ ?ਆਦਾ ਮੁੱਲ ਪੈਦਾ ਕਰ ਕੇ ਪੈਸਾ ਨਹੀਂ ਕਮਾਇਆ ਜਾਂਦਾ ਸਗੋਂ ਕਿਸੇ ਹੋਰ ਜਗ੍ਹਾ ਪੈਦਾ ਹੋਣ ਵਾਲੀਆਂ ਵਸਤਾਂ ਤੋਂ ਭਾੜਾ ਜਾਂ ਵਪਾਰਕ ਮਾਰਜਿਨ ਲੈ ਕੇ ਪੈਸਾ ਕਮਾਇਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਐਮੇਜ਼ਨ ਅਜਿਹੀ ਕੰਪਨੀ ਹੈ ਜੋ ਮੰਡੀ ਮੁਹੱਈਆ ਕਰਾਉਣ ਦਾ ਭਾੜਾ ਵਸੂਲਦੀ ਹੈ ਜਿਵੇਂ ਮੱਧਕਾਲੀ ਯੂਰੋਪ ਵਿਚ ਕੋਈ ਜਾਗੀਰਦਾਰ ਵਪਾਰੀਆਂ ਅਤੇ ਗਿਲਡਾਂ ਤੋਂ ਵਸੂਲਦਾ ਸੀ। ਗੂਗਲ, ਫੇਸਬੁੱਕ ਅਤੇ ਐਕਸ ਦੀ ਕਮਾਈ ਦਾ ਵੀ ਇਹੋ ਮਾਡਲ ਹੈ ਜਿੱਥੇ ਉਹ ਆਪਣੇ ਡਿਜੀਟਲ ਰੀਅਲ ਅਸਟੇਟ ਦੀ ਵਰਤੋਂ ਕਰ ਕੇ ਉਤਪਾਦਕਾਂ ਤੋਂ ਖਪਤਕਾਰਾਂ ਤੱਕ ਪਹੁੰਚ ਬਣਾ ਕੇ ਸਿੱਧੇ ਤੌਰ 'ਤੇ ਵਿਕਰੀ ਕਰਨ ਬਦਲੇ ਮਹਿਸੂਲ ਲੈਂਦੀਆਂ ਹਨ।

ਸਨਾਤਨੀ ਸਨਅਤੀ ਪੂੰਜੀਵਾਦ ਵਿਚ ਮਾਰਕਿਟ ਪਲੇਸ ਜਾਂ ਮੰਡੀ ਸੁਤੰਤਰ ਮੰਨੀ ਜਾਂਦੀ ਹੈ। ਉਤਪਾਦਕਾਂ ਦੀ ਇਕਮਾਤਰ ਲਾਗਤ ਉਹ ਹੁੰਦੀ ਹੈ ਜੋ ਉਹ ਥੋਕ ਜਾਂ ਪ੍ਰਚੂਨ ਵਿਕਰੇਤਾ ਵਪਾਰ ਨੂੰ ਅਦਾ ਕਰਦੇ ਹਨ। ਅਜੋਕੇ ਪੂੰਜੀਵਾਦ ਵਿਚ ਮੰਡੀਆਂ ਸਾਈਬਰ ਸਪੇਸ 'ਤੇ ਤਬਦੀਲ ਹੋ ਰਹੀਆਂ ਹਨ ਜਿੱਥੇ ਉਨ੍ਹਾਂ ਉਪਰ ਮੈਗਾ ਇਜਾਰੇਦਾਰਾਂ ਦਾ ਕਬਜ਼ਾ ਹੈ। ਇਸ ਕਾਰਨ ਪੁਰਾਤਨ ਪੂੰਜੀਵਾਦੀਆਂ ਦੇ ਮੁਨਾਫ਼ੇ ਘਟ ਰਹੇ ਹਨ; ਜਿਨ੍ਹਾਂ ਦਾ ਸਾਈਬਰ ਸਪੇਸ 'ਤੇ ਗ਼ਲਬਾ ਹੈ, ਉਨ੍ਹਾਂ ਦੇ ਮੁਨਾਫ਼ੇ ਵਧ ਰਹੇ ਹਨ। ਉਤਪਾਦਕਾਂ ਕੋਲ ਲਾਗਤਾਂ ਘਟਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਜਿਸ ਕਰ ਕੇ ਉਹ ਕਿਰਤ ਸ਼ਕਤੀ ਦੀ ਛੰਗਾਈ ਕਰ ਰਹੇ ਹਨ। ਇਸ ਕਰ ਕੇ ਮਸਨੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੀ ਲੋਕਪ੍ਰਿਅਤਾ ਵਧ ਰਹੀ ਹੈ ਕਿਉਂਕਿ ਕਾਰੋਬਾਰ ਆਪਣੇ ਮੁਨਾਫ਼ੇ ਬਰਕਰਾਰ ਰੱਖਣ ਲਈ ਆਪਣੀਆਂ ਲਾਗਤਾਂ ਘਟਾਉਣ ਲਈ ਹੱਥ ਪੈਰ ਮਾਰ ਰਹੇ ਹਨ।

ਇਹ ਕੋਈ ਸਬਬ ਦੀ ਗੱਲ ਨਹੀਂ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੇ ਸਭ ਤੋਂ ਵੱਡੇ ਨਿਵੇਸ਼ਕ ਡਿਜੀਟਲ ਮਾਰਕਿਟ ਪਲੇਸ ਦੇ ਮਾਲਕ ਹਨ ਜਿਨ੍ਹਾਂ ਕੋਲ ਧਨ ਦੇ ਵੱਡੇ ਖ਼ਜ਼ਾਨੇ ਹਨ। ਇਸੇ ਤਰ੍ਹਾਂ ਪਹਿਲ ਪਲੇਠੇ ਵੱਡੇ ਸਨਅਤੀ ਘਰਾਣਿਆਂ ਨੇ ਸਾਰੇ ਹੋਰਨਾਂ ਵਿਚ ਵਿਸਤਾਰ ਕੀਤਾ ਸੀ ਅਤੇ ਇਵੇਂ ਉਹ ਵੱਡੇ ਸਮੂਹਾਂ ਦਾ ਰੂਪ ਧਾਰ ਗਏ ਸਨ। ਸਾਰਾ ਧਨ ਇਨ੍ਹਾਂ ਕੰਪਨੀਆਂ ਵੱਲ ਵਹਿ ਰਿਹਾ ਹੈ ਜੋ ਕੁੱਲ ਮਿਲਾ ਕੇ ਮਾਰਕਿਟ ਪਲੇਸ ਦੇ ਨਾਲ ਨਾਲ ਏਆਈ ਅਤੇ ਰੋਬੌਟਿਕਸ ਵਿਚ ਨਿਵੇਸ਼ ਦੀਆਂ ਮਾਲਕ ਹਨ। ਅੱਜ ਕੱਲ੍ਹ ਵਿੱਤੀ ਪੂੰਜੀ ਇਨ੍ਹਾਂ ਕੰਪਨੀਆਂ ਵਿਚ ਨਿਵੇਸ਼ ਕਰ ਕੇ ਹੀ ਪੈਸਾ ਕਮਾਉਂਦੀਆਂ ਹਨ ਭਾਵੇਂ ਉਨ੍ਹਾਂ ਤੋਂ ਹੋਣ ਵਾਲੀ ਕਮਾਈ ਬਹੁਤੀ ਨਹੀਂ ਹੈ। ਭਾਰਤ ਦੀ ਪੂੰਜੀਵਾਦੀ ਜਮਾਤ ਮਾਰਕਿਟ ਪਲੇਸ ਨੂੰ ਕੰਟਰੋਲ ਤੇ ਪ੍ਰਬੰਧ ਕਰਨ ਅਤੇ ਵਿੱਤੀ ਨਿਵੇਸ਼ ਤੋਂ ਕਮਾਈ ਕਰਨ ਦੀ ਇਹੋ ਜਿਹੀ ਖੇਡ ਖੇਡਣ ਵਿਚ ਬਹੁਤ ਹੁਨਰ ਰੱਖਦੀ ਹੈ। ਸਾਡੇ ਦਲਾਲ ਪੂੰਜੀਪਤੀ ਨੂੰ ਅਜਿਹੀ ਨਵ-ਵਪਾਰਵਾਦੀ ਸਰਕਾਰ ਦੀ ਲੋੜ ਹੈ ਜੋ ਉਸ ਦੀਆਂ ਚਾਲਾਂ ਦੀ ਢਾਲ ਅਤੇ ਸਹਾਇਕ ਬਣ ਕੇ ਚੱਲੇ। ਜੇ ਭਾਰਤ ਸਰਕਾਰ ਨੇ ਬੰਧੇਜ ਦੀ ਕੋਈ ਨੀਤੀ ਅਖ਼ਤਿਆਰ ਕੀਤੀ ਤਾਂ ਬਿਨਾਂ ਸ਼ੱਕ ਪੱਛਮੀ ਦੇਸ਼ਾਂ, ਖ਼ਾਸਕਰ ਆਲਮੀ ਤਕਨੀਕੀ ਕੰਪਨੀਆਂ ਦਾ ਸਖ਼ਤ ਰੱਦੇਅਮਲ ਹੋਵੇਗਾ। ਉਂਝ, ਭਾਰਤ ਅਜਿਹੀ ਸੁਖਾਵੀਂ ਸਥਿਤੀ ਵਿਚ ਹੈ ਕਿ ਉਹ ਚੀਨ ਖਿਲਾਫ਼ ਪੱਛਮ ਦਾ ਸੰਭਾਵੀ ਸਹਿਯੋਗੀ ਬਣ ਕੇ ਚੱਲ ਸਕਦਾ ਹੈ। ਮੌਜੂਦਾ ਕੇਂਦਰ ਸਰਕਾਰ ਪਹਿਲਾਂ ਤੋਂ ਹੀ ਇਸ ਮੌਕੇ ਦਾ ਲਾਹਾ ਲੈ ਰਹੀ ਹੈ ਅਤੇ ਆਉਣ ਵਾਲੇ ਸਾਲਾਂ ਵਿਚ ਅਸੀਂ ਅਜਿਹੇ ਹੋਰ ਕਦਮ ਵੀ ਦੇਖ ਸਕਦੇ ਹਾਂ; ਤੇ ਜਿਵੇਂ ਜਿਵੇਂ ਭਾਰਤ ਆਪਣੀ ਆਲਮੀ ਤਾਕਤ ਦਾ ਮੁਜ਼ਾਹਰਾ ਕਰਦਾ ਰਹੇਗਾ, ਇਸ ਨਾਲ ਇਸ ਦੇ ਦਲਾਲ ਪੂੰਜੀਪਤੀਆਂ ਦੀ ਤਾਕਤ ਵੀ ਵਧਦੀ ਰਹੇਗੀ।

# ਚੰਡੀਗੜ੍ਹ ਗੋਲੀ ਕਾਂਡ: ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਗੈਂਗਸਟਰ ਗੋਲਡੀ ਬਰਾੜ ਦੇ ਤਿੰਨ ਸਾਥੀਆਂ ਨੂੰ ਗੋਰਖਪੁਰ ਤੋਂ ਕੀਤਾ ਗ੍ਰਿਫ਼ਤਾਰ

**➤ ਮੁਲਜ਼ਮ ਅਮ੍ਰਿਤਪਾਲ ਗੁੱਜਰ ਅਤੇ ਕਮਲਪ੍ਰੀਤ ਨੇ ਚੰਡੀਗੜ੍ਹ ਵਿੱਖੇ ਘਰ ਦੇ ਬਾਹਰ ਕੀਤੀ ਫਾਇਰਿੰਗ ਜਦਕਿ ਪ੍ਰੇਮ ਸਿੰਘ ਨੇ ਉਨ੍ਹਾਂ ਨੂੰ ਫਰਾਰ ਵਿੱਚ ਕੀਤੀ ਮਦਦ: ਡੀਜੀਪੀ ਗੌਰਵ ਯਾਦਵ ➤ ਗੋਰਖਪੁਰ ਪੁਲਿਸ ਦੇ ਸਹਿਯੋਗ ਨਾਲ ਗੋਰਖਪੁਰ ਰੇਲਵੇ ਸਟੇਸ਼ਨ 'ਤੇ ਕਾਬੂ ਕੀਤੇ ਜਾਣ ਸਮੇਂ ਮੁਲਜ਼ਮ ਬਿਹਾਰ ਤੋਂ ਫਰਾਰ ਹੋਣ ਦੀ ਕਰ ਰਹੇ ਸਨ ਕੋਸ਼ਿਸ਼**

**ਚੰਡੀਗੜ੍ਹ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਸੰਗਠਿਤ ਅਪਰਾਧਿਕ ਦੇ ਨੈੱਟਵਰਕ ਨੂੰ ਖ਼ਤਮ ਕਰਨ ਲਈ ਵਿੱਢੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਵਿਦੇਸ਼ ਅਧਾਰਿਤ ਗੈਂਗਸਟਰ ਗੋਲਡੀ ਬਰਾੜ ਦੇ ਤਿੰਨ ਸਾਥੀਆਂ ਨੂੰ ਗੋਰਖਪੁਰ ਤੋਂ ਗ੍ਰਿਫ਼ਤਾਰ ਕਰਕੇ ਚੰਡੀਗੜ੍ਹ ਗੋਲੀ ਕਾਂਡ ਦੇ ਸਨਸਨੀਖੇਜ਼ ਕੇਸ ਦੀ ਗੁੱਥੀ ਸੁਲਝਾ ਦਿੱਤੀ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।



ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਪਾਲ ਸਿੰਘ ਉਰਫ਼ ਗੁੱਜਰ ਵਾਸੀ ਕਲੋਲੀ, ਬਨੂੜ, ਕਮਲਪ੍ਰੀਤ ਸਿੰਘ ਵਾਸੀ ਦੇਵੀਨਗਰ ਅਬਰਾਵਾਂ, ਬਨੂੜ ਅਤੇ ਪ੍ਰੇਮ ਸਿੰਘ ਵਾਸੀ ਅਮਰਾਲਾ, ਡੇਰਾਬਸੀ ਵਜੋਂ ਹੋਈ ਹੈ। ਗ੍ਰਿਫ਼ਤਾਰ ਕੀਤੇ ਗਏ ਸਾਰੇ ਮੁਲਜ਼ਮਾਂ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਨ੍ਹਾਂ ਵਿਰੁੱਧ ਪੰਜਾਬ ਵਿੱਚ ਇਰਾਦਾ ਕਤਲ, ਜਬਰੀ ਵਸੂਲੀ, ਡਕੈਤੀ ਅਤੇ ਅਸਲਾ ਐਕਟ ਤਹਿਤ ਕਈ ਅਪਰਾਧਿਕ ਮਾਮਲੇ ਦਰਜ ਹਨ।

ਜਾਣਕਾਰੀ ਮੁਤਾਬਕ 19 ਜਨਵਰੀ 2024 ਨੂੰ ਚੰਡੀਗੜ੍ਹ ਦੇ ਸੈਕਟਰ 5 ਸਥਿਤ ਇਕ ਵਪਾਰੀ ਦੇ ਘਰ ਅਣਪਛਾਤੇ ਬਦਮਾਸ਼ਾਂ ਨੇ ਗੋਲੀਆਂ ਚਲਾ ਦਿੱਤੀਆਂ ਸਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਏਡੀਜੀਪੀ ਪ੍ਰਮੋਦ ਬਾਨ ਦੀ ਅਗਵਾਈ ਵਾਲੀ ਏਜੀਟੀਐਫ ਪੰਜਾਬ ਦੀ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਏਆਈਜੀ ਸੰਦੀਪ ਗੋਇਲ ਦੀ ਨਿਗਰਾਨੀ ਹੇਠ ਅਤੇ ਡੀਐਸਪੀ ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਵਾਲੀਆਂ ਪੁਲਿਸ ਟੀਮਾਂ ਨੇ ਚੰਡੀਗੜ੍ਹ ਪੁਲਿਸ ਨਾਲ ਮਿਲ ਕੇ ਪਤਾ ਲਗਾਇਆ ਕਿ ਉਕਤ ਮੁਲਜ਼ਮ ਬਿਹਾਰ ਤੋਂ ਉੱਤਰ ਪ੍ਰਦੇਸ਼ ਜਾ ਰਹੇ ਹਨ ਅਤੇ ਪੁਲਿਸ ਟੀਮਾਂ ਨੇ ਗੋਰਖਪੁਰ ਪੁਲਿਸ ਦੀ ਮਦਦ ਨਾਲ ਗੋਰਖਪੁਰ ਰੇਲਵੇ ਸਟੇਸ਼ਨ 'ਤੇ ਉਨ੍ਹਾਂ ਨੂੰ ਕਾਬੂ ਕਰ ਲਿਆ।

ਉਨ੍ਹਾਂ ਦੱਸਿਆ ਕਿ ਮੁੱਢਲੀ ਤਫ਼ਤੀਸ਼ ਅਨੁਸਾਰ ਮੁਲਜ਼ਮ ਅੰਮ੍ਰਿਤਪਾਲ ਸਿੰਘ ਅਤੇ ਕਮਲਪ੍ਰੀਤ ਸਿੰਘ ਨੇ ਸੈਕਟਰ-5 ਚੰਡੀਗੜ੍ਹ ਸਥਿਤ ਰਿਹਾਇਸ਼ੀ ਇਲਾਕੇ ਵਿੱਚ ਸਥਿਤ ਵਪਾਰੀ ਦੇ ਘਰ ਗੋਲੀਆਂ ਚਲਾਈਆਂ, ਜਦਕਿ ਤੀਜੇ ਮੁਲਜ਼ਮ ਪ੍ਰੇਮ ਸਿੰਘ ਨੇ ਉਨ੍ਹਾਂ ਨੂੰ ਆਪਣੀ ਵਰਨਾ ਕਾਰ ਵਿੱਚ ਵਾਰਦਾਤ ਵਾਲੇ ਸਥਾਨ ਤੋਂ ਭਜਾ ਕੇ ਆਪਣੇ ਘਰ ਲੈ ਗਿਆ।

ਡੀਜੀਪੀ ਨੇ ਦੱਸਿਆ ਕਿ ਇਸ ਉਪਰੰਤ ਗੋਲਡੀ ਬਰਾੜ ਦੇ ਨਿਰਦੇਸ਼ਾਂ 'ਤੇ ਤਿੰਨੇ ਦੋਸ਼ੀ 27 ਜਨਵਰੀ ਨੂੰ ਬਿਹਾਰ ਭੱਜ ਗਏ ਅਤੇ ਗੋਲਡੀ ਬਰਾੜ ਵੱਲੋਂ ਬਿਹਾਰ ਦੇ ਪਿੰਡ ਛਿਤੌਲੀ ਵਿਖੇ ਦੱਸੇ ਗਈ ਛੁਪਣਗਾਹ ਵਿੱਚ ਜਾਣ ਹੋਣ ਤੋਂ ਪਹਿਲਾਂ ਦੋ ਦਿਨ ਗੁਰਦੁਆਰਾ ਪਟਨਾ ਸਾਹਿਬ ਵਿਖੇ ਰਹੇ। ਉਨ੍ਹਾਂ ਅੱਗੇ ਦੱਸਿਆ ਕਿ 4 ਫਰਵਰੀ ਦੀ ਸਵੇਰ ਨੂੰ, ਉਨ੍ਹਾਂ ਨੇ ਕਿਸੇ ਨਵੀਂ ਜਗ੍ਹਾ 'ਤੇ ਜਾਣ ਲਈ ਛੁਪਣਗਾਹ ਨੂੰ ਛੱਡ ਦਿੱਤਾ।

ਏਆਈਜੀ ਸੰਦੀਪ ਗੋਇਲ ਨੇ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਅਸਲਾ ਅਤੇ ਗੋਲੀਸਿੱਕਾ ਬਰਾਮਦ ਹੋਣ ਦੀ ਉਮੀਦ ਹੈ।

# ਨਵੇਂ ਯੁੱਗ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਨੇ 11 ਖਿਡਾਰੀਆਂ ਨੂੰ ਪੀ.ਸੀ.ਐਸ. ਅਤੇ ਪੀ.ਪੀ.ਐਸ. ਦੀਆਂ ਨੌਕਰੀਆਂ ਦਿੱਤੀਆਂ

**➤ ਸੂਬਾ ਸਰਕਾਰ ਕੌਮਾਂਤਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ 100 ਫੀਸਦੀ ਖਿਡਾਰੀਆਂ ਨੂੰ ਨੌਕਰੀਆਂ ਦੇਣ ਲਈ ਵਚਨਬੱਧ ➤ ਦੇਸ਼ ਦੀ ਖੜਗ ਭੁਜਾ ਤੇ ਅੰਨ ਭੰਡਾਰ ਹੋਣ ਤੋਂ ਇਲਾਵਾ ਪੰਜਾਬ ਦੇਸ਼ ਲਈ ਮਹਾਨ ਖਿਡਾਰੀ ਵੀ ਪੈਦਾ ਕਰ ਰਿਹੈ**

**ਚੰਡੀਗੜ੍ਹ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵੇਂ ਯੁੱਗ ਦੀ ਸ਼ੁਰੂਆਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ 11 ਖਿਡਾਰੀਆਂ ਨੂੰ ਪੀ.ਸੀ.ਐਸ. ਅਤੇ ਪੀ.ਪੀ.ਐਸ. ਦੀਆਂ ਅਸਾਮੀਆਂ ਲਈ ਨਿਯੁਕਤੀ ਪੱਤਰ ਸੌਂਪੇ, ਜਿਨ੍ਹਾਂ ਨੇ 40 ਸਾਲਾਂ ਬਾਅਦ ਹਾਕੀ ਦੇ ਖੇਤਰ ਵਿੱਚ ਦੇਸ਼ ਲਈ ਕਾਂਸੀ ਦਾ ਤਮਗਾ ਜਿੱਤਿਆ ਅਤੇ ਕ੍ਰਿਕਟ ਤੇ ਸ਼ਾਟ ਪੁੱਟ ਦੇ ਖੇਤਰ ਵਿੱਚ ਨਾਮਣਾ ਖੱਟਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਇਕ ਇਤਿਹਾਸਕ ਮੌਕਾ ਹੈ, ਜਿਸ ਕਾਰਨ ਉਨ੍ਹਾਂ ਨੇ ਇਹ ਸਮਾਗਮ ਕਰਵਾ ਕੇ ਆਪਣੀ ਸਰਕਾਰੀ ਰਿਹਾਇਸ਼ ਵਿੱਚ ਨਵੇਂ ਬਣੇ ਆਡੀਟੋਰੀਅਮ ਦਾ ਉਦਘਾਟਨ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਖੇਡ ਹੋਣ ਦੇ ਬਾਵਜੂਦ ਪਹਿਲਾਂ ਲੋਕ ਹਾਕੀ ਦੀ ਖੇਡ ਪ੍ਰਤੀ ਉਦਾਸੀਨ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਦੇਸ਼ ਅਤੇ ਸੂਬੇ ਵਿਚ ਇਸ ਖੇਡ ਦੀ ਪੁਰਾਣੀ ਸ਼ਾਨ ਬਹਾਲ ਕਰ ਦਿੱਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਹਾਕੀ ਦੇ 9, ਕ੍ਰਿਕਟ ਦੇ ਇਕ ਅਤੇ ਸ਼ਾਟ ਪੁੱਟ ਦੇ ਇਕ ਖਿਡਾਰੀ ਸਮੇਤ 11 ਖਿਡਾਰੀਆਂ ਨੂੰ ਪੀ.ਸੀ.ਐਸ. ਅਤੇ ਪੀ.ਪੀ.ਐਸ. ਦੀ ਭਰਤੀ ਲਈ ਨਿਯੁਕਤੀ ਪੱਤਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਖਿਡਾਰੀਆਂ ਨੂੰ ਪੀ.ਪੀ.ਐਸ. ਨਿਯੁਕਤ ਕੀਤਾ ਗਿਆ ਹੈ, ਉਨ੍ਹਾਂ ਵਿੱਚ ਹਰਮਨਪ੍ਰੀਤ ਸਿੰਘ, ਮਨਦੀਪ ਸਿੰਘ, ਵਰੁਣ ਕੁਮਾਰ, ਸ਼ਮਸ਼ੇਰ ਸਿੰਘ ਅਤੇ ਦਿਲਪ੍ਰੀਤ ਸਿੰਘ (ਹਾਕੀ ਤੋਂ) ਅਤੇ ਹਰਮਨਪ੍ਰੀਤ ਕੌਰ (ਕ੍ਰਿਕਟ) ਅਤੇ ਤੇਜਿੰਦਰ ਤੂਰ (ਸ਼ਾਟ ਪੁੱਟ) ਸ਼ਾਮਲ ਹਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਚਾਰ ਹਾਕੀ ਖਿਡਾਰੀਆਂ ਰੁਪਿੰਦਰਪਾਲ ਸਿੰਘ, ਸਿਮਰਨਜੀਤ ਸਿੰਘ, ਹਾਰਦਿਕ ਸਿੰਘ ਅਤੇ ਗੁਰਜੰਟ ਸਿੰਘ ਨੂੰ ਪੀ.ਸੀ.ਐਸ. ਨਿਯੁਕਤ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਪਰਵਾਸ ਨੂੰ ਪੁੱਠਾ ਗੇੜ ਆਉਣ ਦੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ ਕਿਉਂਕਿ ਵਿਦੇਸ਼ਾਂ ਵਿੱਚ ਵਸੇ ਨੌਜਵਾਨ ਪੰਜਾਬ ਵਿੱਚ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਲਈ ਵਾਪਸ ਆ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਦੀ ਪਹਿਲਕਦਮੀ ਨਾਲ ਖੇਡਾਂ ਦੇ ਖੇਤਰ ਵਿੱਚ ਵੀ ਇਹੀ 'ਉਲਟਾ ਰੁਝਾਨ' ਸ਼ੁਰੂ ਹੋ ਜਾਵੇਗਾ ਕਿਉਂਕਿ ਦੂਜੇ ਸੂਬਿਆਂ ਦੇ ਖਿਡਾਰੀ ਪੰਜਾਬ ਸਰਕਾਰ ਦਾ ਹਿੱਸਾ ਬਣਨ ਲਈ ਤਿਆਰ ਹੋਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਹਰ ਖੇਤਰ ਵਿੱਚ ਦੇਸ਼ ਭਰ ਵਿੱਚ ਮੋਹਰੀ ਸੂਬਾ ਬਣੇਗਾ।



ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਨਾ ਸਿਰਫ਼ ਦੇਸ਼ ਦਾ ਅੰਨਦਾਤਾ ਹੋਣ ਦਾ ਮਾਣ ਹਾਸਲ ਹੈ, ਸਗੋਂ ਇਹ ਦੇਸ਼ ਵਿੱਚ ਉੱਘੇ ਖਿਡਾਰੀ ਵੀ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ 'ਤੇ ਸੂਬੇ ਦੇ ਖਿਡਾਰੀਆਂ ਨੇ ਵੱਖ-ਵੱਖ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਦੇਸ਼ ਲਈ ਝੋਨਾ ਪੈਦਾ ਕਰਦਾ ਹੈ, ਜਿਸ ਵਿੱਚੋਂ 99 ਫੀਸਦੀ ਹਿੱਸਾ ਦੂਜੇ ਸੂਬਿਆਂ ਨੂੰ ਵੇਚਿਆ ਜਾ ਰਿਹਾ ਹੈ ਕਿਉਂਕਿ ਅਸੀਂ ਇਸ ਦੀ ਖਪਤ ਨਹੀਂ ਕਰਦੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ, ਦੇਸ਼ ਦੀ ਖੜਗ ਭੁਜਾ ਰਿਹਾ ਹੈ ਕਿਉਂਕਿ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਪੰਜਾਬ ਦੇ ਸੂਰਬੀਰ ਪੁੱਤਰਾਂ ਵੱਲੋਂ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਪੰਜਾਬੀਆਂ ਨੇ ਕੌਮੀ ਆਜ਼ਾਦੀ ਸੰਘਰਸ਼ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਜ਼ਾਦੀ ਘੁਲਾਟੀਆਂ ਨੇ ਹਮੇਸ਼ਾ ਸਾਨੂੰ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਕਾਇਮ ਰੱਖਣ ਲਈ ਅਥਾਹ ਕੁਰਬਾਨੀਆਂ ਕਰਨ ਲਈ ਪ੍ਰੇਰਿਤ ਕੀਤਾ ਹੈ।

ਮੁੱਖ ਮੰਤਰੀ ਨੇ ਅਫਸੋਸ ਜ਼ਾਹਰ ਕੀਤਾ ਕਿ ਪਹਿਲਾਂ ਵਾਲੇ ਮੁੱਖ ਮੰਤਰੀਆਂ ਨੂੰ ਨਾ ਤਾਂ ਸੂਬੇ ਅਤੇ ਨਾ ਹੀ ਇਸ ਦੇ ਲੋਕਾਂ ਦੀ ਚਿੰਤਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਸੂਬੇ ਦੀ ਦੌਲਤ ਨੂੰ ਬੇਰਹਿਮੀ ਨਾਲ ਲੁੱਟਿਆ ਅਤੇ ਲੋਕਾਂ ਦਾ ਜੀਵਨ ਤਬਾਹ ਕਰ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲੋਕ ਖੇਡਾਂ ਅਤੇ ਖਿਡਾਰੀਆਂ ਪ੍ਰਤੀ ਉਦਾਸੀਨ ਰਵੱਈਆ ਰੱਖਦੇ ਸਨ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਜਿਸ ਤਰ੍ਹਾਂ ਮਹਾਨ ਸ਼ਹੀਦਾਂ ਨੂੰ ਭਾਰਤ ਰਤਨ ਪੁਰਸਕਾਰ ਦੇਣ ਨਾਲ ਇਸ ਪੁਰਸਕਾਰ ਦਾ ਮਾਣ ਵਧਦਾ ਹੈ, ਉਸੇ ਤਰ੍ਹਾਂ ਸੂਬਾ ਸਰਕਾਰ ਖਿਡਾਰੀਆਂ ਨੂੰ ਸਨਮਾਨਿਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦ ਸੱਚਮੁੱਚ ਇਸ ਪੁਰਸਕਾਰ ਦੇ ਹੱਕਦਾਰ ਹਨ ਕਿਉਂਕਿ ਉਨ੍ਹਾਂ ਨੇ ਦੇਸ਼ ਨੂੰ ਵਿਦੇਸ਼ੀ ਚੁੰਗਲ ਤੋਂ ਮੁਕਤ ਕਰਵਾਉਣ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਾਮਵਰ ਖਿਡਾਰੀਆਂ ਨੂੰ ਇਹ ਨੌਕਰੀਆਂ ਦੇਣ ਨਾਲ ਇਨ੍ਹਾਂ ਨੌਕਰੀਆਂ ਦੀ ਵੁੱਕਤ ਵਧਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਖੇਡਾਂ ਅਤੇ ਨਸ਼ਾ ਵਿਰੋਧੀ ਮੁਹਿੰਮ ਨੂੰ ਆਪਸ ਵਿੱਚ ਜੋੜੇਗੀ, ਜਿਸ ਲਈ ਅਗਲੇ ਵਿੱਤੀ ਵਰ੍ਹੇ ਤੋਂ ਵੱਡਾ ਬਜਟ ਰੱਖਿਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਭਲੀਭਾਂਤ ਜਾਣਦੇ ਹਨ ਕਿ 'ਵਿਹਲਾ ਦਿਮਾਗ ਸ਼ੈਤਾਨ ਦਾ ਘਰ ਹੁੰਦਾ ਹੈ', ਇਸ ਲਈ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਉਹ ਕੰਮ ਵਿਚ ਰੁੱਝੇ ਰਹਿਣ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵਿੱਚ ਹਰ ਸਾਲ 2100 ਅਸਾਮੀਆਂ ਦੀ ਰੈਗੂਲਰ ਭਰਤੀ ਲਈ ਇਸ਼ਤਿਹਾਰ ਦਿੱਤਾ ਜਾਂਦਾ ਹੈ, ਜਿਸ ਨਾਲ ਨੌਜਵਾਨ ਸਖ਼ਤ ਮਿਹਨਤ ਕਰਨ ਅਤੇ ਪੁਲਿਸ ਵਿੱਚ ਅਫ਼ਸਰ ਬਣਨ ਲਈ ਪ੍ਰੇਰਿਤ ਹੁੰਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕੌਮਾਂਤਰੀ ਮੁਕਾਬਲਿਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਸਾਰੇ 100 ਫੀਸਦੀ ਖਿਡਾਰੀਆਂ ਨੂੰ ਨੌਕਰੀਆਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਸੂਬਾ ਸਰਕਾਰ ਦੀ ਮੁਹਿੰਮ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹੋ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਇਸ ਨਾਲ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਖ਼ਤਮ ਕੀਤਾ ਜਾਵੇਗਾ ਅਤੇ ਨੌਜਵਾਨਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਬਰਾਬਰ ਦਾ ਭਾਈਵਾਲ ਬਣਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਦੇ ਕੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਠੋਸ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਗਰਾਊਂਡ ਅਤੇ ਹੋਰ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਤੋਂ ਇਲਾਵਾ ਮੁਕਾਬਲਿਆਂ ਦੀ ਤਿਆਰੀ ਲਈ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਖਿਡਾਰੀਆਂ ਨੂੰ ਕੌਮੀ ਅਤੇ ਕੌਮਾਂਤਰੀ ਦੋਵਾਂ ਮੁਕਾਬਲਿਆਂ ਵਿਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਿਚ ਮਦਦ ਮਿਲੇਗੀ।

ਇਸ ਤੋਂ ਪਹਿਲਾਂ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮੁੱਖ ਮੰਤਰੀ ਦੇ ਇਸ ਨਿਵੇਕਲੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਉਭਰਦੇ ਖਿਡਾਰੀਆਂ ਨੂੰ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰੇਗਾ। ਇਸ ਦੌਰਾਨ ਖਿਡਾਰੀਆਂ ਨੇ ਮੁੱਖ ਮੰਤਰੀ ਦਾ ਇਸ ਉਪਰਾਲੇ ਲਈ ਧੰਨਵਾਦ ਵੀ ਕੀਤਾ। ਹਾਕੀ ਖਿਡਾਰੀ ਹਰਮਨਪ੍ਰੀਤ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਉਸ ਲਈ ਬਹੁਤ ਵੱਡਾ ਦਿਨ ਹੈ, ਉਨ੍ਹਾਂ 2021 ਵਿੱਚ ਤਮਗਾ ਜਿੱਤਿਆ ਸੀ ਪਰ ਅੱਜ ਇਹ ਨੌਕਰੀ ਮਿਲੀ ਹੈ। ਇਹ ਮੁੱਖ ਮੰਤਰੀ ਦੇ ਖ਼ੁਦ ਖੇਡ ਪ੍ਰੇਮੀ ਹੋਣ ਕਾਰਨ ਸੰਭਵ ਹੋਇਆ। ਹਰਮਨਪ੍ਰੀਤ ਸਿੰਘ ਨੇ ਸੂਬਾ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਦੀ ਪਹਿਲਕਦਮੀ ਦੀ ਵੀ ਸ਼ਲਾਘਾ ਕੀਤੀ।

ਇਕ ਹੋਰ ਖਿਡਾਰੀ ਰੁਪਿੰਦਰਪਾਲ ਸਿੰਘ ਨੇ ਖਿਡਾਰੀਆਂ ਨੂੰ ਪੀ.ਸੀ.ਐਸ. ਅਤੇ ਪੀ.ਪੀ.ਐਸ. ਨੌਕਰੀਆਂ ਦੇਣ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਪੀ.ਸੀ.ਐਸ. ਖਿਡਾਰੀਆਂ ਨੂੰ ਕਿਸੇ ਸੂਬਾ ਸਰਕਾਰ ਵੱਲੋਂ ਸਿੱਧੇ ਤੌਰ 'ਤੇ ਨਿਯੁਕਤ ਕੀਤਾ ਗਿਆ ਹੈ।

ਰੁਪਿੰਦਰਪਾਲ ਸਿੰਘ ਨੇ ਕਿਹਾ ਕਿ ਇਸ ਨਾਲ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਨ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਨਾ ਮਿਲੇਗੀ।

# ਉੱਤਰਾਖੰਡ ਮੰਤਰੀ ਮੰਡਲ ਵੱਲੋਂ ਸਾਂਝੇ ਸਿਵਲ ਕੋਡ ਦੇ ਖਰੜੇ 'ਤੇ ਮੋਹਰ




ਦੇਹਰਾਦੂਨ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਉੱਤਰਾਖੰਡ ਮੰਤਰੀ ਮੰਡਲ ਨੇ ਸਾਂਝੇ ਸਿਵਲ ਕੋਡ (ਯੂਸੀਸੀ) ਦੇ ਖਰੜੇ ਨੂੰ ਅੱਜ ਆਪਣੀ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਨਾਲ ਉਸ ਨੂੰ ਭਲਕੇ 6 ਫਰਵਰੀ ਤੋਂ ਸ਼ੁਰੂ ਹੋ ਰਹੇ ਵਿਧਾਨ ਸਭਾ ਦੇ ਚਾਰ ਰੋਜ਼ਾ ਵਿਸ਼ੇਸ਼ ਸੈਸ਼ਨ 'ਚ ਬਿੱਲ ਵਜੋਂ ਪੇਸ਼ ਕੀਤੇ ਜਾਣ ਦਾ ਰਾਹ ਪੱਧਰਾ ਹੋ ਗਿਆ ਹੈ।

ਇੱਥੇ ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਈ ਮੀਟਿੰਗ 'ਚ ਯੂਸੀਸੀ ਦੇ ਖਰੜੇ ਨੂੰ ਮਨਜ਼ੂਰੀ ਦਿੱਤੀ ਗਈ ਹੈ। ਚਾਰ ਖੰਡਾਂ 'ਚ 740 ਸਫ਼ਿਆਂ ਦਾ ਯੂਸੀਸੀ ਦਾ ਖਰੜਾ ਸੁਪਰੀਮ ਕੋਰਟ ਦੀ ਸੇਵਾਮੁਕਤ ਜੱਜ ਰੰਜਨਾ ਪ੍ਰਕਾਸ਼ ਦੇਸਾਈ ਦੀ ਪ੍ਰਧਾਨਗੀ ਹੇਠਲੀ ਕਮੇਟੀ ਨੇ ਲੰਘੇ ਸ਼ੁੱਕਰਵਾਰ ਨੂੰ ਮੁੱਖ ਮੰਤਰੀ ਨੂੰ ਸੌਂਪਿਆ ਸੀ। ਯੂਸੀਸੀ ਨੂੰ ਪਾਸ ਕਰਾਉਣ ਲਈ ਭਲਕ ਤੋਂ ਵਿਧਾਨ ਸਭਾ ਵਿਸ਼ੇਸ਼ ਇਜਲਾਸ ਸੱਦਿਆ ਗਿਆ ਹੈ। ਇਸ ਨੂੰ ਸਦਨ 'ਚ ਪੇਸ਼ ਕਰਨ ਲਈ ਮੰਤਰੀ ਮੰਡਲ ਦੀ ਮਨਜ਼ੂਰੀ ਜ਼ਰੂਰੀ ਸੀ। ਇਸ ਨੂੰ 6 ਫਰਵਰੀ ਨੂੰ ਵਿਧਾਨ ਸਭਾ 'ਚ ਪੇਸ਼ ਕੀਤਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਸਾਂਝਾ ਸਿਵਲ ਕੋਡ (ਯੂਸੀਸੀ) ਦਾ ਖਰੜਾ ਤਿਆਰ ਕਰਨ ਲਈ ਉੱਤਰਾਖੰਡ ਸਰਕਾਰ ਵੱਲੋਂ ਗਠਿਤ ਕਮੇਟੀ ਨੇ ਲੰਘੇ ਸ਼ੁੱਕਰਵਾਰ ਨੂੰ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਖਰੜੇ ਦੇ ਦਸਤਾਵੇਜ਼ ਸੌਂਪੇ ਸਨ। ਯੂਸੀਸੀ ਦਾ ਖਰੜਾ ਹਾਸਲ ਕਰਨ ਮਗਰੋਂ ਮੁੱਖ ਮੰਤਰੀ ਧਾਮੀ ਨੇ ਕਿਹਾ ਸੀ, 'ਲੰਮੇ ਸਮੇਂ ਤੋਂ ਉਡੀਕਿਆ ਜਾ ਰਿਹਾ ਪਲ ਆ ਗਿਆ ਹੈ। ਯੂਸੀਸੀ ਦਾ ਖਰੜਾ ਹੁਣ ਸਾਨੂੰ ਸੌਂਪ ਦਿੱਤਾ ਗਿਆ ਹੈ।' ਧਾਮੀ ਨੇ ਕਿਹਾ ਸੀ, 'ਇਹ 2022 'ਚ ਸੂਬੇ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦੀ ਦਿਸ਼ਾ 'ਚ ਇੱਕ ਹੋਰ ਕਦਮ ਹੈ।' ਧਾਮੀ ਨੇ ਕਿਹਾ ਕਿ ਲਗਾਤਾਰ ਦੂਜੇ ਕਾਰਜਕਾਲ ਲਈ ਲੋਕਾਂ ਵੱਲੋਂ ਇਤਿਹਾਸਕ ਫਤਵਾ ਮਿਲਣ ਮਗਰੋਂ ਉਨ੍ਹਾਂ ਦੀ ਕੈਬਨਿਟ ਨੇ ਆਪਣੇ ਵਾਅਦੇ ਪੂਰੇ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਦਿਆਂ ਆਪਣੀ ਪਹਿਲੀ ਮੀਟਿੰਗ 'ਚ ਹੀ ਯੂਸੀਸੀ ਦਾ ਖਰੜਾ ਤਿਆਰ ਕਰਨ ਲਈ ਇੱਕ ਕਮੇਟੀ ਗਠਿਤ ਕਰਨ ਦਾ ਫ਼ੈਸਲਾ ਕੀਤਾ ਸੀ। ਜੇਕਰ ਇਹ ਖਰੜਾ ਲਾਗੂ ਹੁੰਦਾ ਹੈ ਤਾਂ ਉੱਤਰਾਖੰਡ ਆਜ਼ਾਦੀ ਤੋਂ ਬਾਅਦ ਯੂਸੀਸੀ ਅਪਨਾਉਣ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਜਾਵੇਗਾ। ਗੋਆ 'ਚ ਪੁਰਤਗਾਲੀ ਸ਼ਾਸਨ ਦੇ ਦਿਨਾਂ ਤੋਂ ਹੀ ਯੂਸੀਸੀ ਲਾਗੂ ਹੈ।

ਜ਼ਿਕਰਯੋਗ ਹੈ ਕਿ ਯੂਸੀਸੀ ਬਾਰੇ ਖਰੜਾ ਤਿਆਰ ਕਰਨ ਲਈ ਮਈ 2022 'ਚ ਕਮੇਟੀ ਦਾ ਗਠਨ ਕੀਤਾ ਗਿਆ ਸੀ। ਛੇ ਮਹੀਨੇ ਲਈ ਬਣਾਈ ਗਈ ਇਸ ਕਮੇਟੀ ਦੀ ਮਿਆਦ ਖਰੜਾ ਮੁਕੰਮਲ ਕਰਨ ਲਈ ਚਾਰ ਵਾਰ ਵਧਾਈ ਗਈ ਸੀ।

# ਸਿਸੋਦੀਆ ਵੱਲੋਂ ਸੁਪਰੀਮ ਕੋਰਟ 'ਚ ਜਲਦ ਸੁਣਵਾਈ ਲਈ ਅਰਜ਼ੀ ਦਾਖ਼ਲ

ਨਵੀਂ ਦਿੱਲੀ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਆਮ ਆਦਮੀ ਪਾਰਟੀ ਦੇ ਜੇਲ੍ਹ 'ਚ ਬੰਦ ਆਗੂ ਮਨੀਸ਼ ਸਿਸੋਦੀਆ ਨੇ ਕਥਿਤ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਭਿ?ਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲੇ 'ਚ 2023 'ਚ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੰਦੇ ਹੋਏ ਸਿਖਰਲੀ ਅਦਾਲਤ 'ਚ ਦਾਖਲ ਆਪਣੀਆਂ ਦੋ ਪਟੀਸ਼ਨਾਂ 'ਤੇ ਜਲਦੀ ਸੁਣਵਾਈ ਕਰਨ ਲਈ ਅਰਜ਼ੀ ਦਾਖਲ ਕੀਤੀ ਹੈ॥ ਸਿਸੋਦੀਆ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਹੇਠਲੀ ਬੈਂਚ ਨੂੰ ਦੱਸਿਆ ਕਿ ਸਿਸੋਦੀਆ ਇਕ ਸਾਲ ਤੋਂ ਜੇਲ੍ਹ 'ਚ ਬੰਦ ਹਨ ਅਤੇ ਉਨ੍ਹਾਂ ਦੀਆਂ ਪਟੀਸ਼ਨਾਂ ਨੂੰ ਤਤਕਾਲ ਸੂਚੀਬਧ ਕੀਤਾ ਜਾਵੇ।

# ਚੰਪਨੀ ਸੋਰੇਨੇ ਸਰਕਾਰ ਨੇ ਬਹੁਮਤ ਹਾਸਲ ਕੀਤਾ; ਸਮਰਥਨ 'ਚ ਪਏ 47 ਵੋਟ, ਵਿਰੋਧ ਵਿੱਚ 29 ਪਏ

ਰਾਂਚੀ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਚੰਪਈ ਸੋਰੇਨੇ ਦੀ ਸਰਕਾਰ ਨੇ ਇਥੇ ਝਾਰਖੰਡ ਵਿਧਾਨ ਸਭਾ ਦੇ ਸੈਸ਼ਨ 'ਚ ਸਮਰਥਨ ਹਾਸਲ ਕਰ ਲਿਆ ਹੈ। ਉਨ੍ਹਾਂ ਦੇ ਹੱਕ 'ਚ 47 ਵੋਟ ਅਤੇ ਵਿਰੋਧ 'ਚ 29 ਵੋਟ ਪਏ ਹਨ। ਇਸ ਤੋਂ ਪਹਿਲਾਂ ਸਵੇਰੇ ਚੰਪਈ ਸੋਰੇਨ ਸਰਕਾਰ ਵੱਲੋਂ ਬਹੁਮਤ ਸਾਬਤ ਕਰਨ ਲਈ ਝਾਰਖੰਡ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸ਼ੁਰੂ ਹੋਇਆ ਸੀ। ਚੰਪਈ ਸੋਰੇਨ ਸਰਕਾਰ ਨੇ ਭਰੋਸੇ ਦਾ ਵੋਟ ਮੰਗਿਆ। ਇਸ ਮੌਕੇ ਸੱਤਾਧਾਰੀ ਜੇਐਮਐਮ ਦੀ ਅਗਵਾਈ ਵਾਲੇ ਗਠਜੋੜ ਦੇ ਵਿਧਾਇਕਾਂ ਨੇ ਫਲੋਰ ਟੈਸਟ ਜਿੱਤਣ ਦਾ ਭਰੋਸਾ ਜਤਾਇਆ, ਜਦੋਂ ਕਿ ਵਿਰੋਧੀ ਭਾਜਪਾ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਗਠਜੋੜ ਨੂੰ ਹਰਾਇਆ ਜਾਵੇਗਾ। ਰਾਜ ਮੰਤਰੀ ਆਲਮਗੀਰ ਆਲਮ ਨੇ ਐਤਵਾਰ ਨੂੰ ਕਿਹਾ ਸੀ, ਸਾਡੇ ਵਿਧਾਇਕ ਇਕਜੁੱਟ ਹਨ ਅਤੇ ਸਾਡੇ ਕੋਲ 81 ਮੈਂਬਰੀ ਵਿਧਾਨ ਸਭਾ ਵਿਚ 48 ਤੋਂ 50 ਵਿਧਾਇਕਾਂ ਦਾ ਸਮਰਥਨ ਹੈ।

## ਪੌਪ ਸ਼ੋਅ ਮੌਕੇ ਪੰਜਾਬੀ ਗਾਇਕ ਗੁਰਨਾਮ ਭੁੱਲਰ ਦੀ ਦਿਲਕਸ਼ ਰਹੀ ਪੇਸ਼ਕਾਰੀ, ਪੰਜਾਬੀ ਗੀਤਾਂ 'ਤੇ ਖ਼ੂਬ ਨੱਚੇ ਦਰਸ਼ਕ

ਪਟਿਆਲਾ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

'ਪਟਿਆਲਾ ਵਿਰਾਸਤੀ ਮੇਲੇ' ਦੌਰਾਨ ਕਰਵਾਏ ਗਏ ਪੌਪ ਸ਼ੋਅ ਮੌਕੇ ਪੰਜਾਬੀ ਗਾਇਕ ਗੁਰਨਾਮ ਭੁੱਲਰ ਵੱਲੋਂ ਗਾਏ ਗੀਤਾਂ 'ਤੇ ਦਰਸ਼ਕਾਂ ਨੇ ਖੂਬ ਭੰਗੜਾ ਪਾਇਆ। ਇੱਥੇ ਪੰਜਾਬੀ ਯੂਨੀਵਰਸਿਟੀ ਵਿਖੇ ਬੀਤੀ ਦੇਰ ਸ਼ਾਮ ਆਪਣੇ ਪ੍ਰਸਿੱਧ ਗੀਤਾਂ ਦੀ ਪੇਸ਼ਕਾਰੀ ਕਰਦਿਆਂ ਗੁਰਨਾਮ ਭੁੱਲਰ ਨੇ ਡਾਇਮੰਡ ਦੀ ਝਾਂਜਰ, ਆਥਣ ਤੇ ਸਰਘੀ ਮਿਲਣਗੀਆਂ, ਚੁੰਨੀ ਸਤਰੰਗੀ, ਤੇਰੇ ਨਾਲ ਮੈਂ ਜਚਦੀ ਅਤੇ ਹੋਰ ਪ੍ਰਸਿੱਧ ਗੀਤ ਗਾ ਕੇ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕੀਤਾ।

ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਅਤੇ ਏ.ਡੀ.ਸੀ ਅਨੁਪ੍ਰਿਤਾ ਜੌਹਲ, ਐਸ.ਪੀ. ਸਰਫਰਾਜ਼ ਆਲਮ ਅਤੇ ਮੇਲੇ ਦੇ ਨੋਡਲ ਅਫ਼ਸਰ ਤੇ ਐਸ.ਡੀ.ਐਮ. ਰਾਜਪੁਰਾ ਜਸਲੀਨ ਕੌਰ ਭੁੱਲਰ ਨੇ ਗਾਇਕ ਗੁਰਨਾਮ ਭੁੱਲਰ ਦਾ ਸਨਮਾਨ ਕੀਤਾ। ਇਸ ਸਮੇਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਕਰਵਾਇਆ ਗਿਆ ਪਟਿਆਲਾ ਹੈਰੀਟੇਜ ਮੇਲਾ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੀ ਵੱਡਮੁੱਲੀ ਵਿਰਾਸਤ, ਸੱਭਿਆਚਾਰ ਅਤੇ ਅਮੀਰ ਵਿਰਸੇ ਬਾਰੇ ਜਾਣਕਾਰੀ ਦੇਣ ਲਈ ਅਹਿਮ ਸਾਬਤ ਹੋਇਆ ਹੈ।

ਇਸ ਦੌਰਾਨ ਐਸ.ਡੀ.ਐਮ. ਡਾ. ਇਸਮਤ ਵਿਜੇ ਸਿੰਘ, ਪੀ.ਸੀ.ਐਸ. ਅਧਿਕਾਰੀ ਜੀਵਨਜੋਤ ਕੌਰ ਤੇ ਮਨਪ੍ਰੀਤ ਕੌਰ, ਡੀ.ਐਸ.ਪੀ. ਟ੍ਰੈਫਿਕ ਕਰਨੈਲ ਸਿੰਘ ਤੇ ਡੀ.ਐਸ.ਪੀ. ਸਿਟੀ-2 ਜੰਗਜੀਤ ਸਿੰਘ ਸਮੇਤ ਹੋਰ ਪਤਵੰਤੇ, ਯੂਨੀਵਰਸਿਟੀ ਦੇ ਵੱਡੀ ਗਿਣਤੀ ਵਿਦਿਆਰਥੀ ਅਤੇ ਪਟਿਆਲਾ ਸ਼ਹਿਰ ਤੇ ਨੇੜਲੇ ਇਲਾਕਿਆਂ ਦੇ ਵਾਸੀ ਮੌਜੂਦ ਸਨ।

# ਸਿਆਸੀ ਪਾਰਟੀਆਂ ਨੂੰ ਚੋਣ ਕਮਿਸ਼ਨ ਦੀ ਸਲਾਹ, ਬੱਚਿਆਂ ਦਾ ਪ੍ਰਚਾਰ ਮੁਹਿੰਮ 'ਚ ਨਾ ਕਰੋ ਇਸਤੇਮਾਲ

ਨਵੀਂ ਦਿੱਲੀ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਲੋਕ ਸਭਾ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਸੋਮਵਾਰ ਯਾਨੀ ਕਿ ਅੱਜ ਸਿਆਸੀ ਪਾਰਟੀਆਂ ਨੂੰ ਕਿਹਾ ਹੈ ਕਿ ਉਹ ਪੋਸਟਰ ਅਤੇ ਪਰਚਿਆਂ ਸਮੇਤ ਪ੍ਰਚਾਰ ਦੀ ਕਿਸੇ ਵੀ ਸਮੱਗਰੀ 'ਚ ਬੱਚਿਆਂ ਦਾ ਇਸਤੇਮਾਲ ਕਿਸੇ ਵੀ ਰੂਪ ਵਿਚ ਨਾ ਕਰਨ। ਸਿਆਸੀ ਪਾਰਟੀਆਂ ਨੂੰ ਭੇਜੀ ਸਲਾਹ 'ਚ ਚੋਣ ਕਮਿਸ਼ਨ ਨੇ ਪਾਰਟੀਆਂ ਅਤੇ ਉਮੀਦਵਾਰਾਂ ਵਲੋਂ ਚੋਣ ਪ੍ਰਕਿਰਿਆ ਦੌਰਾਨ ਕਿਸੇ ਵੀ ਤਰੀਕੇ ਨਾਲ ਬੱਚਿਆਂ ਦਾ ਇਸਤੇਮਾਲ ਕੀਤੇ ਜਾਣ ਪ੍ਰਤੀ ਆਪਣੀ ਬਿਲਕੁੱਲ ਵੀ ਨਾ ਬਰਦਾਸ਼ਤ ਕਰਨ ਦੀ ਨੀਤੀ ਬਾਰੇ ਜਾਣੂ ਕਰਵਾਇਆ।
ਕਮਿਸ਼ਨ ਨੇ ਕਿਹਾ ਕਿ ਨੇਤਾਵਾਂ ਅਤੇ ਉਮੀਦਵਾਰਾਂ ਨੂੰ ਪ੍ਰਚਾਰ ਗਤੀਵਿਧੀਆਂ ਵਿਚ ਬੱਚਿਆਂ ਦੇ ਇਸਤੇਮਾਲ ਕਿਸੇ ਵੀ ਤਰੀਕੇ ਨਾਲ ਨਹੀਂ ਕਰਨਾ ਚਾਹੀਦਾ। ਚਾਹੇ ਉਹ ਬੱਚੇ ਨੂੰ ਗੋਦ ਵਿਚ ਚੁੱਕ ਰਹੇ ਹੋਣ, ਵਾਹਨ ਵਿਚ ਜਾਂ ਫਿਰ ਰੈਲੀਆਂ 'ਚ ਬੱਚੇ ਨੂੰ ਲੈ ਕੇ ਜਾਣਾ ਹੋਵੇ। ਕਮਿਸ਼ਨ ਨੇ ਇਕ ਬਿਆਨ ਵਿਚ ਕਿਹਾ ਕਿ ਕਿਸੇ ਵੀ ਤਰ੍ਹਾਂ ਤੋਂ ਸਿਆਸੀ ਪ੍ਰਚਾਰ ਮੁਹਿੰਮ ਚਲਾਉਣ ਲਈ ਬੱਚਿਆਂ ਦੇ ਇਸਤੇਮਾਲ 'ਤੇ ਵੀ ਇਹ ਪਾਬੰਦੀ ਲਾਗੂ ਹੈ। ਜਿਸ ਵਿਚ ਕਵਿਤਾ, ਗੀਤ, ਬੋਲੇ ਗਏ ਸ਼ਬਦ, ਸਿਆਸੀ ਪਾਰਟੀ ਜਾਂ ਉਮੀਦਵਾਰ ਦੇ ਪ੍ਰਤੀਕ ਚਿੰਨ੍ਹ ਦਾ ਪ੍ਰਦਰਸ਼ਨ ਸ਼ਾਮਲ ਹੈ। ਹਾਲਾਂਕਿ ਕਮਿਸ਼ਨ ਨੇ ਇਹ ਵੀ ਸੱਪਸ਼ਟ ਕੀਤਾ ਕਿ ਜੇਕਰ ਕੋਈ ਨੇਤਾ ਜੋ ਕਿਸੇ ਵੀ ਸਿਆਸੀ ਪਾਰਟੀ ਦੀ ਚੋਣ ਪ੍ਰਚਾਰ ਗਤੀਵਿਧੀ 'ਚ ਸ਼ਾਮਲ ਨਹੀਂ ਅਤੇ ਕੋਈ ਬੱਚਾ ਆਪਣੇ ਮਾਪਿਆਂ ਨਾਲ ਉਸ ਦੇ ਨੇੜੇ ਸਿਰਫ਼ ਮੌਜੂਦ ਹੁੰਦਾ ਹੈ ਤਾਂ ਇਸ ਸਥਿਤੀ ਵਿਚ ਇਹ ਦਿਸ਼ਾ-ਨਿਰਦੇਸ਼ਾਂ ਦਾ ਉਲੰਘਣ ਨਹੀਂ ਮੰਨਿਆ ਜਾਵੇਗਾ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਚੋਣ ਕਮਿਸ਼ਨ ਦੇ ਮੁੱਖ ਹਿੱਤਧਾਰਕਾਂ ਦੇ ਰੂਪ ਵਿਚ ਸਿਆਸੀ ਪਾਰਟੀਆਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ ਹੈ।

# ਹਿਮਾਚਲ ਦੇ ਊਨਾ ਤੋਂ ਅਯੁੱਧਿਆ ਲਈ ਰਵਾਨਾ ਹੋਈ ਪਹਿਲੀ ਰੇਲ ਗੱਡੀ, ਅਨੁਰਾਗ ਠਾਕੁਰ ਨੇ ਦਿਖਾਈ ਹਰੀ ਝੰਡੀ



ਊਨਾ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਸੋਮਵਾਰ ਨੂੰ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਅੰਬ ਅੰਦੌਰਾ ਤੋਂ ਅਯੁੱਧਿਆ ਲਈ 'ਆਸਥਾ' ਰੇਲ ਗੱਡੀ ਨੂੰ ਹਰੀ ਝੰਡੀ ਦਿਖਾਈ। ਅਯੁੱਧਿਆ ਲਈ ਸਵੇਰੇ 6 ਵਜੇ ਰਵਾਨਾ ਹੋਈ ਵਿਸ਼ੇਸ਼ ਆਸਥਾ ਐਕਸਪ੍ਰੈਸ ਰੇਲ ਗੱਡੀ 'ਚ 1,074 ਸ਼ਰਧਾਲੂ ਰਵਾਨਾ ਹੋਏ। ਰਾਮ ਮੰਦਰ 'ਚ ਸ਼੍ਰੀ ਰਾਮਲੱਲਾ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਤੋਂ ਬਾਅਦ ਵੱਡੀ ਗਿਣਤੀ 'ਚ ਸ਼ਰਧਾਲੂ ਅਯੁੱਧਿਆ ਜਾ ਰਹੇ ਹਨ। ਠਾਕੁਰ ਨੇ ਇਸ ਮੌਕੇ ਕਿਹਾ ਕਿ 500 ਸਾਲ ਦੀ ਪ੍ਰਾਰਥਨਾ ਅਤੇ ਇੰਤਜ਼ਾਰ ਤੋਂ ਬਾਅਦ ਅਯੁੱਧਿਆ 'ਚ ਬਣੇ ਮੰਦਰ ਨੂੰ ਦੇਖਣ ਲਈ ਦੁਨੀਆ ਭਰ ਤੋਂ ਸ਼ਰਧਾਲੂ ਆ ਰਹੇ ਹਨ। ਸੂਚਨਾ ਅਤੇ ਪ੍ਰਸਾਰਨ ਮੰਤਰੀ ਨੇ ਕਿਹਾ,"ਭਗਵਾਨ ਰਾਮ ਦੇ ਦਰਸ਼ਨ ਲਈ ਲੋਕਾਂ 'ਚ ਕਾਫ਼ੀ ਉਤਸ਼ਾਹ ਹੈ ਅਤੇ ਹਰ ਕੋਈ ਅਯੁੱਧਿਆ ਧਾਮ ਜਾ ਕੇ ਰਾਮਲੱਲਾ ਦੇ ਦਰਸ਼ਨ ਕਰਨ ਲਈ ਉਤਸੁਕ ਹੈ। ਸਾਡੀ ਪੀੜ੍ਹੀ ਕਿਸਮਤਵਾਲੀ ਹੈ ਜਿਸ ਨੇ ਨਾ ਸਿਰਫ਼ ਰਾਮ ਮੰਦਰ ਅੰਦੋਲਨ ਦੇਖਿਆ ਹੈ ਸਗੋਂ ਅਯੁੱਧਿਆ 'ਚ ਰਾਮ ਮੰਦਰ ਨੂੰ ਬਣਦੇ ਵੀ ਦੇਖਿਆ ਹੈ।" ਇਸ ਰੇਲ ਗੱਡੀ ਲਈ ਯਾਤਰੀਆਂ ਤੋਂ ਕਿਰਾਏ ਦੇ ਰੂਪ 'ਚ 1,500 ਰੁਪਏ ਵਸੂਲ ਕੀਤੇ ਗਏ ਅਤੇ ਇਹ ਰੇਲ ਗੱਡੀ 19 ਘੰਟੇ ਦਾ ਸਫ਼ਰ ਤੈਅ ਕਰ ਕੇ ਅਯੁੱਧਿਆ ਰੇਲਵੇ ਸਟੇਸ਼ਨ ਪਹੁੰਚੇਗੀ। ਰੇਲ ਗੱਡੀ 6 ਫ਼ਰਵਰੀ ਦੁਪਹਿਰ 12.40 ਵਜੇ ਅਯੁੱਧਿਆ ਲਈ ਰਵਾਨਾ ਹੋਵੇਗੀ ਅਤੇ 7 ਫਰਵਰੀ ਸ਼ਾਮ 7.40 ਵਜੇ ਅੰਬ ਅੰਦੌਰਾ ਰੇਲਵੇ ਸਟੇਸ਼ਨ ਪਹੁੰਚੇਗੀ। ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਜ਼ਿਲ੍ਹਾ ਇਕਾਈ ਦੇ ਸਕੱਤਰ ਰਾਜ ਕੁਮਾਰ ਪਠਾਨੀਆ ਨੇ ਕਿਹਾ ਕਿ ਕਾਂਗੜਾ, ਸ਼ਿਮਲਾ ਅਤੇ ਮੰਡੀ ਸੰਸਦੀ ਖੇਤਰਾਂ ਤੋਂ ਤੀਰਥ ਯਾਤਰੀਆਂ ਨੂੰ ਅਯੁੱਧਿਆ ਲਿਜਾਉਣ ਲਈ ਵੱਖ-ਵੱਖ ਰੇਲ ਗੱਡੀਆਂ ਪ੍ਰਸਤਾਵਿਤ ਹਨ। ਸੋਮਵਾਰ ਨੂੰ ਅਯੁੱਧਿਆ ਲਈ ਰਵਾਨਾ ਹੋਏ ਸ਼ਰਧਾਲੂ ਹਮੀਰਪੁਰ ਸੰਸਦੀ ਖੇਤਰ ਦੇ ਸਨ।

# ਕਿਊ ਐਕਸ ਲੈਬ ਏਆਈ ਨੇ 12 ਭਾਰਤੀ ਅਤੇ 100 ਗਿਆਨ ਨੂੰ ਕੀਤਾ ਲਾਂਚ

ਚੰਡੀਗੜ੍ਹ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਲਈ ਏਆਈਆਈ ਨੂੰ ਅਤੇ ਹੋਰ ਸੁਵਿਧਾਜਨਕ ਬਣਾਉਣ ਲਈ ਜਾਨੀਮਾਨੀ ਆਰਟੀਫਿਸ਼ਲ ਜਨਰਲ ਇੰਜਿਨਿਸ (ਏਜੀਆਈ) ਕੰਪਨੀ ਕਿਊਐਕਸਬ ਲੈਕ ਲੈਂਕ ਏਆਈ ਨੇ ਅੱਜ ਵਿਸ਼ਵ ਦਾ ਖੁਦ ਹਾਈਬੀ੍ ਜੇਨਰੇਟਵ ਏਆਈਆਈ ਪਲੇਟਫਾਰਮ ਆਸਕ ਕਿਊ ਐਕਸ ਪੇਸ਼ ਕੀਤਾ। ਨੋਡ-ਬੇਸ ਆਰਕੀਟੈਕਚਰ ਵਾਲਾ ਪਹਿਲਾ ਆਸਕ ਕਿਊਐਕਸ ਈਆਈਆਈ ਪਲੇਟਫਾਰਮ 100 ਤੋਂ ਵੱਧ ਤੋਂ ਵੱਧ ਉਪਲਬਧ ਹੈ, ਸੜਕ ਤੋਂ 12 ਭਾਰਤੀ ਹਨ। ਦੇਸ਼ ਭਰ ਵਿੱਚ ਅਤੇ ਬਾਹਰ ਵੀ, ਭਾਰਤੀ ਲੋਕਾਂ ਦੀ ਉਨ੍ਹਾਂ ਦੀ ਪਸੰਦੀਦਾ ਭਾਸ਼ਾ ਵਿੱਚ ਰੋਜਮਰਾ ਦੀ ਜਿੰਦਗੀ ਵਿੱਚ ਜੇਨਰੇਟੀਵ ਏਆਈ ਤੋਂ ਜੁੜਨੇ ਲਈ ਤਿਆਰ ਰਹਿਣ ਲਈ ਇਹ ਇੱਕ ਵਨ-ਸਟਾਪ ਸ਼ੌਪ ਹੈ। ਵੈੱਬਸਾਈਟ ਪਲੇਟਫਾਰਮ ਅਤੇ ਐਪ ਜਿਨ 12 ਭਾਰਤੀ ਸਧਾਰਨ ਵਿੱਚ ਉਪਲਬਧ ਹਨ, ਹਿੰਦੀ, ਬੰਗਾਲੀ, ਤੇਲੁਗੂ, ਮਰਾਠੀ, ਤਮਿਲ, ਉਰਦੂ, ਗੁਜਰਾਤੀ, ਕੰਨੜ, ਮਲਯਾਲਮ, ਉੜੀਆ, ਪੰਜਾਬੀ ਅਤੇ ਅਸਮੀਆ ਸ਼ਾਮਲ ਹਨ। ਇਸ ਤੋਂ ਇਲਾਵਾ, ਅੰਗਰੇਜ਼ੀ, ਆਸਕ ਕਿਊਐਕਸ ਕਈ ਹੋਰ ਸੰਸਾਰ ਦੇ ਨਾਲ-ਨਾਲ ਅਰਬੀ, ਫਰਾਂਸੀਸੀ, ਸਾਫਟਵੇਅਰ, ਜਾਪਾਨ, ਜਰਮਨ, ਇਟਲੀ, ਕੋਰੀਆਈ, ਪੁਰਤਗਾਲੀ, ਰੂਸੀ ਅਤੇ ਸਿੰਘਲੀ ਵਿੱਚ ਵੀ ਹੈ। ਇਹ ?ਐਕਸ ਲੈਬ ਏਆਈ ਕੇ-ਫਾਉਂਡਰ ਅਤੇ ਸੀਈਓ ਤਿਲਕਰਾਜ ਪਰਮਾਰ ਨੇ ਕਿਹਾ, @ਹਕੂਨ ਬਹੁ ਕੋਸ਼ਲਤਾਵਾਂ ਵਾਲੇ ਦੁਨੀਆ ਦੇ ਨੇਤਾ ਹਾਈਬ੍ਰਿਡ ਜੇਨ ਏਆਈਆਈ ਪਲੇਟਫਾਰਮ, ਆਸਕ ਐਕਸ ਨੂੰ ਪੇਸ਼ ਕਰਦੇ ਹੋਏ ਖ਼ੁਸ਼ੀ ਹੋ ਰਹੀ ਹੈ। ਇਹ ਪਲੇਟਫਾਰਮ ਵਿਸ਼ੇਸ਼ਤੌਰ ਤੋਂ ਭਾਰਤੀ ਆਬਾਬਾਜ਼ ਵਿੱਚ ਸਾਰਿਆਂ ਲਈ ਏਆਈਡੀ ਪਹੁੰਚ ਬਣਾਉਣ ਲਈ ਡਿਜ਼ਾਇਨ ਤਿਆਰ ਕੀਤਾ ਗਿਆ ਹੈ ਜੋ ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿੱਚ ਆਰਟੀਫਿਸ਼ਿਅਲ ਇੰਟੇਲਿਜੈਂਸ ਦੇ ਫਾਇਦੇ ਵਿੱਚ ਸ਼ਾਮਲ ਹੋ ਸਕਦੇ ਹਨ। ਅੱਠ ਸਾਲਾਂ ਦੇ ਵਿਕਾਸ ਦੀ ਕੋਸ਼ਿਸ਼ ਅਤੇ ਬਹੁਤ ਹੀ ਧਿਆਨ ਨਾਲ ਇਸ ਦੀ ਤਿਆਰੀ ਕੀਤੀ ਗਈ ਹੈ, ਇਸ ਤਰ੍ਹਾਂ ਦੇ ਕਿਊ ਭਾਰਤੀ ਕਈ ਵਾਰ ਬੇਜੋੜ ਭਾਸ਼ਾ ਦੀ ਸਮਰੱਥਾ ਅਤੇ ਵਿਸ਼ੇਸ਼ਤਾ ਦੇ ਮਾਣ ਦਾ ਦਾਅਵਾ ਕਰਦੇ ਹਨ। ਆਸਕ ਕਿਊ ਐਕਸ ਦੇ ਲਈ ਸਾਡੇ ਦ੍ਰਿਸ਼ਟੀਕੋਣ ਦੇ ਹਾਲਾਤ ਖਾਈ ਕੋ ਪਾਟਨਾ ਹੈ, ਅਸੀਂ ਇਹ ਯਕੀਨੀ ਕਰਨਾ ਚਾਹੁੰਦੇ ਹਾਂ ਕਿ ਏਆਈ ਦੀ ਕ੍ਰਾਂਤੀਕਾਰੀ ਸਮਰੱਥਾ ਕੁਝ ਖਾਸ ਲੋਕਾਂ ਤੱਕ ਵੀ ਉਲਟ ਨਹੀਂ ਹੈ। ਆਸਕ ਕਿਊ ਐਕਸ ਦੀ ਲਾਂਚਿੰਗ ਭਾਰਤ ਵਿੱਚ ਸ਼ਾਮਲ ਹੈ ਅਤੇ ਅੰਦੋਲਨ ਏਆਈ ਦਵਲਪਮੈਂਟ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਸ਼ੁਰੂਆਤ ਦਾ ਪ੍ਰਤੀਕ ਹੈ। ਅਸੀਂ ਇੱਕ ਉਤਪਾਦ ਵਿਕਸਿਤ ਕਰਨਾ ਚਾਹੁੰਦੇ ਹਾਂ ਜੋ ਭਾਰਤ ਵਿੱਚ ਹਰ ਕਿਸੇ ਨੂੰ ਉਨ੍ਹਾਂ ਦੀ ਪਸੰਦ ਦੀ ਭਾਸ਼ਾ ਵਿੱਚ ਸੇਵਾ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਅਸੀਂ ਸਿਰਫ਼ ਕਿਸੇ ਉਤਪਾਦ ਦੀ ਕੋਰ ਦੀ ਘੋਸ਼ਣਾ ਨਹੀਂ ਕਰਨਾ ਚਾਹੁੰਦੇ, ਸਗੋਂ ਲਾਂਚ ਦੇ ਨਾਲ ਹੀ ਇੱਕ ਫੁੱਲ ਫੰਕਸ਼ਨਲ ਪਲੇਟਫਾਰਮ ਦੇਣਾ ਚਾਹੁੰਦੇ ਹਾਂ। ਸਾਡੀ ਰਣਨੀਤੀ ਦ੍ਰਿਸ਼ਟੀਕੋਣ ਕੇਵਲ ਉਮੀਦਜਨਕ, ਠੋਸ ਨਤੀਜੇ ਦੇਣ @ਤੇ ਕੇਂਦਰਿਤ ਹੈ। ਇਸੇ ਕਾਰਨ 100+ ਸਫਲਤਾਪੂਰਵਕ ਆਸਕ ਕਿਊ ਐਕਸ ਦੀ ਸ਼ੁਰੂਆਤ ਵਿੱਚ 80 ਲੱਖ ਲੋਕ ਪਹੁੰਚਦੇ ਹਨ, ਲੋਕਾਂ ਤੱਕ ਪਹੁੰਚ ਕਰਦੇ ਹਨ, ਲੋਕਾਂ ਨੂੰ ਕਾਰੋਬਾਰ ਅਤੇ ਸਮੁਦਾਏ ਬਣਾਉਂਦੇ ਹਨ, ਕਾਫ਼ੀ ਪ੍ਰਭਾਵ ਪੈਦਾ ਕਰਨ ਲਈ ਸਾਡੀ ਅਟੂ ਸਮੱਰਥਾ ਨੂੰ ਖੜੀ ਕਰਦਾ ਹੈ। ਅਸੀਂ ਭਾਰਤ ਵਿੱਚ ਜਨਤਕ ਅਤੇ ਨਿੱਜੀ ਦੋਵਾਂ ਦੀ ਰਣਨੀਤੀ ਦੇ ਰੂਪ ਵਿੱਚ ਸਾਂਝੇਦਾਰੀ ਹੈ, ਜਿਸ ਦੀ ਅਸੀਂ ਐਲਾਨ ਕਰਾਂਗੇ। ਹਮ ਇੰਡੀਆ ਅਤੇ ਭਾਰਤ ਦੇ ਵਿਚਕਾਰ ਏਆਈ ਦੀ ਖਾਈ ਕੋ ਪਾਟਨੇ ਕੋਨਾ ਹੈਂ।@ਇਸ ਵਿੱਚ ਟੈਕਸਟ ਅਤੇ ਆਡੀਓ ਫਾਰਮੇਟ ਦੀ ਉਪਲਬਧਤਾ ਹੈ, ਉਹੀਂ 2024 ਦੀ ਪਹਿਲੀ ਬਿਹਤਰੀ ਦੇ ਅੰਦਰਲੀ ਤਸਵੀਰ ਅਤੇ ਵੀਡੀਓ ਦੀ ਵਿਕਾਸ ਵੀ ਜੁੜ ?ੀ। ਇਸੇ ਦੇ ਨਾਲ ਕਿਊ ਐਕਸ ਲੈਬ ਏਆਈ ਭਾਰਤ ਲਈ ਇੱਕ ਫੰਕਸ਼ਨਲ ਜੇਨਏਆਈ ਪਲੇਟਫਾਰਮ ਫਾਰਮ ਵਿੱਚ ਸਭ ਤੋਂ ਤੇਜ਼ ਸਾਬਤ ਹੋ ਰਿਹਾ ਹੈ।

ਪਲੇਟਫਾਰਮ ਦੀ ਰਸਮੀ ਸ਼ੁਰੂਆਤ ਤੋਂ ਹੀ ਆਸਕ ਐਕਸ ਨੇ ਵੀ 80 ਲੱਖ ਤੋਂ ਵੱਧ ਸਭ ਤੋਂ ਪਹਿਲਾਂ ਲੋਕ-ਬੇਸ ਪ੍ਰਾਪਤ ਕੀਤੇ ਹਨ।

# ਸਪੀਕਰ ਸੰਧਵਾਂ ਨੇ ਪੰਜਾਬੀ ਭਾਸ਼ਾ ਦੀ ਹੋਂਦ ਬਚਾਉਣ ਲਈ ਕੀਤੀ ਨਿਵੇਕਲੀ ਪਹਿਲ

ਚੰਡੀਗੜ੍ਹ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਨਿਵੇਕਲੀ ਪਹਿਲ ਕਰਦਿਆਂ ਪੰਜਾਬੀ ਭਾਸ਼ਾ ਨੂੰ ਗੂਗਲ ਪਲੇਟਫਾਰਮ ਜੈਮਿਨੀ ਆਈ 'ਤੇ ਸ਼ਾਮਲ ਕਰਾਉਣ ਲਈ ਵੱਖ-ਵੱਖ ਵਿਭਾਗਾਂ ਅਤੇ ਪੰਜਾਬੀ ਬੁੱਧੀਜੀਵੀਆਂ ਨਾਲ ਵਿਚਾਰ ਚਰਚਾ ਕੀਤੀ ਅਤੇ ਪੰਜਾਬੀ ਭਾਸ਼ਾ ਦੇ ਡੈਟਾ ਦੀ ਉਪਲੱਬਧਤਾ ਛੇ ਮਹੀਨਿਆਂ 'ਚ ਕਰਾਉਣ ਲਈ ਰੋਡ ਮੈਪ ਤਿਆਰ ਕਰਨ 'ਤੇ ਜ਼ੋਰ ਦਿੱਤਾ।

ਅੱਜ ਇੱਥੇ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਕੀਤੀ ਮੀਟਿੰਗ ਦੌਰਾਨ ਸ. ਸੰਧਵਾਂ ਨੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਗੂਗਲ ਨੇ ਆਪਣੇ ਏ.ਆਈ. (ਆਰਟੀਫ਼ੀਸ਼ੀਅਲ ਇੰਟੈਲੀਜੈਂਸ) ਪਲੇਟਫਾਰਮ 'ਤੇ ਤਾਜ਼ਾ ਜਾਰੀ ਜੈਮਿਨੀ ਆਈ ਐਪ 'ਤੇ ਗੁਜਰਾਤੀ, ਮਰਾਠੀ ਆਦਿ ਭਾਸ਼ਾਵਾਂ ਨੂੰ ਤਾਂ ਸ਼ਾਮਲ ਕੀਤਾ ਹੈ ਪਰ ਪੰਜਾਬੀ ਇਸ ਵਿੱਚ ਸ਼ਾਮਲ ਨਹੀਂ ਕੀਤਾ।

ਉਨ੍ਹਾਂ ਦੱਸਿਆ ਕਿ ਗੂਗਲ ਨੇ ਪੰਜਾਬੀ ਭਾਸ਼ਾ ਨੂੰ ਇਸ ਲਈ ਏ.ਆਈ. ਪਲੇਟਫਾਰਮ 'ਤੇ ਸ਼ਾਮਲ ਨਹੀਂ ਕੀਤਾ ਕਿਉਂਕਿ ਪੰਜਾਬੀ ਦਾ ਸ਼ਬਦ ਭੰਡਾਰ/ਡੈਟਾ ਉਪਲੱਬਧ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਦਿਵਾਉਣ ਲਈ ਪੰਜਾਬੀ ਦਾ ਡੈਟਾ ਛੇਤੀ ਤਿਆਰ ਕਰਕੇ ਆਨਲਾਈ ਅਪਲੋਡ ਕਰਨਾ ਜ਼ਰੂਰੀ ਬਣ ਗਿਆ ਹੈ। ਉਨ੍ਹਾਂ ਉਮੀਦ ਜਤਾਈ ਕਿ ਆਉਣ ਵਾਲੇ ਛੇ ਮਹੀਨਿਆਂ 'ਚ ਇਹ ਕਾਰਜ ਮੁਕੰਮਲ ਕਰ ਲਿਆ ਜਾਵੇਗਾ ਤਾਂ ਜੋ ਪੰਜਾਬੀ ਭਾਸ਼ਾ ਵੀ ਹੋਰਨਾਂ 9 ਭਾਸ਼ਾਵਾਂ ਵਾਂਗ ਗੂਗਲ ਦੇ ਏ.ਆਈ. ਪਲੇਟਫਾਰਮ 'ਤੇ ਸ਼ਾਮਲ ਹੋ ਸਕੇ।

ਸਪੀਕਰ ਨੇ ਕਿਹਾ ਕਿ ਅਜੋਕਾ ਦੌਰ ਮਸ਼ੀਨੀ ਬੁੱਧੀਮਾਨਤਾ ਦਾ ਦੌਰ ਹੈ ਤੇ ਇਸ ਦੌਰ ਵਿੱਚ ਪੰਜਾਬੀ ਨੂੰ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਪਲੇਟਫਾਰਮ 'ਤੇ ਸ਼ਾਮਲ ਕਰਨਾ ਅੱਜ ਦੇ ਸਮੇਂ 'ਚ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬੀ ਇਸ ਪਲੇਟਫਾਰਮ 'ਤੇ ਉਪਲੱਬਧ ਨਹੀਂ ਹੋਵੇਗੀ ਤਾਂ ਕਿਸੇ ਵੀ ਦੂਜੀਆਂ ਭਾਸ਼ਾ ਨੂੰ ਨਾ ਤਾਂ ਪੰਜਾਬੀ ਵਿੱਚ ਅਨੁਵਾਦ ਕੀਤਾ ਜਾ ਸਕੇਗਾ ਅਤੇ ਨਾ ਹੀ ਪੰਜਾਬੀ ਦਾ ਕਿਸੇ ਦੂਜੀ ਭਾਸ਼ਾ 'ਚ ਅਨੁਵਾਦ ਸੰਭਵ ਹੋ ਸਕੇਗਾ।

# ਹਜ਼ੂਰ ਮਲਟੀ ਪ੍ਰੋਜੈਕਟਸ ਲਿਮਟਿਡ ਨੇ ਐਫਆਈਆਈਆਈ (ਐਫਆਈਆਈ) ਨੂੰ ਇਕਵਿਟੀ ਸ਼ੇਅਰ ਕੈਂਟਨ ਨੂੰ ਮਿਲੀ ਮੰਜ਼ੂਰੀ

ਚੰਡੀਗੜ੍ਹ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਇੰਜੀਨੀਅਰਿੰਗ, ਪ੍ਰੋਕਿਓਰਮੈਂਟ ਅਤੇ ਕੰਸਟ੍ਰਕਸ਼ਨ (EPC) ਕੰਟ੍ਰੈਕਟਿੰਗ ਸਰਵਿਸਿਜ਼ ਪ੍ਰਮੁੱਖ, ਹਜ਼ੂਰ ਮਲਟੀ ਪ੍ਰੋਜੈਕਟਸ ਲਿਮਟਿਡ (HMPL) (BSAI: ECBDFG) ਨੇ ਐਲਾਨ ਕੀਤਾ ਹੈ ਕਿ ਉਸ ਨੇ ਐਫਆਈਆਈਆਈ (ਐਫਆਈਆਈ)/ਐਫਪੀਆਈ (ਐਫਪੀਆਈ) ਨੂੰ, ਹੋਰ ਨਾਨ-ਪ੍ਰਮੋਟਰ ਗਰੁੱਪ ਐਂਟੀ ਦੇ ਵਿਚਕਾਰ 35,00,000 ਇਕਵਿਟੀ ਸ਼ੇਅਰਸ ਦੇ ਆਵੰਟਨ ਨੂੰ ਮੰਜ਼ੂਰੀ ਦੇ ਦਿੱਤੀ ਹੈ। ਕੰਪਨੀ ਐਫਆਈਆਈਆਈ (FIIs) - ਵੇਸਪੇਰਾ ਫਾਊਂਡੇਸ਼ਨ ਲਿਮਟਿਡ, ਏਰੀਜ਼ ਅਪੋਰਟਿਜ਼ ਫਾਊਂਡੇਸ਼ਨ ਲਿਮਟਿਡ, ਐਲਚੁਨਿਟੀਜ਼ ਫਾਊਂਡੇਸ਼ਨ ਲਿਮਟਿਡ, ਇੰਡੀਆ ਅਪੋਰਚਨਿਟੀਜ਼ ਫਾਊਂਡੇਸ਼ਨ, ਕਿਫਤਾਰ ਏਲਸੀਲ ਮੈਂਬਰ ਹੋਰ ਵਿਅਕਤੀ ਕਰੇਗਾ ਅਤੇ ????ਕੰਪਨੀ ਨੇ ਐਕਸਚੇਂਜ ਸੇਧਾਂਤਿਕ ਮੰਜ਼ੂਰੀ ਪ੍ਰਾਪਤ ਕਰਨ ਦੇ ਨਾਲ ਹੀ, 02 ਜਨਵਰੀ, 2024 ਨੂੰ ਐਕਸਟਰਾ ਔਰਡਿਨਰੀ ਜਨਰਲ ਮੀਟਿੰਗ (57$) ਤੋਂ ਅਪ੍ਰੂਵਲ ਪ੍ਰਾਪਤ ਕੀਤਾ। ਹਜ਼ੂਰ ਮਲਟੀ ਪ੍ਰੋਜੈਕਟਸ ਲਿਮਟਿਡ (HMPL) (BSE: 532467) ਭਾਰਤ ਦੇ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ ਇੰਫਰਾਸਟ੍ਰਕਚਰ ਲੈਂਡਸਕੇਪ ਵਿੱਚ ਸਭ ਤੋਂ ਅੱਗੇ ਹੈ, ਜਿਸਨੇ ਸਟ੍ਰੇਟਿਜਿਕਲੀ ਹਾਈ-ਕੈਟੇਲਿਟੀ ਅਤੇ ਭਰੋਸੇਯੋਗ ਇੰਜੀਨੀਅਰਿੰਗ, ਖਰੀਦ ਅਤੇ ਨਿਰਮਾਣ (ਈਪੀਸੀ) ਉਤਪਾਦ ਸੇਵਾਵਾਂ ਪ੍ਰਦਾਨ ਕਰਨ ਲਈ ਵਿਸ਼ੇਸ਼ ਇੱਕ ਵਪਾਰਕ ਲਈ ਕਾਰਜ ਖੇਤਰ ਦੇ ਵਿਕਾਸ ਵਿੱਚ ਕਦਮ ਹੈ। ਦੇਸ਼-ਨਿਰਮਾਣ ਪ੍ਰਕਿਰਿਆ ਵਿੱਚ ਅੱਗੇ ਵਧਣ ਦੀ ਮੰਗ ਦੇ ਜਵਾਬ ਵਿੱਚ, ਹਜ਼ੂਰ ਮਲਟੀਪਲ ਪ੍ਰੋਜੈਕਟਸ ਲਿਮਟਿਡ (HMPL) ਤੇਜ਼ੀ ਨਾਲ ਉਦਯੋਗ ਵਿੱਚ ਇੱਕ ਪ੍ਰਮੁੱਖ ਖਿਡਾਰੀ ਦੇ ਰੂਪ ਵਿੱਚ ਉਭਰਦਾ ਹੈ। ਪਿਛਲੇ ਕੁਝ ਸਾਲਾਂ ਵਿੱਚ, ਹਜ਼ੂਰ ਮਲਟੀਪਲ ਪ੍ਰੋਜੈਕਟਸ ਲਿਮਟਿਡ (HMPL) ਨੇ ਈਪੀਸੀ ਅਤੇ ਹਾਈਬ੍ਰਿਡ ਐਨਯੁਆਈ ਮਾਡਲ (81$) ਦੋਵੇਂ ਐਕਸਕਿਊਸ਼ਨ ਮੇਥਡ ਦਾ ਉਪਯੋਗ ਕਰਦੇ ਹਨ, ਮਹਾਰਾਸ਼ਟਰ ਰਾਜ ਸੜਕ ਵਿਕਾਸ ਨਿਗਮ (ਐਮਐਸਆਰਡੀਸੀ) ਲਈ ਲੀਡਿੰਗ ਪ੍ਰੋਡੈਕਟਸ ਸ਼ੁਰੂ ਕਰਕੇ ਰਿਮਾਰਕੇਬਲ ਮਾਈਲਸਟੋਨ ਨੂੰ ਹਾਸਲ ਕੀਤਾ। . ਵਿਸ਼ੇਸ਼ ਤੌਰ @ਤੇ, ਕੋਵਿਡ-19 ਮਹਾਮਾਰੀ ਤੋਂ ਪੈਦਾ ਹੋਈ ਚੁਣੌਤੀਆਂ ਦੇ ਸੰਕਟ, 2019 ਵਿੱਚ ਵਾਕਨ ਪਾਲੀ ਰਾਜਮਾਰਗ ਦਾ ਸਫਲ ਸਮਾਪਨ ਹਜ਼ੂਰ ਮਲਟੀਪਲ ਪ੍ਰੋਜੈਕਟਸ ਲਿਮਟਿਡ (HMPL) ਲਈ ਇੱਕ ਮਹੱਤਵਪੂਰਨ ਘਟਨਾ ਸੀ। ਕੰਪਨੀ ਨੇ ਸਟੀਜਿਆਸ ਖੁਸ਼ਹਾਲੀ ਐਕਸਪ੍ਰੈਸ ਕੇ ਪੈਕੇਜ 11 ਨੂੰ ਅਪਨਾਕਰ ਅਤੇ ਪ੍ਰੋਜੈਕਟ ਐਕਸਕਿਊਸ਼ਨ ਵਿੱਚ ਐਕਸੀਲੇਂਸ ਦੁਆਰਾ ਕਮਿਟਮੈਂਟ ਪ੍ਰਦਰਸ਼ਿਤ ਕਰਦੀ ਹੈ ©8 48 ਰਾਜਮਾਰਗ ਨੂੰ ਪ੍ਰੋਜੈਕਟ ਵਿੱਚ ਪ੍ਰਦਾਨ ਕਰਦੀ ਹੈ ਆਪਣਾ ਫੋਲੋ ਅਤੇ ਮਜ਼ਬੂਤ।

## ਸੰਜੇ ਸਿੰਘ ਨੂੰ ਝਟਕਾ, ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਦੀ ਨਹੀਂ ਮਿਲੀ ਇਜਾਜ਼ਤ

ਨਵੀਂ ਦਿੱਲੀ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਨੇਤਾ ਸੰਜੇ ਸਿੰਘ ਨੂੰ ਵੱਡਾ ਝਟਕਾ ਲੱਗਾ ਹੈ। ਸੰਜੇ ਸਿੰਘ ਅੱਜ ਯਾਨੀ ਕਿ ਸੋਮਵਾਰ ਨੂੰ ਰਾਜ ਸਭਾ ਦੇ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਵਾਲੇ ਸਨ। ਸੰਜੇ ਸਿੰਘ ਅੱਜ ਸਹੁੰ ਨਹੀਂ ਚੁੱਕਣਗੇ ਕਿਉਂਕਿ ਰਾਜ ਸਭਾ ਦੇ ਚੇਅਰਮੈਨ ਨੇ ਉਨ੍ਹਾਂ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਦੀ ਇਜਾਜ਼ਤ ਨਹੀਂ ਦਿੱਤੀ। ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਕਿਹਾ ਕਿ ਇਹ ਮਾਮਲਾ ਫਿਲਹਾਲ ਵਿਸ਼ੇਸ਼ ਅਧਿਕਾਰ ਕਮੇਟੀ ਕੋਲ ਹੈ। ਸੰਜੇ ਸਿੰਘ ਨੂੰ ਦਿੱਲੀ ਆਬਕਾਰੀ ਨੀਤੀ ਮਨੀ ਲਾਂਡਰਿੰਗ ਮਾਮਲੇ ਚ ਗ੍ਰਿਫਤਾਰ ਕੀਤਾ ਗਿਆ ਹੈ।

# ਵਿਆਹ ਤੋਂ ਪਰਤ ਰਹੇ ਪਰਿਵਾਰ ਦੀ ਸਵਿੱਫਟ ਕਾਰ ਨਾਲੇ 'ਚ ਪਲਟੀ ਇੱਕੋ ਪਰਿਵਾਰ ਦੇ 6 ਜੀਆਂ ਦੀ ਮੌਤ

ਕਾਨਪੁਰ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਉੱਤਰ ਪ੍ਰਦੇਸ਼ ਦੇ ਕਾਨਪੁਰ ਵਿਚ ਸੰਦਲਪੁਰ ਰੋਡ 'ਤੇ ਪੈਂਦੇ ਜਗਨਨਾਥਪੁਰ ਪਿੰਡ ਨੇੜੇ ਸੋਮਵਾਰ ਤੜਕੇ ਵਾਪਰੇ ਹਾਦਸੇ 'ਚ ਇਕ ਹੀ ਪਰਿਵਾਰ ਦੇ 6 ਲੋਕਾਂ ਦੀ ਮੌਤ ਹੋ ਗਈ। ਹਾਦਸੇ 'ਚ ਦੋ ਬੱਚੇ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਪਰਿਵਾਰ ਇਕ ਵਿਆਹ ਸਮਾਗਮ ਤੋਂ ਵਾਪਸ ਆ ਰਿਹਾ ਸੀ ਜਦੋਂ ਇਹ ਹਾਦਸਾ ਵਾਪਰਿਆ। ਰਿਪੋਰਟਾਂ ਮੁਤਾਬਕ ਡਰਾਈਵਰ ਨੇ ਕੰਟਰੋਲ ਗੁਆ ਦਿੱਤਾ ਅਤੇ ਕਾਰ ਇਕ ਨਾਲੇ 'ਚ ਪਲਟ ਗਈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਮੁਤਾਬਕ ਸੋਮਵਾਰ ਤੜਕੇ 2 ਵਜੇ ਦੇ ਕਰੀਬ ਕਾਨਪੁਰ ਦੇਹਾਤ 'ਚ ਸਿਕੰਦਰਾ ਦੇ ਸੰਦਲਪੁਰ ਰੋਡ 'ਤੇ ਜਗਨਨਾਥਪੁਰ ਪਿੰਡ ਦੇ ਨੇੜੇ ਇਕ ਸਵਿਫਟ ਡਿਜ਼ਾਇਰ ਕਾਰ ਬੇਕਾਬੂ ਹੋ ਕੇ ਨਾਲੇ 'ਚ ਪਲਟ ਗਈ। ਕਾਰ 'ਚ ਸਵਾਰ 6 ਲੋਕਾਂ ਦੀ ਮੌਤ ਹੋ ਗਈ, ਜਦਕਿ ਕਾਰ 'ਚ ਫਸੇ ਦੋ ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਪੁਲਸ ਸੁਪਰਡੈਂਟ ਬੀ.ਬੀ.ਜੀ.ਟੀ.ਐਸ. ਮੂਰਤੀ ਨੇ ਕਿਹਾ ਕਿ ਪਰਿਵਾਰ ਭਿੰਡ (ਮੱਧ ਪ੍ਰਦੇਸ਼) ਦੇ ਫੁਲਗਾਓਂ ਤੋਂ ਵਿਆਹ ਸਮਾਰੋਹ ਵਿਚ ਸ਼ਾਮਲ ਹੋਣ ਤੋਂ ਬਾਅਦ ਵਾਪਸ ਆ ਰਿਹਾ ਸੀ ਜਦੋਂ ਇਹ ਹਾਦਸਾ ਵਾਪਰਿਆ।

# ਭਾਰਤ ਨੇ ਇੰਗਲੈਂਡ ਨੂੰ 106 ਦੌੜਾਂ ਨਾਲ ਹਰਾਇਆ



ਵਿਸ਼ਾਖਾਪਟਨਮ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਨੇ ਪੰਜ ਮੈਚਾਂ ਦੀ ਲੜੀ ਦੇ ਦੂਜੇ ਮੈਚ ਦੇ ਚੌਥੇ ਦਿਨ ਸੋਮਵਾਰ ਨੂੰ ਇਥੇ ਇੰਗਲੈਂਡ ਨੂੰ 106 ਦੌੜਾਂ ਨਾਲ ਹਰਾ ਦਿੱਤਾ। ਇਸ ਜਿੱਤ ਨਾਲ ਭਾਰਤ ਨੇ ਲੜੀ ਨੂੰ 1-1 ਦੇ ਨਾਲ ਬਰਾਬਰ ਕਰ ਲਿਆ ਹੈ। ਇੰਗਲੈਂਡ ਨੇ ਹੈਦਰਾਬਾਦ 'ਚ ਖੇਡੇ ਗਏ ਪਹਿਲੇ ਟੈਸਟ ਨੂੰ 28 ਦੌੜਾਂ ਨਾਲ ਜਿੱਤਿਆ ਸੀ। ਜਿੱਤ ਲਈ 399 ਦੌੜਾਂ ਦਾ ਪਿੱਛਾ ਕਰਦਿਆਂ ਇੰਗਲੈਂਡ ਦੀ ਟੀਮ ਦੂਜੀ ਪਾਰੀ 'ਚ 292 ਦੌੜਾਂ 'ਤੇ ਆਊਟ ਹੋ ਗਈ। ਇੰਗਲੈਂਡ ਲਈ ਜੈਕ ਕ੍ਰਾਊਲੀ ਨੇ ਸਭ ਤੋਂ ਵਧ 73 ਦੌੜਾਂ ਦੀ ਪਾਰੀ ਖੇਡੀ। ਭਾਰਤ ਲਈ ਜਸਪ੍ਰੀਤ ਬੁਮਰਾਹ ਅਤੇ ਰਵੀਚੰਦਰਨ ਅਸ਼ਵਿਨ ਨੇ ਇਸ ਪਾਰੀ 'ਚ ਤਿੰਨ ਤਿੰਨ ਵਿਕਟ ਲਏ। ਲੜੀ ਦਾ ਤੀਜਾ ਟੈਸਟ 16 ਫਰਵਰੀ ਤੋਂ ਰਾਜਕੋਟ 'ਚ ਖੇਡਿਆ ਜਾਵੇਗਾ।

# ਮਾਹੌਲ ਵਿਗਾੜਨ ਦੀ ਫਿਰਾਕ 'ਚ ਦੇਸ਼ ਵਿਰੋਧੀ ਤਾਕਤਾਂ, ਹਾਈ ਅਲਰਟ 'ਤੇ ਦਿੱਲੀ ਪੁਲਿਸ




ਨਵੀਂ ਦਿੱਲੀ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਪੁਲਸ ਵਲੋਂ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਵਿਰੋਧੀ ਤਾਕਤਾਂ ਦੇਸ਼ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ 'ਚ ਹਨ। ਇਸ ਲਈ ਦਿੱਲੀ ਪੁਲਸ ਵਲੋਂ ਸੋਸ਼ਲ ਮੀਡੀਆ ਤੋਂ ਲੈ ਕੇ ਧਾਰਮਿਕ ਥਾਵਾਂ 'ਤੇ ਹਰ ਪਾਸੇ ਹਾਈ ਅਲਰਟ ਜਾਰੀ ਕੀਤਾ ਹੈ। ਦਰਅਸਲ ਬਨਾਰਸ ਦੇ ਗਿਆਨਵਾਪੀ ਕੇਸ ਨੂੰ ਲੈ ਕੇ ਕੋਰਟ ਦੇ ਹੁਕਮ, ਮਥੁਰਾ 'ਚ ਕ੍ਰਿਸ਼ਨ ਜਨਮਭੂਮੀ ਨਾਲ ਲੱਗਦੇ ਸ਼ਾਹੀ ਈਦਗਾਹ ਨੂੰ ਲੈ ਕੇ ਵਿਵਾਦ ਅਤੇ ਦਿੱਲੀ ਦੇ ਮਹਿਰੌਲੀ 'ਚ ਅਖੁੰਦਜੀ ਮਸਜਿਦ ਨੂੰ ਢਾਹੇ ਜਾਣ ਮਗਰੋਂ ਦੇਸ਼ ਵਿਰੋਧੀ ਤਾਕਤਾਂ ਮਾਹੌਲ ਖਰਾਬ ਕਰਨ ਦੀ ਸਾਜਿਸ਼ ਰੱਚ ਰਹੀਆਂ ਹਨ। ਇਨਪੁਟ ਮਿਲਣ ਮਗਰੋਂ ਦਿੱਲੀ ਵਿਚ ਸਾਰੇ ਸਾਈਬਰ ਯੂਨਿਟ, ਟ੍ਰੈਫਿਕ ਪੁਲਸ, ਪੀ. ਸੀ. ਆਰ. ਯੂਨਿਟ ਨੂੰ ਵਧੇਰੇ ਚੌਕਸੀ ਅਤੇ ਸ਼ਰਾਰਤੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖਣ ਨੂੰ ਕਿਹਾ ਹੈ। ਇੰਟੈਲੀਜੈਂਸ ਇਨਪੁਟ 'ਚ ਕਿਹਾ ਗਿਆ ਹੈ ਕਿ 31 ਜਨਵਰੀ ਨੂੰ ਕੋਰਟ ਨੇ ਸ਼ਰਧਾਲੂਆਂ ਨੂੰ ਗਿਆਨਵਾਪੀ ਮਸਜਿਦ 'ਚ ਵਿਆਸ ਦਾ ਤਹਿਖ਼ਾਨਾ ਦੇ ਅੰਦਰ ਪੂਜਾ ਕਰਨ ਦੀ ਇਜਾਜ਼ਤ ਦਿੱਤੀ ਹੈ। ਸ਼ਾਹੀ ਈਦਗਾਹ ਮਸਜਿਦ ਨਾਲ ਜੁੜਿਆ ਵਿਵਾਦ ਵੀ ਵੱਧ ਰਿਹਾ ਹੈ। ਇਨਪੁਟ 'ਚ ਕਿਹਾ ਗਿਆ ਹੈ ਕਿ ਤਮਾਮ ਸਿਆਸੀ ਅਤੇ ਧਾਰਮਿਕ ਪ੍ਰਤੀਕਿਰਿਆਵਾਂ ਦਰਮਿਆਨ ਸੋਸ਼ਲ ਮੀਡੀਆ ਜ਼ਰੀਏ ਆਮ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਅਜਿਹਾ ਖ਼ਦਸ਼ਾ ਹੈ ਕਿ ਸ਼ਰਾਰਤੀ ਅਨਸਰ ਧਾਰਮਿਕ ਸਥਾਨਾਂ 'ਤੇ ਜ਼ਬਰਦਸਤੀ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਸਕਦੇ ਹਨ। ਇੰਟੈਲੀਜੈਂਸ ਵਲੋਂ ਹਿਦਾਇਤ ਦਿੱਤੀ ਗਈ ਹੈ ਕਿ ਤਮਾਮ ਧਾਰਮਿਕ ਸੰਗਠਨਾਂ ਅਤੇ ਸੰਵੇਦਨਸ਼ੀਲ ਇਲਾਕਿਆਂ 'ਤੇ ਤਿੱਖੀ ਨਜ਼ਰ ਰੱਖੀ ਜਾਵੇ। ਕਿਸੇ ਵੀ ਤਰ੍ਹਾਂ ਦੀ ਅਣਹੋਣੀ ਤੋਂ ਬਚਣ ਲਈ ਅਲਰਟ ਮੋਡ 'ਤੇ ਰਹੋ।

# ਮਾਲਦੀਵ ਤੋਂ ਭਾਰਤੀ ਫ਼ੌਜੀਆਂ ਦੀ 10 ਮਾਰਚ ਤੋਂ ਪਹਿਲਾਂ ਹੋਵੇਗੀ ਵਾਪਸੀ: ਮੁਇਜ਼ੂ

ਮਾਲੇ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਨੇ ਸੋਮਵਾਰ ਨੂੰ ਕਿਹਾ ਕਿ ਟਾਪੂ ਦੇਸ਼ ਤੋਂ ਭਾਰਤੀ ਫ਼ੌਜੀਆਂ ਦਾ ਪਹਿਲਾ ਸਮੂਹ 10 ਮਾਰਚ ਤੋਂ ਪਹਿਲਾਂ ਵਾਪਸ ਭੇਜਿਆ ਜਾਵੇਗਾ, ਜਦੋਂਕਿ 2 ਹਵਾਬਾਜ਼ੀ ਪਲੇਟਫਾਰਮਾਂ ਵਿਚ ਤਾਇਨਾਤ ਬਾਕੀ ਦੇ ਭਾਰਤੀ ਫ਼ੌਜੀਆਂ ਨੂੰ 10 ਮਈ ਤੱਕ ਹਟਾ ਦਿੱਤਾ ਜਾਵੇਗਾ। ਚੀਨ ਸਮਰਥਕ ਨੇਤਾ ਮੰਨੇ ਜਾਣ ਵਾਲੇ ਮੁਇਜ਼ੂ ਨੇ ਸੰਸਦ ਵਿਚ ਦਿੱਤੇ ਆਪਣੇ ਪਹਿਲੇ ਸੰਬੋਧਨ ਵਿਚ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਮਾਲਦੀਵ ਦੇ ਨਾਗਰਿਕਾਂ ਦਾ ਇਕ ਵੱਡਾ ਹਿੱਸਾ ਇਸ ਉਮੀਦ ਨਾਲ ਉਨ੍ਹਾਂ ਦੇ ਪ੍ਰਸ਼ਾਸਨ ਦਾ ਸਮਰਥਨ ਕਰਦਾ ਹੈ ਕਿ ਉਹ ਦੇਸ਼ ਤੋਂ ਵਿਦੇਸ਼ੀ ਫ਼ੌਜ ਦੀ ਮੌਜੂਦਗੀ ਖ਼ਤਮ ਕਰ ਦੇਣਗੇ ਅਤੇ ਸਮੁੰਦਰੀ ਖੇਤਰ ਨੂੰ ਫਿਰ ਤੋਂ ਆਪਣੇ ਕਬਜ਼ੇ ਵਿਚ ਲੈਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਦੇਸ਼ ਦੀ ਪ੍ਰਭੂਸੱਤਾ ਨਾਲ ਖਿਲਵਾੜ ਕਰਨ ਵਾਲਾ ਕੋਈ ਵੀ ਸਮਝੌਤਾ ਨਹੀਂ ਕਰੇਗਾ।



ਮੁਇਜ਼ੂ ਨੇ 17 ਨਵੰਬਰ ਨੂੰ ਮਾਲਦੀਵ ਦੇ ਨਵੇਂ ਰਾਸ਼ਟਰਪਤੀ ਦੇ ਰੂਪ ਵਿਚ ਸਹੁੰ ਚੁੱਕਣ ਦੇ ਤੁਰੰਤ ਬਾਅਦ ਭਾਰਤ ਨੂੰ 15 ਮਾਰਚ ਤੱਕ ਆਪਣੇ ਫ਼ੌਜੀਆਂ ਨੂੰ ਉਨ੍ਹਾਂ ਦੇ ਦੇਸ਼ ਤੋਂ ਵਾਪਸ ਸੱਦਣ ਲਈ ਰਸਮੀ ਬੇਨਤੀ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਮਾਲਦੀਵ ਦੀ ਜਨਤਾ ਨੇ ਉਨ੍ਹਾਂ ਨੂੰ ਦਿੱਲੀ ਨੂੰ ਇਹ ਬੇਨਤੀ ਕਰਨ ਲਈ ਮਜ਼ਬੂਤ ਫਤਵਾ ਦਿੱਤਾ ਹੈ। ਮੁਇਜ਼ੂ ਨੇ ਸੰਸਦ ਵਿਚ ਕਿਹਾ, 'ਹੋਰ ਦੇਸ਼ਾਂ ਨਾਲ ਕੂਟਨੀਤਕ ਗੱਲਬਾਤ ਕੀਤੀ ਜਾ ਰਹੀ ਹੈ। ਅਸੀਂ ਭਾਰਤ ਨੂੰ ਮਾਲਦੀਵ ਵਿਚ ਤਾਇਨਾਤ ਆਪਣੇ ਫ਼ੌਜੀਆਂ ਨੂੰ ਵਾਪਸ ਸੱਦਣ ਲਈ ਅਧਿਕਾਰਤ ਬੇਨਤੀ ਕੀਤੀ ਹੈ। ਇਸ ਮੁੱਦੇ 'ਤੇ ਗੱਲਬਾਤ ਕੀਤੀ ਜਾ ਰਹੀ ਹੈ। ਹਾਲੀਆ ਗੱਲਬਾਤ ਮੁਤਾਬਕ 3 ਹਵਾਬਾਜ਼ੀ ਪਲੇਟਫਾਰਮਾਂ ਵਿਚੋਂ ਇਕ 'ਤੇ ਤਾਇਨਾਤ ਫ਼ੌਜੀਆਂ ਨੂੰ 10 ਮਾਰਚ 2024 ਤੋਂ ਪਹਿਲਾਂ ਵਾਪਸ ਸੱਦਿਆ ਜਾਵੇਗਾ। ਬਾਕੀ ਦੇ 2 ਪਲੇਟਫਾਰਮਾਂ 'ਤੇ ਤਾਇਨਾਤ ਫ਼ੌਜੀਆਂ ਨੂੰ ਵੀ 10 ਮਈ 2024 ਤੱਕ ਵਾਪਸ ਸੱਦ ਲਿਆ ਜਾਵੇਗਾ। ਦੁਵੱਲੀ ਗੱਲਬਾਤ ਦੇ ਨਵੇਂ ਦੌਰ ਤੋਂ ਬਾਅਦ, ਭਾਰਤ ਨੇ 2 ਫਰਵਰੀ ਨੂੰ ਕਿਹਾ ਸੀ ਕਿ ਟਾਪੂ ਦੇਸ਼ ਵਿੱਚ ਭਾਰਤੀ ਫ਼ੌਜੀ ਪਲੇਟਫਾਰਮਾਂ ਦਾ ਸੰਚਾਲਨ ਜਾਰੀ ਰੱਖਣ ਲਈ ਮਾਲਦੀਵ ਨਾਲ ਇੱਕ ਆਪਸੀ ਸਵੀਕਾਰਯੋਗ ਹੱਲ ਲਈ ਸਹਿਮਤੀ ਬਣੀ ਹੈ। ਵਰਤਮਾਨ ਵਿੱਚ, ਭਾਰਤੀ ਫ਼ੌਜੀ ਕਰਮਚਾਰੀ ਮੁੱਖ ਤੌਰ 'ਤੇ 2 ਹੈਲੀਕਾਪਟਰ ਅਤੇ 1 ਜਹਾਜ਼ ਦਾ ਸੰਚਾਲਨ ਕਰਨ ਲਈ ਮਾਲਦੀਵ ਵਿੱਚ ਹਨ। ਇਨ੍ਹਾਂ ਰਾਹੀਂ ਸੈਂਕੜੇ ਮੈਡੀਕਲ ਬਚਾਅ ਅਤੇ ਮਾਨਵਤਾਵਾਦੀ ਸਹਾਇਤਾ ਮਿਸ਼ਨ ਪੂਰੇ ਕੀਤੇ ਜਾ ਚੁੱਕੇ ਹਨ। ਭਾਰਤੀ ਪਲੇਟਫਾਰਮ ਪਿਛਲੇ ਕੁਝ ਸਾਲਾਂ ਤੋਂ ਮਾਲਦੀਵ ਦੇ ਲੋਕਾਂ ਨੂੰ ਮਾਨਵਤਾਵਾਦੀ ਅਤੇ ਡਾਕਟਰੀ ਸੇਵਾਵਾਂ ਪ੍ਰਦਾਨ ਕਰਾਉਂਦੇ ਰਹੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਅਜਿਹਾ ਕੁਝ ਵੀ ਨਹੀਂ ਕਰੇਗਾ ਜਿਸ ਨਾਲ ਦੇਸ਼ ਦੀ ਪ੍ਰਭੂਸੱਤਾ ਨਾਲ ਸਮਝੌਤਾ ਹੁੰਦਾ ਹੋਵੇ। ਉਨ੍ਹਾਂ ਕਿਹਾ ਕਿ ਜੇਕਰ ਇਸ ਨਾਲ ਦੇਸ਼ ਦੀ ਆਜ਼ਾਦੀ ਅਤੇ ਪ੍ਰਭੂਸੱਤਾ ਨੂੰ ਖ਼ਤਰਾ ਹੈ ਤਾਂ ਉਹ ਡਟੇ ਰਹਿਣਗੇ ਅਤੇ ਕਿਸੇ ਵੀ ਹਾਲਤ ਵਿੱਚ ਬਾਹਰੀ ਦਬਾਅ ਅੱਗੇ ਝੁਕਣਗੇ ਨਹੀਂ।

# ਮੈਡੀਕਲ ਅਫਸਰ ਭਰਤੀ ਘੁਟਾਲਾ; ਸਿਹਤ ਵਿਭਾਗ ਨੇ ਪੁਲਿਸ ਨੂੰ ਕਸੂਰਵਾਰ ਉਮੀਦਵਾਰਾਂ ਖਿਲਾਫ ਕਾਰਵਾਈ ਕਰਨ ਲਈ ਕਿਹਾ

ਚੰਡੀਗੜ੍ਹ, 6 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਵੱਲੋਂ 2008-09 ਦੌਰਾਨ ਮੈਡੀਕਲ ਅਫਸਰਾਂ (ਐਮ.ਓ.) ਦੀ ਭਰਤੀ ਵਿੱਚ ਕੀਤੇ ਘੁਟਾਲੇ ਦੀ ਜਾਂਚ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਹਾਈ ਕੋਰਟ ਦੁਆਰਾ ਗਠਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਦੁਆਰਾ ਕੀਤੀ ਸਿਫ਼ਾਰਸ਼ ਅਨੁਸਾਰ ਰਾਜ ਸਰਕਾਰ ਨੂੰ ਪੁਲਿਸ ਵਿਭਾਗ ਰਾਹੀਂ ਅਜਿਹੇ ਕਸੂਰਵਾਰ ਉਮੀਦਵਾਰਾਂ ਖ਼ਿਲਾਫ਼ ਕਾਰਵਾਈ ਨੂੰ ਅੰਜਾਮ ਦੇਣ ਲਈ ਕਿਹਾ ਹੈ। ਇਸ ਤੋਂ ਬਾਅਦ, 19 ਦਸੰਬਰ, 2023 ਨੂੰ, ਸਿਹਤ ਅਤੇ ਪਰਿਵਾਰ ਭਲਾਈ ਦੇ ਸਕੱਤਰ ਨੇ ਪੁਲਿਸ ਨੂੰ ਇਸ ਬਾਰੇ ਲੋੜੀਂਦੇ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਇਸ ਦੌਰਾਨ, ਵਿਜੀਲੈਂਸ ਨੇ ਆਪਣੇ ਪਟਿਆਲਾ ਰੇਂਜ ਥਾਣੇ ਵਿੱਚ ਦੋ ਕੇਸ ਪਹਿਲਾਂ ਹੀ ਦਰਜ ਕੀਤੇ ਹੋਏ ਹਨ ਜਿੰਨਾਂ ਦੀ ਅਗਲੇਰੀ ਜਾਂਚ ਸਰਗਰਮੀ ਨਾਲ ਜਾਰੀ ਹੈ।

ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਘੁਟਾਲੇ ਦੀ ਜਾਂਚ ਲਈ ਹਾਈ ਕੋਰਟ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਨੇ ਮੈਡੀਕਲ ਖੇਤਰ ਵਿੱਚ ਬਤੌਰ ਸਮਾਜ ਸੇਵਕ ਕੰਮ ਕਰਨ ਦੇ ਫਰਜ਼ੀ ਸਰਟੀਫਿਕੇਟ ਪੇਸ਼ ਕਰਨ ਵਾਲੇ ਦੋਸ਼ੀ ਉਮੀਦਵਾਰਾਂ ਖ਼ਿਲਾਫ਼ ਆਈਪੀਸੀ ਦੀ ਧਾਰਾ 120-ਬੀ, 420, 468 ਅਤੇ 471 ਤਹਿਤ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ ਸੀ। ਵਿਜੀਲੈਂਸ ਨੇ 15 ਦਸੰਬਰ, 2023 ਨੂੰ ਰਾਜ ਸਰਕਾਰ ਨੂੰ ਅਜਿਹੇ ਮੈਡੀਕਲ ਅਫਸਰਾਂ ਖਿਲਾਫ ਪੁਲੀਸ ਵਿਭਾਗ ਰਾਹੀਂ ਕੇਸ ਦਰਜ ਕਰਾਉਣ ਲਈ ਕਿਹਾ ਸੀ।ਇਸ ਸਬੰਧੀ ਹੋਰ ਵੇਰਵੇ ਦਿੰਦੇ ਹੋਏ, ਬੁਲਾਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਤੋਂ 14 ਦਸੰਬਰ, 2023 ਨੂੰ ਪ੍ਰਾਪਤ ਹੋਏ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਵਿਜੀਲੈਂਸ ਬਿਊਰੋ ਨੇ ਉਕਤ ਭਰਤੀ ਘੁਟਾਲੇ ਨਾਲ ਸਬੰਧਤ ਦੋ ਕੇਸ ਦਰਜ ਕੀਤੇ ਹਨ। ਇਸ ਸਬੰਧ ਵਿੱਚ ਐਮ.ਓਜ਼ ਦੀ ਚੋਣ ਪ੍ਰਕਿਰਿਆ ਦੌਰਾਨ ਸਾਜ਼ਿਸ਼ ਰਚਣ ਅਤੇ ਪੇਸ਼ਵਰਾਨਾ ਬੇਨਿਯਮੀਆਂ ਕਰਨ ਵਾਲੇ ਪੀਪੀਐਸਸੀ ਦੇ ਤੱਤਕਾਲੀ ਮੈਂਬਰਾਂ ਦੇ ਖਿਲਾਫ ਐਫਆਈਆਰ ਨੰਬਰ 45 ਮਿਤੀ 18 ਦਸੰਬਰ, 2023 ਨੂੰ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ, ਪਟਿਆਲਾ ਰੇਂਜ ਵਿਖੇ, ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1)(2) ਅਤੇ ਆਈਪੀਸੀ ਦੀਆਂ ਧਾਰਾਵਾਂ 409 ਅਤੇ 120 ਬੀ ਦੇ ਤਹਿਤ ਦਰਜ ਕੀਤੀ ਗਈ ਹੈ।ਇਸ ਤੋਂ ਇਲਾਵਾ, ਇੱਕ ਹੋਰ ਐਫਆਈਆਰ ਨੰਬਰ 46 ਮਿਤੀ 18 ਦਸੰਬਰ, 2023 ਨੂੰ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ ਪਟਿਆਲਾ ਰੇਂਜ ਵਿਖੇ ਪੀਪੀਐਸਸੀ ਦੇ ਤਤਕਾਲੀ ਮੈਂਬਰ ਡਾ. ਸਤਵੰਤ ਸਿੰਘ ਮੋਹੀ ਖਿਲਾਫ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1)(ਏ) ਅਤੇ 13(2) ਤਹਿਤ ਵੀ ਦਰਜ ਕੀਤੀ ਗਈ ਹੈ।
ਬੁਲਾਰੇ ਨੇ ਖੁਲਾਸਾ ਕੀਤਾ ਕਿ ਸੀਨੀਅਰ ਸੁਪਰਡੈਂਟ ਆਫ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ ਦੀ ਨਿਗਰਾਨੀ ਵਾਲੀ ਐਸ.ਆਈ.ਟੀ, ਦੋਵਾਂ ਮਾਮਲਿਆਂ ਦੀ ਸਰਗਰਮੀ ਨਾਲ ਅਗਲੇਰੀ ਜਾਂਚ ਕਰ ਰਹੀ ਹੈ। ਐਫਆਈਆਰ ਨੰਬਰ 45/2023 ਵਿੱਚ ਡਾ: ਸਤਵੰਤ ਸਿੰਘ ਮੋਹੀ ਨੂੰ 19 ਦਸੰਬਰ, 2023 ਨੂੰ ਵਿਜੀਲੈਂਸ ਬਿਊਰੋ ਦੁਆਰਾ ਗ੍ਰਿਫਤਾਰ ਕਰ ਲਿਆ ਸੀ।

# ਸਕਾਊਟ ਗਾਈਡਜ਼, ਐਨ.ਸੀ.ਸੀ, ਐਨ.ਐਸ.ਐਸ., ਫ਼ਸਟ ਏਡ ਗਤੀਵਿਧੀਆਂ ਮਾਨਵਤਾਵਾਦੀ ਆਚਰਨ ਪੈਦਾ ਕਰਦੇ : ਸਰਲਾ ਭਟਨਾਗਰ

**ਪਟਿਆਲਾ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਸਾਰ ਦੇ ਸਕੂਲਾਂ ਕਾਲਜਾਂ ਨੂੰ ਸਕਾਉਟ ਗਾਈਡਜ਼ ਗਤੀਵਿਧੀਆਂ ਦੇਣ ਵਾਲੇ ਸਰ ਬੈਡਨ ਪਾਵਲ ਦੇ ਜਨਮ ਦਿਹਾੜੇ ਨੂੰ ਵਿਸ਼ਵ ਸੋਚ ਦਿਵਸ਼ ਵਜੋਂ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਦੀ ਅਗਵਾਈ ਹੇਠ ਮਨਾਇਆ ਗਿਆ। ਪ੍ਰਿੰਸੀਪਲ ਨੇ ਦੱਸਿਆ ਕਿ ਪੜ੍ਹਾਈ, ਬੱਚਿਆਂ ਨੂੰ ਰੋਜ਼ਗਾਰ ਲਈ ਤਿਆਰ ਕਰਦੀ ਹੈ ਪਰ ਸਕਾਊਟ ਗਾਈਡਜ਼, ਰੈੱਡ ਕਰਾਸ ਫ਼ਸਟ ਏਡ, ਐਨ.ਸੀ.ਸੀ ਅਤੇ ਐਨ.ਐਸ. ਐਸ ਗਤੀਵਿਧੀਆਂ ਬੱਚਿਆਂ, ਨੌਜਵਾਨਾਂ ਨੂੰ ਆਪਣੇ ਰਾਸ਼ਟਰ, ਸਮਾਜ, ਵਾਤਾਵਰਨ, ਮਾਨਵਤਾ ਅਤੇ ਘਰ ਪਰਿਵਾਰਾਂ ਦੇ ਸਨਮਾਨ ਉਨਤੀ, ਖੁਸ਼ਹਾਲੀ, ਸੁਰੱਖਿਆ ਲਈ ਭਾਵਨਾਵਾਂ, ਆਦਤਾਂ ਪੈਦਾ ਕਰਦੀਆਂ ਹਨ। ਇਸ ਲਈ ਉਨ੍ਹਾਂ ਦੇ ਸਕੂਲ ਵਿਖੇ ਐਨ.ਐਸ.ਐਸ, ਐਨ.ਸੀ.ਸੀ, ਸਕਾਊਟ ਗਾਈਡਜ਼ ਅਤੇ ਫ਼ਸਟ ਏਡ ਸੀ ਪੀ ਆਰ ਜ਼ਖ਼ਮੀਆਂ ਦੀ ਸੇਵਾ ਸੰਭਾਲ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ ਦੀਆਂ ਗਤੀਵਿਧੀਆਂ ਨਿਰੰਤਰ ਚਲਦੀਆਂ ਹਨ। ਹਿੰਦੂਸਤਾਨ ਸਕਾਊਟ ਐਂਡ ਗਾਈਡਜ਼ ਦੇ ਸਹਾਇਕ ਕਮਿਸ਼ਨਰ ਸ੍ਰੀ ਦੀਪਕ ਸੋਨੀ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਵਿਖੇ ਹਰ ਸਾਲ 100 ਤੋਂ ਵੱਧ ਵਿਦਿਆਰਥੀਆਂ ਨੂੰ ਸਕਾਊਟ ਗਾਈਡਜ਼ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਹਿੰਦੂਸਤਾਨ ਸਕਾਊਟ ਗਾਈਡਜ਼ ਨਵੀਂ ਦਿੱਲੀ ਵਲੋਂ ਸਰਟੀਫਿਕੇਟ ਸਕਾਰਫ਼ ਬੋਗਲ ਪ੍ਰਦਾਨ ਕੀਤੇ ਜਾਂਦੇ ਹਨ। ਇਸ ਮੌਕੇ ਕਾਕਾ ਵਰਮਾ ਅਤੇ ਭਾਰਤ ਦੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਟ੍ਰੇਨਰ ਨੇ ਵਿਦਿਆਰਥੀਆਂ ਨੂੰ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਸੀ ਪੀ ਆਰ ਫਾਇਰ ਸੇਫਟੀ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਸਮੇਂ ਜਦੋਂ ਦੁਨੀਆਂ ਭਾਰਤ ਅਤੇ ਪੰਜਾਬ ਵਿੱਚ ਕੁਦਰਤੀ ਅਤੇ ਮਨੁੱਖੀ ਆਫਤਾਵਾਂ ਘਰੇਲੂ ਘਟਨਾਵਾਂ ਅਚਾਨਕ ਹੋਣ ਵਾਲੇ ਦਿਲ ਦੇ ਦੌਰਿਆਂ ਕਾਰਨ, ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਦੀ ਤਬਾਹੀ ਹੋ ਰਹੀ ਹੈ ਕਿਉਂਕਿ ਲੋਕਾਂ ਨੂੰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਦੀ ਟਰੇਨਿੰਗ ਅਭਿਆਸ ਨਹੀਂ ਹੁੰਦੇ ਪਰ ਵੀਰ ਹਕੀਕਤ ਰਾਏ ਸਕੂਲ ਵਲੋਂ ਇਹ ਗਤੀਵਿਧੀਆਂ ਚਲਾਉਣ ਲਈ ਪ੍ਰਸ਼ੰਸਾਯੋਗ ਉਪਰਾਲੇ ਕੀਤੇ ਜਾ ਰਹੇ ਹਨ।

ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਜੀ, ਸਕੂਲ ਮੈਨੇਜ਼ਮੈਂਟ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ। ਸ਼੍ਰੀ ਦੀਪਕ ਸੋਨੀ ਨੇ ਸਕਾਉਟ ਗਾਈਡਜ਼ ਨੂੰ ਸਕਾਉਟ ਗਾਈਡਜ਼ ਨਿਯਮਾਂ ਦੀ ਪਾਲਣਾ ਕਰਨ ਦੀ ਪ੍ਰਤਿਗਿਆ ਅਤੇ ਪ੍ਰਣ ਕਰਵਾਏ ਅਤੇ ਆਪਣੇ ਪ੍ਰਿੰਸੀਪਲ, ਸਕੂਲ ਮੈਨੇਜਮੈਂਟ ਅਤੇ ਸ਼੍ਰੀ ਕਾਕਾ ਰਾਮ ਵਰਮਾ ਜੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸੱਭ ਦੇ ਸਹਿਯੋਗ ਅਸ਼ੀਰਵਾਦ ਅਤੇ ਅਗਵਾਈ ਹੇਠ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਵੱਡਮੁੱਲੇ ਗਿਆਨ ਟਰੇਨਿੰਗ ਅਭਿਆਸ ਮਿਲ ਰਹੇ ਹਨ।




# ਨੈਸ਼ਨਲ ਡੀ.ਵਾਰਮਿੰਗ ਡੇ ਸੰਬੰਧੀ ਸਕੂਲ ਅਧਿਆਪਕਾ ਅਤੇ ਮਲਟੀਪਰਪਜ਼ ਹੈਲਥ ਵਰਕਰ ਲਈ ਟ੍ਰੇਨਿੰਗ ਸੈਮੀਨਾਰ ਆਯੋਜਿਤ




**ਮਾਛੀਵਾੜਾ ਸਾਹਿਬ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਲੁਧਿਆਣਾ ਡਾ.ਜਸਬੀਰ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ.ਜਸਦੇਵ ਸਿੰਘ ਇੰਚ, ਸੀ.ਐੱਚ.ਸੀ.ਮਾਛੀਵਾੜਾ ਸਾਹਿਬ ਜੀ ਦੀ ਰਹਿਨਮਾਈ ਵਿੱਚ ਸਕੂਲ ਅਧਿਆਪਕਾ ਅਤੇ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਦੀ ਨੈਸ਼ਨਲ ਡੀ-ਵਾਰਮਿੰਗ ਡੇ ਜੋ ਕਿ 6 ਫਰਵਰੀ 2024 ਨੂੰ ਮਨਾਇਆ ਜਾ ਰਿਹਾ ਹੈ ਦੇ ਸੰਬੰਧ ਵਿੱਚ ਟਰੇਨਿੰਗ ਸੀ.ਐੱਚ.ਸੀ.ਮਾਛੀਵਾੜਾ ਵਿਖੇ ਕਰਵਾਈ ਗਈ। ਜਿਸ ਵਿੱਚ ਸੀਨੀਅਰ ਮੈਡੀਕਲ ਅਫਸਰ ਡਾ.ਜਸਦੇਵ ਸਿੰਘ ਜੀ ਵੱਲੋਂ ਉਪਰੋਕਤ ਟਰੇਨਿੰਗ ਸੰਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ ਅਤੇ ਇਹ ਵੀ ਕਿਹਾ ਗਿਆ ਕਿ ਸਿਹਤ ਵਿਭਾਗ, ਸਿੱਖਿਆ ਵਿਭਾਗ ਅਤੇ ਬਾਲ ਵਿਕਾਸ ਵਿਭਾਗ ਵੱਲੋ ਜੋ ਵੀ ਸਾਂਝੇ ਪ੍ਰੋਗਰਾਮ ਚੱਲ ਰਹੇ ਹਨ ਆਪਸੀ ਤਾਲਮੇਲ ਬਣਾ ਕੇ ਸਹੀ ਤਰੀਕੇ ਨਾਲ ਅਮਲ ਵਿੱਚ ਲਿਆਂਦੇ ਜਾਣ ਅਤੇ ਇਨ੍ਹਾਂ ਪ੍ਰੋਗਰਾਮਾਂ ਦੇ ਪੂਰਾ ਰਿਕਾਰਡ ਰੱਖਣ ਲਈ ਵੀ ਕਿਹਾ ਗਿਆ।

ਆਰ.ਬੀ.ਐੱਸ.ਕੇ. ਦੇ ਡਾ. ਸਤਵਿੰਦਰ ਕੌਰ ਜੀ ਅਤੇ ਡਾ.ਰਛਪਾਲ ਸਿੰਘ ਜੀ ਵੱਲੋ ਨੈਸ਼ਨਲ ਡੀ-ਵਾਰਮਿੰਗ ਡੇ ਪ੍ਰੋਗਰਾਮ ਸੰਬੰਧੀ ਜਾਣਕਾਰੀ ਦਿੱਤੀ ਗਈ ਅਤੇ ਆਇਰਨ ਦੀਆਂ ਗੋਲੀਆਂ ਉਮਰ ਵਰਗ ਦੇ ਅਨੁਸਾਰ ਅਤੇ ਪੇਟ ਦੇ ਕੀੜਿਆਂ ਦੀਆਂ ਗੋਲੀਆਂ ਦੀ ਮਾਤਰਾ ਬਾਰੇ ਦੱਸਿਆ ਗਿਆ। ਇਸ ਮੌਕੇ ਮਨਮੋਹਣ ਸਿੰਘ, ਪਰਮਵੀਰ ਸਿੰਘ ਮਪਹਸ(ਮੇਲ) ਅਤੇ ਅੰਮ੍ਰਿਤ ਕੌਰ ਮਪਹਸ(ਫੀਮੇਲ) ਵੀ ਹਾਜਰ ਸਨ।

# ਪਟਿਆਲਾ ਜ਼ਿਲ੍ਹੇ 'ਚ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੋ ਡਰੋਨ ਜ਼ੋਨ ਐਲਾਨਿਆ

**ਪਟਿਆਲਾ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਅਨੁਪ੍ਰਿਤਾ ਜੌਹਲ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਵਿੱਚ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ ਹੈ। ਇਹ ਹੁਕਮ 3 ਅਪ੍ਰੈਲ 2024 ਤੱਕ ਲਾਗੂ ਰਹਿਣਗੇ ਤੇ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਦੇ ਜਾਰੀ ਪੱਤਰ ਮੁਤਾਬਕ ਡਰੋਨ ਜਨਤਕ ਡੋਮੇਨ ਵਿੱਚ ਤੇਜ਼ੀ ਨਾਲ ਪ੍ਰਸਿੱਧ ਅਤੇ ਅਸਾਨੀ ਨਾਲ ਪਹੁੰਚਣਯੋਗ ਬਣ ਗਏ ਹਨ, ਜੋ ਸੰਭਾਵੀ ਸੁਰੱਖਿਆ ਉਲੰਘਣਾਵਾਂ ਅਤੇ ਧਮਕੀਆਂ ਬਾਰੇ ਚਿੰਤਾਵਾਂ ਪੈਦਾ ਕਰਦੀਆਂ ਹਨ। ਜੇਲ੍ਹਾਂ ਦੇ ਨੇੜੇ ਡਰੋਨਾਂ ਦੀ ਅਣਅਧਿਕਾਰਤ ਨਿਗਰਾਨੀ ਲਈ, ਨਸ਼ੀਲੇ ਪਦਾਰਥਾਂ (ਮੋਬਾਇਲ, ਨਸ਼ੀਲੇ ਪਦਾਰਥਾਂ, ਹਥਿਆਰਾਂ ਆਦਿ) ਦੀ ਤਸਕਰੀ ਲਈ, ਭੱਜਣ ਦੀਆਂ ਕੋਸ਼ਿਸ਼ਾਂ ਦੀ ਸਹੂਲਤ ਲਈ ਅਤੇ ਇੱਥੋਂ ਤੱਕ ਕਿ ਰਾਜ ਦੀ ਪ੍ਰਭੂਸੱਤਾ ਨੂੰ ਚੁਨੌਤੀ ਦੇਣ ਦੇ ਉਦੇਸ਼ ਨਾਲ ਅੱਤਵਾਦੀ ਹਮਲਿਆਂ ਲਈ ਵੀ ਸੰਭਾਵਿਤ ਦੁਰਵਰਤੋਂ ਨੂੰ ਨਕਾਰਿਆਂ ਨਹੀਂ ਜਾ ਸਕਦਾ। ਜੇਲ੍ਹਾਂ ਦੇ ਨੇੜੇ ਅਜਿਹੀਆਂ ਅਣਅਧਿਕਾਰਤ ਡਰੋਨ ਉਡਾਣਾਂ ਇੱਕ ਗੰਭੀਰ ਖ਼ਤਰਾ ਪੈਦਾ ਕਰਦੀਆਂ ਹਨ, ਜਿਸ ਨਾਲ ਜੇਲ੍ਹਾਂ ਨੂੰ ਸੁਰੱਖਿਆ ਉਲੰਘਣਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਲ੍ਹਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਣਾ ਜ਼ਰੂਰੀ ਹੈ।

# ਆਪ ਦੀ ਸਰਕਾਰ ਆਪ ਦੇ ਦੁਆਰ ਦੀ ਸੁਰੂਆਤ 6 ਫਰਵਰੀ ਨੂੰ

## ਲੋਕਾਂ ਦੇ ਘਰਾਂ ਤੱਕ ਪਹੁੰਚ ਕਰਕੇ ਹੋਣਗੀਆਂ ਮੁਸ਼ਕਿਲਾ/ਸਮੱਸਿਆਵਾ ਹੋਣਗੀਆਂ ਹੱਲ



**ਸ੍ਰੀ ਅਨੰਦਪੁਰ ਸਾਹਿਬ, 6 ਫਰਵਰੀ- -- ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ÷ਆਪ ਦੀ ਸਰਕਾਰ ਆਪ ਦੇ ਦੁਆਰ÷ ਸਕੀਮ ਦੀ ਸੁਰੂਆਤ 6 ਫਰਵਰੀ ਨੂੰ ਕੀਤੀ ਜਾ ਰਹੀ ਹੈ। ਜਿਸ ਦਾ ਉਦੇਸ਼ ਨਾਗਰਿਕਾ ਨੂੰ ਲੋੜੀਦੀਆ ਬੁਨਿਆਦੀ ਸਹੂਲਤਾ ਮੁਹੱਇਆ ਕਰਵਾਉਣਾ ਹੈ, ਇਸ ਲਈ ਵਿਸੇਸ਼ ਕੈਂਪ ਲਗਾ ਕੇ ਲੋਕਾਂ ਦੀ ਰਿਹਾਇਸ਼ ਦੇ ਨੇੜੇ ਉਨ੍ਹਾਂ ਦੀਆਂ ਸ਼ਿਕਾਇਤਾ/ਸਮੱਸਿਆਵਾ ਸੁਣਨਾ ਅਤੇ ਹੱਲ ਕਰਨਾ ਹੈ। 6 ਫਰਵਰੀ ਤੋ ਮੁੱਖ ਮੰਤਰੀ ਵੱਲੋਂ ਸੁਰੂ ਕੀਤੇ ਜਾ ਰਹੇ ਇਨ੍ਹਾਂ ਕੈਂਪਾਂ ਨੂੰ ਜਿਲ੍ਹਿਆਂ ਵਿੱਚ ਅਸਰਦਾਰ ਬਣਾਉਣ ਲਈ ਸਿਖਲਾਈ ਪ੍ਰੋਗਰਾਮ ਤਿਆਰ ਕੀਤਾ ਹੈ ਤਾ ਜੋ ਲੋਕਾਂ ਨੂੰ ਜਲਦੀ ਅਤੇ ਪਾਰਦਰਸ਼ੀ ਢੰਗ ਨਾਲ ਸਹੂਲਤਾ ਮਿਲ ਸਕਣ।

ਸ੍ਰੀ ਅਨੰਦਪੁਰ ਸਾਹਿਬ ਵਿੱਚ ਉਪ ਮੰਡਲ ਪੱਧਰ ਤੇ ਹੋਈ ਮੀਟਿੰਗ ਬਾਰੇ ਹੋਰ ਵੇਰਵੇ ਦਿੰਦੇ ਹੋਏ ਨਾਇਬ ਤਹਿਸੀਲਦਾਰ ਵਿਕਾਸਦੀਪ ਨੇ ਦੱਸਿਆ ਕਿ 6 ਫਰਵਰੀ ਨੂੰ ਜਿਲ੍ਹੇ ਵਿਚ ਆਪ ਦੀ ਸਰਕਾਰ ਆਪ ਦੇ ਦੁਆਰ ਸਕੀਮ ਦੀ ਸੁਰੂਆਤ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਕਰਨਗੇ। ਉਪ ਮੰਡਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਇਹ ਯੋਜਨਾ ਉਸੇ ਦਿਨ ਸੁਰੂ ਹੋਵੇਗੀ, ਜਿਸ ਵਿਚ ਰੋਜ਼ਾਨਾ ਚਾਰ ਪਿੰਡ ਦੀਆਂ ਸਮੱਸਿਆਵਾ/ਮੁਸ਼ਕਿਲਾ ਹੱਲ ਕੀਤੀਆ ਜਾਣਗੀਆਂ। ਰੋਜ਼ਾਨਾ ਸਵੇਰੇ ਦੋ ਪਿੰਡਾਂ ਦੀਆਂ ਮੁਸ਼ਕਿਲਾ 9.30 ਵਜੇ ਅਤੇ ਬਾਕੀ ਦੋ ਪਿੰਡਾਂ ਦੀਆਂ ਸਮੱਸਿਆਵਾ ਅਤੇ ਲੋੜਾ ਬਾਰੇ ਕੈਂਪ ਦੁਪਹਿਰ 1.30 ਵਜੇ ਲਗਾਏ ਜਾਣਗੇ, ਜਿਸ ਵਿੱਚ ਵੱਖ ਵੱਖ ਵਿਭਾਗਾ ਦੇ ਅਧਿਕਾਰੀ ਅਤੇ ਸੇਵਾ ਕੇਂਦਰਾ ਦੇ ਕਰਮਚਾਰੀ ਆਪਣੇ ਆਪਣੇ ਵਿਭਾਗਾ/ਦਫਤਰਾ ਨਾਲ ਸਬੰਧਿਤ ਦਸਤਾਵੇਜ ਸਮੇਤ ਹਾਜਰ ਰਹਿਣਗੇ।

# ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਲੈਣ ਤੇ ਆਜ਼ਾਦੀ ਨੂੰ ਬਚਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ : ਡਾ. ਬਲਬੀਰ ਸਿੰਘ

## ਦੂਜਾ ਪਟਿਆਲਾ ਮਿਲਟਰੀ ਲਿਟਰੇਚਰ ਫੈਸਟੀਵਲ ਪੂਰੀ ਫ਼ੌਜੀ ਸ਼ਾਨੋਂ ਸੌਕਤ ਨਾਲ ਸੰਪੰਨ

**ਪਟਿਆਲਾ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

'ਪੰਜਾਬ ਤੇ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਨੂੰ ਲੈਣ ਅਤੇ ਇਸ ਆਜ਼ਾਦੀ ਨੂੰ ਬਚਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ।' ਇਹ ਪ੍ਰਗਟਾਵਾ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਤੇ ਮੈਡੀਕਲ ਸਿੱਖਿਆ ਮੰਤਰੀ ਡਾ. ਬਲਬੀਰ ਸਿੰਘ ਨੇ ਕੀਤਾ। ਉਹ ਅੱਜ ਖ਼ਾਲਸਾ ਕਾਲਜ ਵਿਖੇ ਪਟਿਆਲਾ ਵਿਖੇ ਦੂਜੀ ਵਾਰ ਕਰਵਾਏ ਗਏ ਪਟਿਆਲਾ ਹੈਰੀਟੇਜ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਦੇ ਸਮਾਪਤੀ ਸਮਾਰੋਹ ਮੌਕੇ ਸੰਬੋਧਨ ਕਰ ਰਹੇ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਫ਼ੌਜ ਤੇ ਫ਼ੌਜੀ ਇਤਿਹਾਸ ਦੇ ਗੌਰਵ ਬਾਰੇ ਜਾਣੂ ਕਰਵਾਕੇ ਸ਼ਾਨੋਂ ਸੌਕਤ ਨਾਲ ਸੰਪੰਨ ਹੋਏ ਫ਼ੌਜੀ ਸਾਹਿਤ ਮੇਲੇ ਦੀ ਸਫ਼ਲਤਾ ਲਈ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਸਮੇਤ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਅਤੇ ਭਾਰਤੀ ਫ਼ੌਜ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਮੇਲਾ ਅੱਜ ਖ਼ਤਮ ਨਹੀਂ ਹੋਇਆ ਸਗੋਂ ਇਸ ਮੇਲੇ 'ਚ ਆਏ ਨੌਜਵਾਨਾਂ ਤੇ ਵਿਦਿਆਰਥੀਆਂ ਲਈ ਇਹ ਨਵੀਂ ਸ਼ੁਰੂਆਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਰੇ ਜ਼ਿਲ੍ਹਿਆਂ ਵਿੱਚ ਅਜਿਹੇ ਮੇਲੇ ਲਗਾਉਣ ਲਈ ਉਪਰਾਲੇ ਕਰ ਰਹੀ ਹੈ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਭਾਵੇਂ ਇਹ ਸੱਚ ਹੈ ਕਿ ਜੇਕਰ ਅਸੀਂ ਸ਼ਾਂਤੀ ਚਾਹੁੰਦੇ ਹਾਂ ਤਾਂ ਸਾਨੂੰ ਜੰਗ ਲਈ ਸਦਾ ਤਿਆਰ ਰਹਿਣਾ ਪਵੇਗਾ ਪਰੰਤੂ ਅੱਜ ਸਾਰੇ ਦੇਸ਼ਾਂ ਦੇ ਆਗੂਆਂ ਨੂੰ ਅਜਿਹੇ ਕਦਮ ਉਠਾਉਣ ਦੀ ਲੋੜ ਹੈ ਕਿ ਅਜਿਹੇ ਹਾਲਾਤ ਹੀ ਨਾ ਪੈਦਾ ਹੋਣ ਕਿ ਕਿਸੇ ਮੁਲਕ ਦੀ ਦੂਜੇ ਮੁਲਕ ਨਾਲ ਲੜਾਈ ਨਾ ਲੱਗੇ।

ਉਨ੍ਹਾਂ ਵਿਸ਼ਵ 'ਚ ਲੱਗੀਆਂ ਕਈ ਜੰਗਾਂ ਦੇ ਹਵਾਲੇ ਨਾਲ ਅੱਗੇ ਕਿਹਾ ਕਿ ਦੁਨੀਆਂ ਵਿੱਚ ਤਕਨੀਕ ਭਾਵੇਂ ਕਾਫ਼ੀ ਅੱਗੇ ਵੱਧ ਗਈ ਹੈ ਪਰੰਤੂ ਜੇਕਰ ਸਾਨੂੰ ਲੜਾਈਆਂ ਰੋਕਣੀਆਂ ਹਨ ਤਾਂ ਰਾਜ ਕਰਨ ਵਾਲੀ ਜਮਾਤ ਨੂੰ ਇਹ ਸੋਚਣਾ ਪਵੇਗਾ ਕਿ ਕੇਵਲ ਕਾਂਟੀਨੈਂਟਲ ਬਾਸਿਟਿਕ ਮਿਜਾਇਲਾਂ ਹੀ ਨਾ ਬਣਾਈਆਂ ਜਾਣ ਬਲਕਿ ਦੋ ਦੇਸ਼ਾਂ, ਦੋ ਰਾਜਾਂ ਤੇ ਦੋ ਕਮਿਉਨਿਟੀਜ਼ 'ਚ ਆਪਸੀ ਵਿਸ਼ਵਾਸ਼ ਵੀ ਬਣਾਉਣਾ ਪਵੇਗਾ। ਉਨ੍ਹਾਂ ਉਮੀਦ ਪ੍ਰਗਟਾਈ ਕਿ ਸਾਡੇ ਵਿਦਿਆਰਥੀ ਅਜਿਹੇ ਵਿਸ਼ੇ ਵੀ ਜ਼ਰੂਰ ਪੜ੍ਹਨਗੇ। ਸਿਹਤ ਮੰਤਰੀ ਨੇ ਫ਼ੌਜ ਦੀ ਦ੍ਰਿੜਤਾ ਨੂੰ ਸਲਾਮ ਕਰਦਿਆਂ ਪਿਛਲੇ ਸਮੇਂ 'ਚ ਆਏ ਹੜ੍ਹਾਂ ਦੇ ਹਵਾਲੇ ਨਾਲ ਕਿਹਾ ਕਿ ਫ਼ੌਜ ਜਿੱਥੇ ਸਰਹੱਦਾਂ 'ਤੇ ਦੇਸ਼ ਦੀ ਰਾਖੀ ਕਰਦੀ ਹੈ, ਉਥੇ ਹੀ ਸਿਵਲ ਖੇਤਰ ਵਿੱਚ ਕੋਈ ਆਫ਼ਤ ਆਉਣ 'ਤੇ ਆਪਣੀ ਜਾਨ 'ਤੇ ਖੇਡ ਕੇ ਲੋਕਾਂ ਦੀ ਵੀ ਰਾਖੀ ਕਰਦੀ ਹੈ। ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਚੇਅਰਮੈਨ ਲੈਫ. ਜਨ. ਟੀ.ਐਸ. ਸ਼ੇਰਗਿੱਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਕਰਵਾਏ ਗਏ ਇਸ ਮਿਲਟਰੀ ਲਿਟਰੇਚਰ ਫੈਸਟੀਵਲ ਤੋਂ ਸਿੱਖਿਆ ਲੈਕੇ ਸਾਡੇ ਬੱਚੇ ਬੇਸ਼ਕ ਫ਼ੌਜ ਵਿੱਚ ਜਾਣ ਭਾਵੇਂ ਨਾ ਜਾਣ ਪਰੰਤੂ ਉਹ ਆਪਣੀ ਜੀਵਨ ਵਿੱਚ ਫ਼ੌਜ ਵਰਗੇ ਗੁਣ ਜ਼ਰੂਰ ਪੈਦਾ ਕਰਨ, ਇਹੋ ਸਾਡੀ ਪ੍ਰਾਪਤੀ ਹੋਵੇਗੀ। ਪਟਿਆਲਾ ਹੈਰੀਟੇਜ਼ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਦੀ ਸਮਾਪਤੀ ਮੌਕੇ ਪੀ.ਪੀ.ਐਸ. ਨਾਭਾ ਅਤੇ ਵਾਈ.ਪੀ.ਐਸ. ਸਕੂਲਾਂ ਦੇ ਵਿਦਿਆਰਥੀਆਂ ਨੇ ਘੋੜਸਵਾਰੀ ਦੇ ਕਰਤੱਬ ਦਿਖਾਏ ਅਤੇ ਪਟਿਆਲਾ ਏਵੀਏਸ਼ਨ ਕਲੱਬ ਦੇ ਕੈਪਟਨ ਹਰਪ੍ਰੀਤ ਸਿੰਘ ਨੇ ਜਹਾਜ ਨਾਲ ਫੁੱਲਾਂ ਦੀ ਵਰਖਾ ਕੀਤੀ ਅਤੇ ਗਤਕਾ ਟੀਮਾਂ ਨੇ ਗਤਕੇ ਦੇ ਜੌਹਰ ਦਿਖਾਏ।



-ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦੇ ਖਾਲਸਾ ਕਾਲਜ ਵਿਖੇ ਸਮਾਪਤ ਹੋਏ ਦੋ ਦਿਨਾਂ ਮਿਲਟਰੀ ਲਿਟਰੇਚਰ ਫੈਸਟੀਵਲ ਦੇ ਸਮਾਪਤੀ ਸਮਾਰੋਹ ਵਿੱਚ ਸ਼ਿਰਕਤ ਕਰਦੇ ਹੋਏ। ਉਨ੍ਹਾਂ ਦੇ ਨਾਲ ਲੈਫ. ਜਨਰਲ ਟੀ.ਐਸ ਸ਼ੇਰਗਿੱਲ ਤੇ ਹੋਰ ਪਤਵੰਤੇ ਵੀ ਨਜ਼ਰ ਆ ਰਹੇ ਹਨ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

## ਜਨਮ ਤੋ ਸੀ ਪੀ ਬਿਮਾਰੀ ਪੀੜਤ ਬੱਚੀ ਨੂੰ ਦਿੱਤਾ ਨਵਾਂ ਜੀਵਨ

# ਗੋਨਿਆਣਾ ਮੰਡੀ ਦੇ ਸਾਧੂ ਸਿੰਘ ਹਸਪਤਾਲ ਹਜਾਰਾਂ ਮਰੀਜਾਂ ਨੂੰ ਦੇ ਰਿਹਾ ਹੈ ਨਵਾਂ ਜੀਵਨ

**ਬਠਿੰਡਾ, 6 ਫਰਵਰੀ-**
**-ਆਸ਼ੂ ਖੰਨਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਗੋਨਿਆਣਾ ਮੰਡੀ ਦੇ ਸ਼ਾਮ ਲਾਲ ਨੇ ਕਿਹਾ ਕੀ ਸਾਧੂ ਸਿੰਘ ਹਸਪਤਾਲ ਦੇ ਡਾਕਟਰ ਬਲਜਿੰਦਰ ਸਿੰਘ ਉਨ੍ਹਾਂ ਲਈ ਰੱਬ ਤੋ ਘੱਟ ਨਹੀ ਉਨ੍ਹਾਂ ਕਿਹਾ ਕੀ ਉਨ੍ਹਾਂ ਦੀ ਦੋਹਤੀ ਜੋ ਜਨਮ ਤੋ ਗੰਭੀਰ ਬਿਮਾਰੀ ਨਾਲ ਪੀੜਤ ਸੀ ਜਿਵੇ ਜ਼ਿੰਦਾ ਲਾਸ਼ ਹੋਵੇ ਤੇ ਬਹੁਤ ਹਸਪਤਾਲਾਂ ਵਿੱਚ ਉਸ ਦੇ ਇਲਾਜ਼ ਲਈ ਮਿਲੇ ਪਰ ਹਰ ਵਾਰ ਦੀ ਤਰਾਂ ਨਿਰਾਸ਼ਾ ਹੀ ਹੱਥ ਲੱਗੀ ਫਿਰ ਇੱਕ ਦਿਨ ਸਾਨੂ ਡਾਕਟਰ ਬਲਜਿੰਦਰ ਸਿੰਘ ਮਿਲੇ ਤੇ ਉਨ੍ਹਾਂ ਨੇ ਭਰੋਸਾ ਦਿੱਤਾ ਉਨ੍ਹਾਂ ਬੇਟੀ ਬਿਲਕੁਲ ਠੀਕ ਹੋ ਜਾਵੇਗੀ ਤੇ ਅੱਜ ਉਹ 70 ਫੀਸਦੀ ਠੀਕ ਹੈ ਉਹ ਕਈ ਤਰਾਂ ਐਕਟੀਵਿਟੀ ਕਰਦੀ ਹੈ ਜਦੋਂ ਇਸ ਬਾਰੇ ਡਾਕਟਰ ਬਲਜਿੰਦਰ ਸਿੰਘ ਨਾਲ ਗੱਲ ਕੀਤੀ ਤਾ ਉਨ੍ਹਾਂ ਦੱਸਿਆ ਕੀ ਬੱਚੇ ਨੂੰ ਸੀ ਪੀ ਨਾਮ ਦੀ ਬਿਮਾਰੀ ਹੈ ਇਸ ਵਿੱਚ ਬੱਚੇ ਦੇ ਦਿਮਾਗ ਨੂੰ ਪ੍ਰੋਪਰ ਆਕਸੀਜਨ ਨਹੀ ਪੌਂਚਦੀ ਬੱਚਾ ਜਨਮ ਵੇਲੇ ਨਹੀ ਰੋਂਦਾ ਪਰ ਇਸ ਦਾ ਇਲਾਜ਼ ਆਯੂਰਵੇਦ ਵਿੱਚ ਸੰਬੰਵ ਹੈ ਤੇ ਮੈਂ ਵਿਸ਼ਵਾਸ ਦਿੰਦਾ ਹਾਂ ਕੀ ਆਉਣ ਵਾਲੇ ਇੱਕ ਸਾਲ ਵਿੱਚ ਇਹ ਬੱਚਾ ਪੂਰਾ ਤੰਦਰੁਸਤ ਹੋ ਜਾਵੇਗਾ।



# ਸਰਕਾਰੀ ਕਾਲਜ ਮਾਛੀਵਾੜਾ ਵਿਖੇ ਛੇ ਰੋਜਾ ਵਰਕਸ਼ਾਪ ਦੀ ਸਮਾਪਤੀ ਪੋਸਟਰ ਮੇਕਿੰਗ ਮੁਕਾਬਲੇ ਨਾਲ ਹੋਈ



**ਮਾਛੀਵਾੜਾ ਸਾਹਿਬ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਮਾਛੀਵਾੜਾ ਵਿਖੇ ਪ੍ਰਿੰਸੀਪਲ ਡਾਕਟਰ ਜਸਪਾਲ ਸਿੰਘ ਜੀ ਦੀ ਅਗਵਾਈ ਹੇਠ 12 ਜਨਵਰੀ 2024 ਨੂੰ ਇੰਸਟੀਟਿਊਸ਼ਨਲ ਇਨੋਵੇਸ਼ਨ ਕੌਂਸਲ ਦੀਆਂ ਹਦਾਇਤਾਂ ਮੁਤਾਬਕ ਡਾਕਟਰ ਧਰਮਿੰਦਰ ਸਿੰਘ ਆਈ.ਸੀ.ਸੀ. ਕਨਵੀਨੀਅਰ ਅਤੇ ਕਾਮਰਸ ਵਿਭਾਗ ਦੇ ਮੁੱਖੀ ਪ੍ਰੋ.ਅੱਜੇ ਬੱਤਾ ਅਤੇ ਪ੍ਰੋ.ਪ੍ਰੀਤ ਕਮਲ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਛੇ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜਿਸ ਦੀ ਸਮਾਪਤੀ ਪੋਸਟਰ ਮੇਕਿੰਗ ਮੁਕਾਬਲੇ ਨਾਲ ਕੀਤੀ ਗਈ। ਪਹਿਲੇ ਪੰਜ ਵੱਖ ਵੱਖ ਦਿਨਾਂ ਤੇ ਅਲੱਗ-ਅਲੱਗ ਬੁਲਾਰਿਆਂ ਨੂੰ ਬੁਲਾਇਆ ਗਿਆ ਜਿਨਾਂ ਨੇ ਆਪਣੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕਰਦੇ ਹੋਏ ਕਾਮਰਸ ਖੇਤਰ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਬਾਰੇ ਦੱਸਿਆ। ਮੁਕਾਬਲੇਬਾਜ਼ੀ ਵਿੱਚ ਹਿੱਸਾ ਲੈਣ ਵਾਲੇ ਬੀ.ਕਾਮ. ਦੇ ਵਿਦਿਆਰਥੀਆਂ ਨੂੰ ਵਿਭਾਗ ਮੁੱਖੀ ਪ੍ਰੋਫੈਸਰ ਅਜੇ ਬੱਤਾ ਨੇ ਮੁਕਾਬਲੇ ਦੇ ਨਿਯਮਾਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਅਜਿਹੀਆਂ ਸਰਗਰਮੀਆਂ ਵਿਦਿਆਰਥੀਆਂ ਵਿੱਚ ਛੁਪੀ ਕੋਈ ਰਚਨਾਤਮਕ ਪ੍ਰਤਿਭਾ ਨੂੰ ਉਭਾਰਨ ਲਈ ਹਨ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਤੇ ਵੱਖ-ਵੱਖ ਵਿਸ਼ਿਆਂ ਤੇ ਪੋਸਟਰ ਬਣਾ ਕੇ ਆਪਣੇ ਰਚਨਾਤਮਕ ਹੁਨਰ ਦਾ ਪ੍ਰਦਰਸ਼ਨ ਕੀਤਾ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਰਮਨਜੀਤ ਕੌਰ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਉਨਾਂ ਨੂੰ ਪੇਂਟਿੰਗ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਰਮਨਜੀਤ ਕੌਰ ਨੇ ਮੁਕਾਬਲੇ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਤੇ ਸ਼ੁਭਕਾਮਨਾ ਦਿੰਦਿਆਂ ਆਖਿਆ ਕਿ ਹਾਰ ਜਾਂ ਜਿੱਤ ਤੋਂ ਜ਼ਿਆਦਾ ਕਿਸੇ ਪ੍ਰਤੀਯੋਗੀਤਾ ਵਿੱਚ ਭਾਗੀਦਾਰ ਹੋਣਾ ਜ਼ਿਆਦਾ ਮਾਇਨੇ ਰੱਖਦਾ ਹੈ। ਇਸ ਮੌਕੇ ਤੇ ਪ੍ਰੋ.ਧਰਮਿੰਦਰ, ਪ੍ਰੋ.ਪ੍ਰਦੀਪ ਸਿੰਘ, ਪ੍ਰੋ. ਅਮਰੀਸ਼ ਖੁੱਲਰ, ਪ੍ਰੋ.ਚੰਦਨ ਕੁਮਾਰ ਤੇ ਪ੍ਰੋ.ਰਾਜਕੁਮਾਰ ਆਦਿ ਹਾਜ਼ਰ ਹੋਏ। ਮੁਕਾਬਲੇ ਵਿੱਚ ਵਧੀਆ ਯੋਗਦਾਨ ਪਾਉਣ ਵਾਲੇ ਭਾਗੀਦਾਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਮੁੱਚੇ ਤੌਰ ਤੇ ਮੁਕਾਬਲੇ ਨੇ ਸਫਲਤਾ ਪੂਰਵਕ ਆਪਣੇ ਆਦੇਸ਼ਾਂ ਨੂੰ ਪੂਰਾ ਕੀਤਾ ਅਤੇ ਨਵੀਨਤਾ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ।

# ਸੜਕ ਸੁਰੱਖਿਆ ਨਿਯਮਾਂ ਬਾਰੇ ਜਾਗਰੂਕਤਾ ਅਭਿਆਨ ਜਾਰੀ






**ਸ੍ਰੀ ਕੀਰਤਪੁਰ ਸਾਹਿਬ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਕੀਰਤਪੁਰ ਸਾਹਿਬ ਵਿਖੇ ਸੜਕ ਸੁਰੱਖਿਆ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਭਿਆਨ ਨਿਯਮਤ ਪੱਧਰ 'ਤੇ ਜਾਰੀ ਹੈ। ਹਰੇਕ ਵਾਹਨ ਚਾਲਕ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਲਈ ਸੁਚੇਤ ਕਰਨ ਹਿੱਤ ਚਲਾਏ ਰਹੇ ਯਤਨਾਂ ਦੀ ਕੜੀ ਤਹਿਤ ਹੀ ਗੁਲਨੀਤ ਸਿੰਘ ਖੁਰਾਨਾ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਹੇਠ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਰਹੇ ਹਨ।

ਇਹ ਜਾਣਕਾਰੀ ਦਿੰਦਿਆਂ ਅਜੇ ਸਿੰਘ ਡੀ.ਐਸ.ਪੀ ਨੇ ਦੱਸਿਆ ਕਿ ਕੀਰਤਪੁਰ ਸਾਹਿਬ ਦੇ ਵੱਖ ਵੱਖ ਥਾਵਾ ਤੇ ਡਰਾਈਵਰਾ ਨੂੰ ਸੜਕ ਦੇ ਸੰਕੇਤਾਂ, ਟਰੈਫਿਕ ਲਾਈਟਾਂ, ਵਾਹਨ ਚਲਾਉਣ ਲਈ ਜ਼ਰੂਰੀ ਹਦਾਇਤਾਂ ਦੀ ਪਾਲਣਾ ਆਦਿ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਵਾਹਨਾਂ 'ਤੇ ਰਿਫਲੈਕਟਰ ਲਗਾ ਕੇ ਰੱਖਣ, ਪਾਰਕਿੰਗ ਲਾਈਟਾਂ ਦੀ ਵਰਤੋਂ ਕਰਨ ਅਤੇ ਨੰਬਰ ਪਲੇਟਾਂ ਸਹੀ ਢੰਗ ਨਾਲ ਲਗਾ ਕੇ ਰੱਖਣ ਸਬੰਧੀ ਵੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਇਹ ਜਾਗਰੂਕਤਾ ਅਭਿਆਨ ਨਿਰੰਤਰ ਜਾਰੀ ਰਹਿਣਗੇ ਤਾ ਜੋ ਸੜਕ ਹਾਦਸਿਆਂ ਨੂੰ ਠੱਲ੍ਹ ਪਾਈ ਜਾ ਸਕੇ।

## ਭਗਤੀ ਲਹਿਰ ਦੀ ਸੰਤ ਕਵੀ ਮੀਰਾ ਬਾਈ 'ਤੇ ਅਧਾਰਤ ਡਾਂਸ ਡਰਾਮਾ 'ਬੈਲੇ' ਨੇ ਮੋਹੇ ਦਰਸ਼ਕ

# ਡਿਪਟੀ ਕਮਿਸ਼ਨਰ ਵੱਲੋਂ 6 ਫਰਵਰੀ- ਦੀ ਸ਼ਾਮ ਨੂੰ ਕਿਲਾ ਮੁਬਾਰਕ ਵਿਖੇ ਹੋਣ ਵਾਲੇ ਸਮਾਰੋਹ ਦਾ ਆਨੰਦ ਮਾਨਣ ਦਾ ਸੱਦਾ

**ਪਟਿਆਲਾ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੂਰੀ ਸ਼ਾਨ-ਓ-ਸ਼ੌਕਤ ਨਾਲ ਵਿਰਾਸਤੀ ਅੰਦਾਜ 'ਚ ਖ਼ੂਬਸੂਰਤ ਰੌਸ਼ਨੀਆਂ ਨਾਲ ਸਜੇ ਅਤੇ ਜਗਮਗਾਏ ਪਟਿਆਲਾ ਦੇ ਵਿਰਾਸਤੀ ਕਿਲ੍ਹਾ ਮੁਬਾਰਕ ਵਿਖੇ ਮਧੁਰ ਸੰਗੀਤਕ ਧੁੰਨਾਂ ਤੇ ਪੰਛੀਆਂ ਦੀ ਚਹਿਚਹਾਟ ਨਾਲ 'ਪਟਿਆਲਾ ਵਿਰਾਸਤੀ ਮੇਲੇ' ਦਾ ਅੱਜ ਸ਼ਾਮ ਇੱਥੇ ਆਗਾਜ਼ ਹੋ ਗਿਆ। ਇਸ ਦੌਰਾਨ ਭਗਤੀ ਲਹਿਰ ਦੀ ਸੰਤ ਕਵੀ ਮੀਰਾ ਬਾਈ 'ਤੇ ਅਧਾਰਤ ਡਾਂਸ ਡਰਾਮਾ 'ਬੈਲੇ' ਦੀ ਸ਼ਾਨਦਾਰ ਪੇਸ਼ਕਾਰੀ ਨੇ ਦਰਸ਼ਕ ਮੋਹ ਲਏ। ਜਦਕਿ ਪੰਡਿਤ ਸੁਭੇਂਦਰ ਰਾਓ ਤੇ ਸਸਕਿਆ ਰਾਓ ਨੇ ਪੇਸ਼ ਕੀਤੀ ਸਿਤਾਰ-ਸੈਲੋ ਦੀ ਵਿਲੱਖਣ ਜੁਗਲਬੰਦੀ ਨੇ ਵੀ ਆਪਣੀ ਵਿਸ਼ੇਸ਼ ਛਾਪ ਛੱਡੀ।

ਇਸ ਮੇਲੇ ਦਾ ਉਦਘਾਟਨ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਕਿਲਾ ਮੁਬਾਰਕ ਅੰਦਰ ਜਗਦੀ ਢਾਈ ਦਹਾਕੇ ਤੋਂ ਵਧ ਸਮੇਂ ਤੋਂ ਜਗਦੀ ਆ ਰਹੀ ਜੋਤ ਤੋਂ ਜਗਾ ਕੇ ਲਿਆਂਦੀ ਮਸ਼ਾਲ ਨਾਲ ਅੱਗੇ ਦੀਪ ਨੂੰ ਜਗਾ ਕੇ ਕੀਤਾ। ਉਨ੍ਹਾਂ ਦੇ ਨਾਲ ਏ.ਡੀ.ਸੀਜ ਅਨੁਪ੍ਰਿਤਾ ਜੌਹਲ, ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਡਾ. ਇਸਮਤ ਵਿਜੇ ਸਿੰਘ ਅਤੇ ਇੰਡੀਅਨ ਮਿਊਜਿਕ ਸੁਸਾਇਟੀ ਦੇ ਵਾਈਸ ਚੇਅਰਪਰਸਨ, ਇੰਡੀਅਨ ਟਰੱਸਟ ਫਾਰ ਰੂਰਲ ਹੈਰੀਟੇਜ ਐਂਡ ਡਿਵੈਲਪਮੈਂਟ ਦੇ ਟਰਸਟੀ ਤੇ ਇਨਟੈਕ ਦੇ ਕਨਵੀਨਰ ਸ਼੍ਰੀਮਤੀ ਅਨੀਤਾ ਸਿੰਘ ਵੀ ਮੌਜੂਦ ਸਨ। ਪਦਮਸ੍ਰੀ ਸ਼ੋਭਾ ਦੀਪਕ ਸਿੰਘ ਦੀ ਨਿਰਦੇਸ਼ਨਾ ਹੇਠ ਸ੍ਰੀ ਰਾਮ ਭਾਰਤੀਆ ਕਲਾ ਕੇਂਦਰ ਨਿਊ ਦਿੱਲੀ ਦੇ ਦੋ ਦਰਜਨ ਤੋਂ ਵਧੀਕ ਕਲਾਕਾਰਾਂ ਨੇ ਦਿਲਟੁੰਬਵੀਂ ਪੇਸ਼ਕਾਰੀ ਕੀਤੀ। ਇਸ ਵਿੱਚ ਵੱਡੀ ਮੀਰਾ ਦਾ ਕਿਰਦਾਰ ਮੋਲੀਨਾ ਸਿੰਘ ਨੇ ਤੇ ਛੋਟੀ ਮੀਰਾ ਦਾ ਕਿਰਦਾਰ ਪ੍ਰੇਰਨਾ ਨੇ ਟਰੁੱਪ ਲੀਡਰ ਗਗਨ ਤਿਵਾੜੀ ਤੇ ਕੋਰੀਓਗ੍ਰਾਫ਼ਰ ਰਾਜ ਕੁਮਾਰ ਸ਼ਰਮਾ ਦੀ ਦੇਖ ਰੇਖ ਹੇਠ ਪੇਸ਼ ਕੀਤਾ। ਕੋਈ ਨਹੀਂ ਜਗਤ ਮੇ ਤੇਰਾ ਰੇ, ਚੁਨਰੀ ਮੇਰੀ ਰੰਗ ਡਾਲੀ, ਮਾਈ ਮੋਹੇ ਸੁਪਨੇ ਮੇ ਗੋਪਾਲ, ਐਸੇ ਵਰ ਕੋ ਕਿਆ ਵਰੀਏ ਆਦਿ ਕਈ ਮੀਰਾ ਦੇ ਭਜਨਾਂ 'ਤੇ ਸ਼ਾਨਦਾਰ ਨ੍ਰਿਤ ਦੀ ਪੇਸ਼ਕਾਰੀ ਕੀਤੀ। ਇਸ ਤੋਂ ਬਾਅਦ ਵਿਸ਼ਵ ਵਿਖਿਆਤ ਸਿਤਾਰ ਵਾਦਕ ਪੰਡਿਤ ਰਵੀ ਸ਼ੰਕਰ ਦੇ ਸ਼ਾਗਿਰਦ ਪੰਡਿਤ ਸੁਭੇਂਦਰ ਰਾਓ ਤੇ ਭਾਰਤੀ ਸਾਸ਼ਤਰੀ ਸੰਗੀਤ ਨਾਲ ਪਿਆਰ ਕਰਨ ਵਾਲੀ ਵਿਧੁਸ਼ੀ ਸਸਕਿਆ ਰਾਓ ਨੇ ਸਿਤਾਰ ਤੇ ਸੈਲੋ ਦੀ ਸ਼ਾਨਦਾਰ ਜੁਗਲਬੰਦੀ ਪੇਸ਼ ਕੀਤੀ। ਇਨ੍ਹਾਂ ਦੇ ਨਾਲ ਤਬਲਾ ਸੰਗਤ ਪੰਡਿਤ ਕ੍ਰਿਸ਼ਨ ਮਹਾਰਾਜ ਦੇ ਸ਼ਾਗਿਰਦ ਤੇ ਨਾਤੀ ਸ਼ੁਭ ਮਹਾਰਾਜ ਨੇ ਕੀਤੀ। ਪੰਡਿਤ ਸੁਭੇਂਦਰ ਰਾਓ ਤੇ ਵਿਧੁਸ਼ੀ ਸਸਕਿਆ ਰਾਓ ਨੇ ਸਿਤਾਰ ਤੇ ਸੈਲੋ ਡਿਊਟ ਨਾਲ ਰਾਗ ਜਨਸੰਮੋਹਿਨੀ ਤੋਂ ਸ਼ੁਰੂ ਕਰਕੇ ਅਲਾਪ, ਜੋੜ, ਝਾਲਾ ਤੇ ਝਾਪ ਤਾਲ ਸਮੇਤ ਰਾਗ ਮਿਸ਼ਰ ਪੀਲੂ, ਵਿਲੰਬਿਤ ਅਤੇ ਦਰੁਤ ਤੀਨ ਤਾਲ ਦੀ ਵਿਲੱਖਣ ਪੇਸ਼ਕਾਰੀ ਕੀਤ। ਇਸ ਦੌਰਾਨ ਉਘੀ ਸ਼ਾਸਤਰੀ ਗਾਇਕਾ ਪ੍ਰੋ. ਡਾ. ਨਿਵੇਦਿਤਾ ਸਿੰਘ ਨੇ ਮੰਚ ਸੰਚਾਲਨ ਕੀਤਾ ਅਤੇ ਕਲਾਕਾਰਾਂ ਦੀ ਜਾਣ-ਪਛਾਣ ਕਰਵਾਈ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਕਰਵਾਏ ਜਾ ਰਹੇ ਇਸ ਵਿਰਾਸਤੀ ਉਤਸਵ ਦਾ ਮਕਸਦ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੀ ਵੱਡਮੁੱਲੀ ਵਿਰਾਸਤ, ਸੱਭਿਆਚਾਰ ਅਤੇ ਅਮੀਰ ਵਿਰਸੇ ਬਾਰੇ ਜਾਣਕਾਰੀ ਦੇਣਾ ਹੈ।



## ਅਰਵਿੰਦ ਕੇਜਰੀਵਾਲ ਈਡੀ ਦੇ ਸਾਹਮਣੇ ਪੇਸ਼ ਹੋਵੇ: ਕਰਨਲ ਜੈਬੰਸ ਸਿੰਘ

# ਅਰਵਿੰਦ ਕੇਜਰੀਵਾਲ ਨੂੰ ਕਾਨੂੰਨ ਦੀ ਪ੍ਰਕਿਰਿਆ ਦਾ ਸਨਮਾਨ ਕਰਨਾ ਚਾਹੀਦਾ ਹੈ: ਭਾਜਪਾ

**ਪਟਿਆਲਾ, 6 ਫਰਵਰੀ-**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਮੁੱਖ ਮੰਤਰੀ ਅਤੇ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਸ਼ਰਾਬ ਘੁਟਾਲੇ ਦੇ ਇੱਕ ਮਾਮਲੇ ਵਿੱਚ ਪੁੱਛਗਿੱਛ ਲਈ ਇਨਫੋਰਸਮੈਂਟ ਡਾਇਰੈਕਟੋਰੇਟ ਸਾਹਮਣੇ ਪੇਸ਼ ਹੋਣ ਤੋਂ ਵਾਰ-ਵਾਰ ਇਨਕਾਰ ਕਰਨ ਦੀ ਭਾਜਪਾ ਪੰਜਾਬ ਦੇ ਮੁੱਖ ਬੁਲਾਰੇ ਕਰਨਲ ਜੈਬੰਸ਼ ਸਿੰਘ ਨੇ ਇੱਕ ਪ੍ਰੈਸ ਕਾਨਫਰੰਸ ਰਾਹੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਕਿਹਾ ਕਿ ਇਹ ਪੰਜਵੀਂ ਵਾਰ ਹੈ ਜਦੋਂ ਅਰਵਿੰਦ ਕੇਜਰੀਵਾਲ ਖੁਦ ਨੂੰ ਪੁੱਛਗਿੱਛ ਲਈ ਪੇਸ਼ ਨਹੀ ਹੋਏ ਹਨ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ 2 ਨਵੰਬਰ 2023, 21 ਦਸੰਬਰ 2023, 3 ਜਨਵਰੀ 2024 ਅਤੇ 19 ਜਨਵਰੀ 2024 ਨੂੰ ਈਡੀ ਨੇ ਅਰਵਿੰਦ ਕੇਜਰੀਵਾਲ ਨੂੰ ਪੇਸ਼ ਹੋਣ ਲਈ ਕਿਹਾ ਸੀ। ਆਪ ਦੇ ਦੋ ਆਗੂ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਇਸ ਸ਼ਰਾਬ ਘੁਟਾਲੇ ਵਿੱਚ ਸ਼ਾਮਲ ਹੋਣ ਕਾਰਨ ਪਹਿਲਾਂ ਹੀ ਜੇਲ੍ਹ ਵਿੱਚ ਹਨ। ਉਨ੍ਹਾਂ ਨੂੰ ਦਿੱਲੀ ਹਾਈ ਕੋਰਟ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਕਰਨਲ ਜੈਬੰਸ ਸਿੰਘ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੇਸ਼ ਦੇ ਇੱਕ ਜ਼ਿੰਮੇਵਾਰ ਨਾਗਰਿਕ ਅਤੇ ਸੀਨੀਅਰ ਸਿਆਸੀ ਨੇਤਾ ਹਨ ਤੇ ਮੌਜੂਦਾ ਮੁੱਖ ਮੰਤਰੀ ਹਨ। ਉਹ ਦੇਸ਼ ਦੀਆਂ ਜਾਂਚ ਏਜੰਸੀਆਂ ਨੂੰ ਆਪਣਾ ਕੰਮ ਕਰਨ ਦੇਣ ਤੇ ਜਾਂਚ ਵਿੱਚ ਸਹਿਯੋਗ ਕਰਨ। ਉਹਨਾਂ ਨੂੰ ਆਪਣੇ ਆਪ ਨੂੰ ਜਾਂਚ ਏਜੰਸੀਆਂ ਸਾਹਮਣੇ ਪੁੱਛਗਿੱਛ ਲਈ ਖੁਦ ਨੂੰ ਪੇਸ਼ ਕਰਨਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸਿਆਸੀ ਵਰਕਰਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ 'ਤੇ ਦਬਾਅ ਪਾਉਣ ਦੇ ਇਰਾਦੇ ਨਾਲ ਦਿੱਲੀ ਵਿੱਚ ਕੋਈ ਅੜਚਨ ਪੈਦਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਗਰ ਅਜਿਹਾ ਕੀਤਾ ਤਾਂ ਕੇਂਦਰ ਸਰਕਾਰ ਬਰਦਾਸ਼ਤ ਨਹੀਂ ਕਰੇਗੀ, ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ।

ਕਰਨਲ ਜੈਬੰਸ ਸਿੰਘ ਨੇ ਕਿਹਾ ਕਿ ਦਿੱਲੀ ਸ਼ਰਾਬ ਘੁਟਾਲਾ 2021 ਤੋਂ 2022 ਤੱਕ ਦਿੱਲੀ ਦੀ ਆਬਕਾਰੀ ਨੀਤੀ ਦਾ ਨਤੀਜਾ ਸੀ, ਜਦੋਂ ਮਨੀਸ਼ ਸਿਸੋਦੀਆ ਕੋਲ ਆਬਕਾਰੀ ਵਿਭਾਗ ਸੀ। ਉਸ ਸਮੇ ਦਿੱਲੀ ਸਰਕਾਰ ਨੇ ਕਥਿਤ ਤੌਰ 'ਤੇ ਵਿੱਤੀ ਲਾਭ ਲਈ ਰਾਜ ਦੇ ਆਬਕਾਰੀ ਵਿਭਾਗ ਨੂੰ ਨੁਕਸਾਨ ਪਹੁੰਚਾ ਕੇ ਨਿੱਜੀ ਕੰਪਨੀਆਂ ਅਤੇ ਵਪਾਰਕ ਏਜੰਸੀਆਂ ਨੂੰ ਜਾਣ ਬੁੱਝ ਕੇ ਫ਼ਾਇਦਾ ਪਹੁੰਚਾਇਆ ਸੀ। ਘੁਟਾਲੇ ਦਾ ਪਰਦਾਫਾਸ਼ ਹੋਣ 'ਤੇ, ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਸੀਬੀਆਈ ਜਾਂਚ ਦੀ ਸਿਫਾਰਸ਼ ਕੀਤੀ, ਜਿਸ ਤੋਂ ਬਾਅਦ ਈਡੀ ਨੇ ਵੀ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀਐਮਐਲਏ) ਦੇ ਤਹਿਤ ਕੇਸ ਦਰਜ ਕੀਤਾ। 20 ਅਗਸਤ 2022 ਨੂੰ, ਸੀਬੀਆਈ ਨੇ ਮਨੀਸ਼ ਸਿਸੋਦੀਆ ਦੀ ਰਿਹਾਇਸ਼ 'ਤੇ ਛਾਪੇਮਾਰੀ ਕੀਤੀ, ਜਿਸ ਨੂੰ ਉਸ ਸਮੇਂ ਨਿਆਂਇਕ ਹਿਰਾਸਤ ਵਿੱਚ ਲਿਆ ਗਿਆ ਸੀ। ਬਾਅਦ ਵਿੱਚ, ਸੀਨੀਅਰ ਆਪ ਨੇਤਾ ਸੰਜੇ ਸਿੰਘ ਨੂੰ ਵੀ ਦਿੱਲੀ ਸ਼ਰਾਬ ਘੁਟਾਲੇ ਤੋਂ ਪੈਦਾ ਹੋਏ ਅਪਰਾਧ ਦੀ ਕਮਾਈ ਨੂੰ ਹਾਸਲ ਕਰਨ, ਰੱਖਣ, ਛੁਪਾਉਣ, ਫੈਲਾਉਣ ਅਤੇ ਵਰਤਣ ਵਿੱਚ ਸ਼ਾਮਲ ਹੋਣ ਲਈ ਈਡੀ ਦੀ ਸਿਫ਼ਾਰਸ਼ 'ਤੇ ਗ੍ਰਿਫਤਾਰ ਕੀਤਾ ਗਿਆ ਸੀ। ਜਾਂਚ ਏਜੰਸੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਮਾਮਲੇ ਦੇ ਤੱਥਾਂ ਦੀ ਪੁਸ਼ਟੀ ਕਰਨ। ਜਿਸ ਕਾਰਨ ਉਨ੍ਹਾਂ ਨੂੰ ਵਾਰ-ਵਾਰ ਏਜੇਂਸੀਆਂ ਵਲੋਂ ਸੰਮਨ ਕੀਤੇ ਜਾ ਰਹੇ ਹਨ। ਜੈਬੰਸ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਲਈ ਚਿੰਤਾ ਦਾ ਵਿਸ਼ਾ ਇਹ ਹੈ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਸੂਬੇ 'ਚ ਦਿੱਲੀ ਵਾਂਗ ਅਜਿਹੀ ਹੀ ਆਬਕਾਰੀ ਨੀਤੀ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨਾਲ ਜਿਥੇ ਮਾਲੀਏ ਦਾ ਭਾਰੀ ਨੁਕਸਾਨ ਹੋਵੇਗਾ ਅਤੇ ਭ੍ਰਿਸ਼ਟਾਚਾਰ ਵੀ ਹੋਵੇਗਾ। ਸਰਕਾਰ ਦੀ ਇਸ ਨੀਤੀ ਵਿਰੁੱਧ ਵਿਰੋਧੀ ਧਿਰ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵਾਰ-ਵਾਰ ਆਵਾਜ਼ ਬੁਲੰਦ ਕਰ ਰਹੀਆਂ ਹਨ।



ਕਲਕੱਤਾ ਦੇ ਬਨਸਪਤ ਵਿਗਿਆਨ ਬਾਗ਼ ਵਿਚ ਮੱਛੀ-ਪੂਛਲ ਤਾੜ ਸਭ ਤੋਂ ਪਹਿਲਾਂ ਇਸ ਬਾਗ਼ ਦੇ ਬਾਨੀ ਕਰਨਲ ਆਰ.ਕਿੱਡ ਨੇ ਲਗਾਇਆ ਸੀ। ਉਦੋਂ ਤੋਂ ਲੈ ਕੇ ਅੱਜ ਤਕ ਇਹ ਰੁੱਖ ਇਸ ਬਾਗ਼ ਦਾ ਅਨਿੱਖੜਵਾਂ ਅੰਗ ਹੈ...

# ਜਾਣੋ-ਪਛਾਣੋ ਰੁੱਖ

## ਮੱਛੀ-ਪੂਛਲ ਤਾੜ





ਇਸ ਰੁੱਖ ਨੂੰ ਮੱਛੀ-ਪੂਛਲ ਤਾੜ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਪੱਤੇ ਮੱਛੀ ਦੀ ਪੂਛ ਵਰਗੇ ਹੁੰਦੇ ਹਨ। ਇਸ ਨੂੰ 'ਭਾਰਤੀ ਸਾਗੋ ਤਾੜ' ਵੀ ਆਖਦੇ ਹਨ। ਇਹ ਬਾਗ਼-ਬਗ਼ੀਚਿਆਂ ਵਿਚ ਲਗਾਏ ਜਾਣ ਵਾਲੇ ਸਜਾਵਟੀ ਰੁੱਖ ਦੇ ਨਾਲ-ਨਾਲ ਵਪਾਰਕ ਪੱਖ ਤੋਂ ਵੀ ਕਈ ਅਹਿਮ ਗੁਣਾਂ ਵਾਲਾ ਹੈ। ਇਸ ਰੁੱਖ ਦਾ ਮੂਲ ਸਥਾਨ ਭਾਰਤ ਹੈ ਅਤੇ ਇਹ ਉਪ-ਹਿਮਾਲਿਆਈ ਇਲਾਕਿਆਂ ਤੋਂ ਲੈ ਕੇ ਭਾਰਤ ਦੇ ਦੱਖਣ ਅਤੇ ਪੱਛਮੀਂ ਘਾਟਾਂ 'ਤੇ ਜੰਗਲੀ ਰੂਪ ਵਿਚ ਵੀ ਪਾਇਆ ਜਾਂਦਾ ਹੈ। ਕਲਕੱਤਾ ਦੇ ਬਨਸਪਤ ਵਿਗਿਆਨ ਬਾਗ਼ ਵਿਚ ਇਸ ਨੂੰ ਸਭ ਤੋਂ ਪਹਿਲਾਂ ਇਸ ਬਾਗ਼ ਦੇ ਬਾਨੀ ਕਰਨਲ ਆਰ.ਕਿੱਡ ਨੇ ਲਗਾਇਆ ਸੀ ਅਤੇ ਉਦੋਂ ਤੋਂ ਲੈ ਕੇ ਅੱਜ ਤਕ ਇਹ ਇਸ ਬਾਗ਼ ਦਾ ਅਨਿੱਖੜਵਾਂ ਅੰਗ ਹੈ।

### ਵਿਸ਼ੇਸ਼ ਵਰਨਣ

ਇਸ ਤਾੜ ਦਾ ਤਣਾ ਆਮ ਤੌਰ 'ਤੇ 6-10 ਮੀਟਰ ਉੱਚਾ ਹੁੰਦਾ ਹੈ ਪਰ ਕਦੇ-ਕਦੇ ਇਹ 30 ਮੀਟਰ ਤੋਂ ਵੀ ਉੱਚਾ ਹੋ ਜਾਂਦਾ ਹੈ। ਇਸ ਦਾ ਵਿਆਸ 30-35 ਸੈਂਟੀਮੀਟਰ ਹੁੰਦਾ ਹੈ ਅਤੇ ਇਹ ਕਾਫ਼ੀ ਨਰਮ ਹੁੰਦਾ ਹੈ। ਮੱਛੀ-ਪੂਛਲ ਤਾੜ ਦੇ ਪੱਤੇ ਕਿਸੇ ਵੀ ਭਾਰਤੀ ਤਾੜ ਨਾਲੋਂ ਸਭ ਤੋਂ ਵੱਡੇ ਹੁੰਦੇ ਹਨ। ਇਹ ਦੋ-ਪੱਤੀਏ ਹੁੰਦੇ ਹਨ, ਜੋ 5 ਮੀਟਰ ਲੰਬੇ ਅਤੇ 3-4 ਮੀਟਰ ਤਕ ਚੌੜੇ ਹੁੰਦੇ ਹਨ। ਪੱਤੀਆਂ ਦਾ ਆਕਾਰ ਮੱਛੀ ਦੀ ਪੂਛ ਵਰਗਾ ਹੋਣ ਕਾਰਨ ਇਸ ਦਾ ਨਾਂ ਮੱਛੀ-ਪੂਛਲ ਤਾੜ ਪਿਆ ਹੈ। ਪੱਤਿਆਂ ਦੀਆਂ ਰਗ਼ਾਂ ਬੇਹੱਦ ਮਜ਼ਬੂਤ ਅਤੇ ਇਕ ਦੂਸਰੀ ਦੇ ਸਮਾਨਾਂਤਰ ਹੁੰਦੀਆਂ ਹਨ, ਜੋ ਸਿਰਿਆਂ ਤੋਂ ਦੰਦੇਦਾਰ ਹੁੰਦੀਆਂ ਹਨ। ਇਸ ਦੇ ਫਲ਼ ਲਗਪਗ 2 ਸੈਂਟੀਮੀਟਰ ਆਕਾਰ ਦੇ ਅਤੇ ਗਿਟਕਦਾਰ ਹੁੰਦੇ ਹਨ।

### ਨਾਂ

ਇਸ ਰੁੱਖ ਦਾ ਵਿਗਿਆਨਕ ਨਾਂ 'ਕੈਰੀਓਟਾ ਯੂਰੈਂਸ' ਹੈ, ਜਦਕਿ ਅੰਗਰੇਜ਼ੀ ਵਿਚ ਇਸ ਨੂੰ 'ਫਿਸ਼-ਟੇਲ ਪਾਮ', ਹਿੰਦੀ ਵਿਚ 'ਮਾੜੀ', ਮਰਾਠੀ ਵਿਚ 'ਬਿਰਲੀ ਮਹੱਦ', ਹਿੰਦੀ ਅਤੇ ਪੰਜਾਬੀ ਵਿਚ 'ਮੱਠੀ-ਪੂਛਲ ਤਾੜ' ਆਖਦੇ ਹਨ। ਇਸ ਦਾ ਵਿਗਿਆਨਕ ਨਾਂ 'ਕੈਰੀਓਟਾ' ਯੂਨਾਨੀ ਭਾਸ਼ਾ ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੁੰਦਾ ਹੈ - ਅਖਰੋਟ ਨੁਮਾ, ਜਦਕਿ 'ਯਰੈਂਸ' ਦਾ ਅਰਥ ਹੈ - ਜਲਨ ਪੈਦਾ ਕਰਨ ਵਾਲਾ, ਕਿਉਂਕਿ ਇਸ ਦੇ ਫਲ਼ ਤੋੜਨ ਵੇਲੇ ਚਮੜੀ ਨੂੰ ਛੂਹ ਜਾਣ 'ਤੇ ਇਹ ਕਾਫ਼ੀ ਸਮੇਂ ਲਈ ਸਰੀਰ ਉੱਪਰ ਜਲਨ ਪੈਦਾ ਕਰਨ ਲਗਦੇ ਹਨ।

### ਗੁਣ

ਇਸ ਰੁੱਖ ਤੋਂ ਕਈ ਮਹੱਤਵਪੂਰਨ ਵਸਤਾਂ ਪ੍ਰਾਪਤ ਹੁੰਦੀਆਂ ਹਨ। ਇਸ ਦੇ ਰੇਸ਼ੇ ਖ਼ਾਸ ਤੌਰ 'ਤੇ ਪੱਤਿਆਂ ਅਤੇ ਫੁੱਲ-ਡੰਡੀਆਂ ਦੇ ਰੇਸ਼ੇ ਵਪਾਰਕ ਵਰਤੋਂ ਵਿਚ ਆਉਂਦੇ ਹਨ। ਇਨ੍ਹਾਂ ਤੋਂ ਹੰਢਣਸਾਰ ਰੱਸੀਆਂ ਬਣਦੀਆਂ ਹਨ ਅਤੇ ਕਈ ਪ੍ਰਕਾਰ ਦੇ ਬੁਰਸ਼ ਵੀ ਬਣਦੇ ਹਨ। ਇਸ ਦੇ ਗੁੱਦੇ ਤੋਂ ਇਕ ਖ਼ਾਸ ਕਿਸਮ ਦਾ ਆਟਾ ਵੀ ਤਿਆਰ ਹੁੰਦਾ ਹੈ, ਜਿਸ ਨੂੰ ਭਾਰਤ ਦੇ ਕਈ ਕਬੀਲੇ ਰੋਟੀ ਤੇ ਹੋਰ ਖ਼ੁਰਾਕੀ ਪਦਾਰਥ ਤਿਆਰ ਕਰਨ ਲਈ ਵਰਤਦੇ ਹਨ। ਇਸ ਤੋਂ ਇਲਾਵਾ ਇਸ ਦੇ ਰਸ ਤੋਂ ਪੀਣਯੋਗ ਇਕ ਤਰਲ ਪਦਾਰਥ 'ਤਾੜੀ' ਵੀ ਤਿਆਰ ਕੀਤੀ ਜਾਂਦੀ ਹੈ। ਇਸ ਦੇ ਫੁੱਲ ਦੇ ਸਿਰੇ ਉੱਪਰ ਉੱਗੀ ਛੋਟੀ ਜਿਹੀ ਕਲੀ ਕਈ ਖਣਿਜ ਤੱਤਾਂ ਅਤੇ ਵਿਟਾਮਿਨਾਂ ਨਾਲ ਭਰਪੂਰ ਹੋਣ ਕਾਰਨ ਖਾਣਯੋਗ ਹੁੰਦੀ ਹੈ। ਲੱਕੜ ਕਾਫ਼ੀ ਹੰਢਣਸਾਰ ਹੁੰਦੀ ਹੈ।

### ਖੇਤੀ

ਬਾਗ਼-ਬਗ਼ੀਚਿਆਂ ਵਿਚ ਉੱਗਿਆ ਮੱਛੀ-ਪੂਛਲ ਤਾੜ ਦਾ ਰੁੱਖ ਬੇਹੱਦ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਇਹ ਲਗਪਗ ਹਰ ਤਰ੍ਹਾਂ ਦੀ ਜ਼ਮੀਨ ਵਿਚ ਉਗਾਇਆ ਜਾ ਸਕਦਾ ਹੈ। ਇਸ ਨੂੰ ਗਮਲਿਆਂ ਵਿਚ ਵੀ ਉਗਾਇਆ ਜਾ ਸਕਦਾ ਹੈ ਅਤੇ ਜ਼ਮੀਨ 'ਚ ਲਗਾਇਆ ਗਿਆ ਮੱਛੀ-ਪੂਛਲ ਤਾੜ ਦਾ ਰੁੱਖ 15 ਸਾਲਾਂ ਵਿਚ ਆਪਣਾ ਪੂਰਾ ਆਕਾਰ ਗ੍ਰਹਿਣ ਕਰ ਲੈਂਦਾ ਹੈ ਅਤੇ ਫੁੱਲ ਧਾਰਣ ਕਰਨ ਲਈ ਉਸ ਨੂੰ ਲਗਪਗ ਸੱਤ ਸਾਲ ਦਾ ਹੋਰ ਸਮਾਂ ਲਗਦਾ ਹੈ। ਪਹਿਲੇ ਫੁੱਲ-ਫਲਾਕੇ ਸਮੇਂ ਫੁੱਲਾਂ ਦੇ ਬੇਹੱਦ ਵੱਡੇ ਆਕਾਰ ਦੇ ਗੁੱਛੇ ਨਿਕਲਦੇ ਹਨ, ਜੋ ਰੁੱਖ ਦੇ ਸਿਰੇ ਤੋਂ ਹੇਠਾਂ ਵੱਲ ਨੂੰ ਲਮਕਦੇ ਰਹਿੰਦੇ ਹਨ। ਫੁੱਲਾਂ ਦੇ ਅਜਿਹੇ ਗੁੱਛੇ ਰੁੱਖ ਦੇ ਸਿਰੇ ਤੋਂ ਸ਼ੁਰੂ ਹੋ ਕੇ ਹੇਠਾਂ ਤੋਂ ਹੇਠਾਂ ਅਖ਼ੀਰ ਤਕ ਨਿਕਲਦੇ ਹਨ

• ਫੀਚਰ ਡੈਸਕ

---



# ਧਰਤੀ ਦਾ ਸਰਮਾਇਆ ਰੁੱਖ

• ਸੰਦੀਪ ਆਰੀਆ
98775-61880

ਭਾਰਤੀ ਸੱਭਿਆਚਾਰ ਵਿਚ ਰੁੱਖਾਂ ਨੂੰ ਬੇਹੱਦ ਪੂਜਣਯੋਗ ਮੰਨਿਆ ਜਾਂਦਾ ਹੈ। ਧਰਮ ਗ੍ਰੰਥਾਂ ਵਿਚ ਰੁੱਖਾਂ ਦੀ ਮੌਜੂਦਗੀ ਨੂੰ ਬੇਹੱਦ ਅਹਿਮ ਮੰਨਿਆ ਗਿਆ ਹੈ। ਆਯੁਰਵੇਦ ਪ੍ਰਸੰਨਤਾ ਨੂੰ ਚੰਗੀ ਸਿਹਤ ਦਾ ਆਧਾਰ ਮੰਨਦਾ ਹੈ। ਰੁੱਖ ਜ਼ਮਨ ਨੂੰ ਪ੍ਰਸੰਨ ਤੇ ਸ਼ਾਂਤ ਰੱਖਦੇ ਹਨ। ਆਯੁਰਵੇਦ ਵਿਚ ਰੁੱਖਾਂ ਦੀ ਮੱਹਤਤਾ ਦਾ ਵਿਸਥਾਰ ਨਾਲ ਵਰਨਣ ਸ਼ਾਮਲ ਹੈ। ਰੁੱਖ ਨਕਾਰਾਤਮਕ ਊਰਜਾ ਨੂੰ ਸੋਖ ਕੇ ਮਨ ਨੂੰ ਸ਼ਾਂਤੀ ਪ੍ਰਦਾਨ ਕਰਦੇ ਹਨ। ਜੇ ਰੁੱਖਾਂ ਨੂੰ 'ਨੈਚੁਰਲ ਹੀਲਰ' ਆਖਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।

### ਧਰਮ ਤੇ ਵਿਗਿਆਨ ਦੀ ਨਜ਼ਰ 'ਚ ਰੁੱਖ

ਐਕਸਟਰ ਯੂਨੀਵਰਸਿਟੀ ਦੇ ਵਿਗਿਆਨੀਆਂ ਅਨੁਸਾਰ ਰੁੱਖ ਮਨੁੱਖ ਨੂੰ ਸਿਹਤਮੰਦ ਤੇ ਖ਼ੁਸ਼ ਰੱਖਣ 'ਚ ਮਦਦਗਾਰ ਹਨ। ਇਹ 'ਅਵਸਾਦ', ਚਿੰਤਾ ਤੇ ਹੋਰ ਮਾਨਸਿਕ ਵਿਕਾਰਾਂ ਨੂੰ ਦੂਰ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜਾਪਾਨੀ ਲੋਕ ਜੰਗਲਾਂ 'ਚ ਜਾ ਕੇ 'ਫਾਰੈਸਟ ਬਾਥਿੰਗ' ਕਰਦੇ ਹਨ। ਉਹ ਰੋਜ਼ਾਨਾ ਜੀਵਨ ਦੇ ਕੁਝ ਪਲ ਜੰਗਲਾਂ 'ਚ ਰੁੱਖਾਂ ਅਤੇ ਪੌਦਿਆਂ ਨਾਲ ਬਿਤਾਉਂਦੇ ਹਨ। ਤਾਓਵਾਦ ਵਿਚ ਵੀ ਰੁੱਖਾਂ ਦੀ ਵਡਿਆਈ ਕੀਤੀ ਗਈ ਹੈ। ਤਾਓਵਾਦ ਵਿਚ ਰੁੱਖਾਂ ਤੇ ਪੇੜ-ਪੌਦਿਆਂ ਦਰਮਿਆਨ ਬੈਠ ਕੇ ਧਿਆਨ ਲਗਾਉਣ ਦੀ ਪਰੰਪਰਾ ਹੈ। ਅਮਰੀਕੀ ਵਿਗਿਆਨੀ ਜਿਓਫਰੀ ਡੋਨੋਵਨ ਨੇ ਸਿੱਧ ਕੀਤਾ ਹੈ ਕਿ ਜਿਨ੍ਹਾਂ ਖੇਤਰਾਂ ਵਿਚ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕੀਤੀ ਗਈ ਹੈ ਉੱਥੇ ਦਿਲ ਤੇ ਸਾਹ ਦੇ ਰੋਗਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ 'ਚ ਭਾਰੀ ਵਾਧਾ ਹੋਇਆ ਹੈ। ਅਮਰੀਕੀ ਖੇਤੀਬਾੜੀ ਵਿਭਾਗ ਅਨੁਸਾਰ, 'ਜੰਗਲ ਦਾ ਇਕ ਏਕੜ ਇਲਾਕਾ 6 ਟਨ ਕਾਰਬਨ ਡਾਈਆਕਸਾਈਡ ਗੈਸ ਨੂੰ ਜਜ਼ਬ ਕਰ ਲੈਂਦਾ ਹੈ ਤੇ 4 ਟਨ ਆਕਸੀਜਨ ਪੈਦਾ ਕਰਦਾ ਹੈ। ਆਕਸੀਜਨ ਦੀ ਇਹ ਮਾਤਰਾ 18 ਵਿਅਕਤੀਆਂ ਦੀ ਸਾਲਾਨਾ ਜ਼ਰੂਰਤ ਪੂਰੀ ਕਰਨ ਲਈ ਕਾਫ਼ੀ ਹੈ।

### ਰੁੱਖਾਂ ਦਾ ਕੋਈ ਬਦਲ ਨਹੀਂ

ਰੁੱਖਾਂ ਕਰਕੇ ਹੀ ਵਾਤਾਵਰਨ ਸੰਤੁਲਨ ਬਣਿਆ ਹੋਇਆ ਹੈ। ਮਨੁੱਖ ਦੀ ਚੰਗੀ ਸਿਹਤ ਵੀ ਰੁੱਖਾਂ 'ਤੇ ਨਿਰਭਰ ਹੈ। ਰੁੱਖਾਂ ਦੀ ਅਣਹੋਂਦ ਧਰਤੀ 'ਤੇ ਤਬਾਹੀ ਦਾ ਕਾਰਨ ਬਣ ਜਾਏਗੀ। ਅੱਜ ਵਿਕਾਸ ਦੇ ਨਾਂ 'ਤੇ ਜਿਸ ਅਨੁਪਾਤ 'ਚ ਰੁੱਖ ਵੱਢੇ ਜਾ ਰਹੇ ਹਨ ਜੇ ਇਹ ਵਰਤਾਰਾ ਜਾਰੀ ਰਿਹਾ ਤਾਂ ਧਰਤੀ ਉੱਪਰ ਸਮੁੱਚੇ ਜੀਵਾਂ ਦਾ ਜੀਵਨ ਖ਼ਤਮ ਹੋ ਜਾਣ ਦੀ ਸੰਭਾਵਨਾਵਾਂ ਪੈਦਾ ਹੋ ਜਾਵੇਗੀ। ਰੁੱਖ ਕੁਦਰਤ ਦੀ ਅਜਿਹੀ ਦਾਤ ਹਨ ਜਿਨ੍ਹਾਂ ਦਾ ਹੋਰ ਕੋਈ ਬਦਲ ਸਾਡੇ ਕੋਲ ਨਹੀਂ ਹੈ।

### ਇਕ ਰੁੱਖ ਸੌ ਸੁੱਖ

ਸਾਡੇ ਦੁਆਰਾ ਲਗਾਇਆ ਗਿਆ ਇਕ ਰੁੱਖ ਸਿਰਫ਼ ਸਾਨੂੰ ਹੀ ਨਹੀਂ, ਸਗੋਂ ਆਉਣ ਵਾਲੀਆਂ ਕਈ ਪੀੜ੍ਹੀਆਂ ਨੂੰ ਫ਼ਾਇਦਾ ਦਿੰਦਾ ਹੈ। ਸ਼ਾਇਦ ਇਸੇ ਲਈ ਇਹ ਕਹਾਵਤ ਬਣੀ ਹੈ ਕਿ 'ਇਕ ਰੁੱਖ ਸੌ ਸੁੱਖ।' ਇਨ੍ਹਾਂ ਤੋਂ ਸਾਨੂੰ ਸਾਫ਼ ਹਵਾ, ਬਾਲਣ, ਖਾਣਯੋਗ ਪਦਾਰਥ, ਕੱਪੜੇ, ਜਾਨਵਰਾਂ ਲਈ ਚਾਰਾ ਤੇ ਇਮਾਰਤੀ ਲੱਕੜੀ ਆਦਿ ਵਸਤਾਂ ਪ੍ਰਾਪਤ ਹੁੰਦੀਆਂ ਹਨ।।ਇਹ ਵਾਤਾਵਰਨ ਵਿਚੋਂ ਕਾਰਬਨ ਡਾਈਆਕਸਾਈਡ ਲੈ ਕੇ ਸਾਨੂੰ ਆਕਸੀਜਨ ਦਿੰਦੇ ਹਨ, ਜੋ ਸਭ ਜੀਵਾਂ ਦੇ ਜ਼ਿੰਦਾ ਰਹਿਣ ਲਈ ਬੁਨਿਆਦੀ ਲੋੜ ਹੈ। ਰੁੱਖ ਅਤੇ ਜੰਗਲ ਪੰਛੀਆਂ ਤੇ ਜੰਗਲੀ-ਜੀਵਾਂ ਦੇ ਵੀ ਰੈਣ-ਬਸੇਰੇ ਹਨ। ਇਨ੍ਹਾਂ ਦੀ ਅਣਹੋਂਦ ਕਾਰਨ ਅੱਜ ਜੰਗਲੀ ਜੀਵਾਂ ਦੀਆਂ ਸੈਂਕੜੇ ਪ੍ਰਜਾਤੀਆਂ ਖ਼ਤਮ ਹੋਣ ਕੰਢੇ ਆਣ ਪੁੱਜੀਆਂ ਹਨ।

### ਜ਼ਰੂਰੀ ਹੈ ਜਾਗਰੂਕਤਾ

ਰੁੱਖਾਂ ਤੇ ਜੰਗਲਾਂ ਤੋਂ ਮਿਲਣ ਵਾਲੇ ਇਨ੍ਹਾਂ ਕੁਦਰਤੀ ਵਸੀਲਿਆਂ ਦੇ ਨਿਰੰਤਰ ਲਾਭ ਲਈ ਇਨ੍ਹਾਂ ਦੀ ਸਾਂਭ-ਸੰਭਾਲ ਪ੍ਰਤੀ ਜਾਗਰੂਕਤਾ ਦੀ ਲੋੜ ਹੈ। ਅਸੀਂ ਰੁੱਖਾਂ ਨੂੰ ਬਚਾਉਣਾ ਤਾਂ ਚਾਹੁੰਦੇ ਹਾਂ ਪਰ ਜਿਸ ਪੱਧਰ 'ਤੇ ਉਪਰਾਲੇ ਕੀਤੇ ਜਾਣ ਦੀ ਲੋੜ ਹੈ, ਉਹ ਨਹੀਂ ਕੀਤੇ ਜਾ ਰਹੇ। ਰੁੱਖਾਂ ਦੀ ਅਣਹੋਂਦ ਕਾਰਨ ਜ਼ਮੀਨਦੋਜ਼ ਪਾਣੀ ਜ਼ਹਿਰੀਲਾ ਹੋ ਰਿਹਾ ਹੈ, ਕੁਦਰਤ ਦਾ ਸੰਤੁਲਨ ਵਿਗੜ ਰਿਹਾ ਹੈ, ਮੌਸਮੀ ਤਬਦੀਲੀਆਂ ਖੇਤੀ ਤੇ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਜੜ੍ਹੀ-ਬੂਟੀਆਂ ਦੇ ਰੂਪ 'ਚ ਮੌਜੂਦ ਅਣਮੁੱਲੇ ਖ਼ਜ਼ਾਨਿਆਂ ਤੋਂ ਅਸੀਂ ਵਾਂਝੇ ਹੋ ਰਹੇ ਹਾਂ, ਕਈ ਜੀਵਾਂ ਦੀਆਂ ਪ੍ਰਜਾਤੀਆਂ ਖ਼ਤਮ ਹੋਣ ਵੱਲ ਵਧ ਰਹੀਆਂ ਹਨ। ਰੁੱਖਾਂ ਦੀ ਇਸ ਅਹਿਮੀਅਤ ਕਾਰਨ ਹੀ ਇਨ੍ਹਾਂ ਨੂੰ 'ਹਰਾ ਸੋਨਾ' ਆਖਿਆ ਜਾਂਦਾ ਹੈ। ਸਨਅਤੀ ਖੇਤਰ ਵਿਚ ਵੀ ਰੁੱਖਾਂ ਦਾ ਮਹੱਤਵਪੂਰਨ ਯੋਗਦਾਨ ਹੈ। ਘਰ ਦੇ ਨਿਰਮਾਣ ਲਈ ਉਪਯੋਗੀ ਵਸਤਾਂ ਤੋਂ ਲੈ ਕੇ ਬਹੁਤ ਸਾਰੀਆਂ ਮਨੁੱਖੀ ਲੋੜਾਂ ਦੀ ਪੂਰਤੀ ਰੁੱਖਾਂ ਤੋਂ ਹੀ ਹੁੰਦੀ ਹੈ। ਇਸ ਲਈ ਮਨੁੱਖ ਦਾ ਫ਼ਰਜ਼ ਹੈ ਕਿ ਉਹ ਵੱਧ ਤੋਂ ਵੱਧ ਰੁੱਖ ਲਗਾਏ ਤੇ ਕੁਦਰਤੀ ਵਸੀਲਿਆਂ ਦੀ ਸੰਭਾਲ ਕਰੇ। ਰੁੱਖਾਂ ਦੀ ਧੜਾਧੜ ਕਟਾਈ ਕਾਰਨ ਹਵਾ ਪ੍ਰਦੂਸ਼ਣ ਵਧਣ ਨਾਲ ਸਾਹ ਸਬੰਧੀ ਅਤੇ ਕਈ ਹੋਰ ਗਹਿਰ-ਗੰਭੀਰ ਬਿਮਾਰੀਆਂ ਮਨੁੱਖਾਂ ਤੇ ਦੂਸਰੇ ਜੀਵਾਂ ਨੂੰ ਆਪਣੀ ਜਕੜ 'ਚ ਲੈ ਰਹੀਆਂ ਹਨ।

### ਲਾਭ ਹੀ ਲਾਭ

ਰੁੱਖ ਧਰਤੀ ਦਾ ਸਰਮਾਇਆ ਹਨ।।ਇਹ ਜੀਵਨ ਦਾ ਆਧਾਰ ਹਨ। ਰੁੱਖਾਂ ਬਗ਼ੈਰ ਧਰਤੀ ਉੱਤੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਰੁੱਖਾਂ ਕਾਰਨ ਮਨੁੱਖ ਅਤੇ ਦੂਸਰੇ ਜੀਵ-ਜੰਤੂਆਂ ਦੀਆਂ ਅਨੇਕਾਂ ਜ਼ਰੂਰਤਾਂ ਦੀ ਪੂਰਤੀ ਹੁੰਦੀ ਹੈ। ਰੁੱਖ ਸਾਨੂੰ ਛਾਂ, ਹਵਾ, ਫਲ਼, ਫੁੱਲ, ਲੱਕੜ, ਕਾਗ਼ਜ਼, ਰਬੜ, ਆਯੁਰਵੈਦਿਕ ਦਵਾਈਆਂ ਆਦਿ ਦਿੰਦੇ ਹਨ ਤੇ ਵਾਤਾਵਰਨ ਨੂੰ ਸ਼ੁੱਧ ਰੱਖਣ 'ਚ ਬੇਹੱਦ ਅਹਿਮ ਭੂਮਿਕਾ ਅਦਾ ਕਰਦੇ ਹਨ। ਪਿੱਪਲ, ਬੋਹੜ, ਕਿੱਕਰ, ਅੰਬ, ਟਾਹਲੀ, ਸਫ਼ੈਦਾ, ਅਰਜੁਨ, ਫਲਾਹੀ, ਪਿਲਕਣ, ਪਾਪਲਰ ਆਦਿ ਸੈਂਕੜੇ ਰੁੱਖ ਮਨੁੱਖ ਨੂੰ ਕਈ ਲਾਭ ਦੇ ਰਹੇ ਹਨ। ਰੁੱਖਾਂ ਉੱਤੇ ਕੀਟਾਂ ਅਤੇ ਸੈਂਕੜੇ ਹੋਰ ਜੀਵਾਂ ਦੀਆਂ ਲੱਖਾਂ ਪ੍ਰਜਾਤੀ ਆਪਣਾ ਜੀਵਨ ਬਸਰ ਕਰਦੀਆਂ ਹਨ। ਇਸ ਤਰ੍ਹਾਂ ਰੁੱਖਾਂ ਨਾਲ ਜੀਵ-ਜੰਤੂਆਂ ਦਾ ਜੀਵਨ-ਚੱਕਰ ਵੀ ਜੁੜਿਆ ਹੋਇਆ ਹੈ।ਰੁੱਖ ਲਗਾਉਣ ਨਾਲ ਏਅਰ-ਕੰਡੀਸ਼ਨਰਾਂ, ਮੋਟਰ ਗੱਡੀਆਂ ਅਤੇ ਹੋਰ ਵਸੀਲਿਆਂ ਤੋਂ ਪੈਦਾ ਹੋਣ ਵਾਲੀਆਂ ਹਾਨੀਕਾਰਕ ਗੈਸਾਂ ਦੇ ਬੁਰੇ ਪ੍ਰਭਾਵ ਤੋਂ ਅਸੀਂ ਬਚੇ ਰਹਿ ਸਕਦੇ ਹਾਂ। ਸਾਨੂੰ ਕੁਦਰਤੀ ਰੂਪ ਵਿਚ ਸਾਫ਼ ਤੇ ਸ਼ੁੱਧ ਹਵਾ ਪ੍ਰਾਪਤ ਹੋਵੇਗੀ। ਰੁੱਖਾਂ ਦੀਆਂ ਜੜ੍ਹਾਂ ਮਿੱਟੀ ਨੂੰ ਮਜ਼ਬੂਤੀ ਨਾਲ ਬੰਨ੍ਹ ਕੇ ਰੱਖਦੀਆਂ ਹਨ ਤੇ ਭੂਮੀ-ਖੋਰ ਨੂੰ ਰੋਕਣ 'ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਰੁੱਖਾਂ ਨਾਲੋਂ ਟੁੱਟੇ ਪੱਤੇ ਮਿੱਟੀ ਵਿਚ ਮਿਲ ਕੇ ਕੁਦਰਤੀ ਖਾਦ ਦਾ ਕੰਮ ਕਰਦੇ ਹਨ ਤੇ ਮਿੱਟੀ ਨੂੰ ਸਿਹਤਮੰਦ ਤੇ ਉਪਜਾਊ ਬਣਾਉਂਦੇ ਹਨ। ਰੁੱਖਾਂ ਦੀ ਧੜਾਧੜ ਕਟਾਈ ਅਤੇ ਰਸਾਇਣਾਂ ਦੇ ਮਾੜੇ ਪ੍ਰਭਾਵ ਕਾਰਨ ਅੱਜ ਪੰਜਾਬ ਦੀ ਜ਼ਮੀਨ ਵੀ ਰੇਗਿਸਤਾਨੀ ਮਿੱਟੀ 'ਚ ਤਬਦੀਲ ਹੋਣ ਵੱਲ ਵਧ ਰਹੀ ਹੈ।

ਰੁੱਖ ਵਰਖਾ ਦਾ ਸੰਤੁਲਨ ਬਣਾਈ ਰੱਖਣ 'ਚ ਮਦਦ ਕਰਦੇ ਹਨ। ਸਾਨੂੰ ਛਾਂ ਦਿੰਦੇ ਹਨ ਤੇ ਗਰਮੀ ਦੇ ਪ੍ਰਭਾਵ ਨੂੰ ਘੱਟ ਕਰਦੇ ਹਨ। ਜੇ ਧਰਤੀ ਉੱਤੋਂ ਰੁੱਖਾਂ ਦਾ ਇਹ ਖ਼ਜ਼ਾਨਾ ਇਸੇ ਦਰ ਨਾਲ ਘਟਦਾ ਗਿਆ ਤਾਂ ਗਲੋਬਲ ਵਾਰਮਿੰਗ ਅਤੇ ਸੋਕੇ ਵਰਗੀਆਂ ਸਮੱਸਿਆਵਾਂ ਹੋਰ ਭਿਆਨਕ ਰੂਪ ਲੈ ਲੈਣਗੀਆਂ। ਘਰ ਵਿਚ ਆਪਣੇ ਅਤੇ ਕਿਸੇ ਵੀ ਪਰਿਵਾਰਕ ਮੈਂਬਰ ਦੇ ਜਨਮ ਦਿਨ ਅਤੇ ਖ਼ੁਸ਼ੀ ਦੇ ਦੂਸਰੇ ਮੌਕਿਆਂ 'ਤੇ ਰੁੱਖ ਲਗਾ ਕੇ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰ ਕੇ ਮਨੁੱਖਤਾ ਦੀ ਵੱਡੀ ਸੇਵਾ ਕਰ ਸਕਦੇ ਹਾਂ।

ਧਰਤੀ ਉੱਪਰ ਮਨੁੱਖੀ ਹੋਂਦ ਨੂੰ ਬਚਾਉਣ ਲਈ ਧਰਤੀ ਦੇ ਇਸ ਬਹੁਮੁੱਲੇ ਸਰਮਾਏ ਦੀ ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ। ਜੇ ਮਨੁੱਖ ਨੇ ਸਮਾਂ ਰਹਿੰਦਿਆਂ ਇਸ ਦਿਸ਼ਾ 'ਚ ਆਪਣੇ ਫਰਜ਼ ਨਾ ਪਛਾਣੇ ਤਾਂ ਇਸ ਧਰਤੀ ਉੱਪਰ ਸਮੁੱਚਾ ਜੀਵਨ ਖ਼ਤਰੇ 'ਚ ਪੈ ਜਾਵੇਗਾ। •

---



ਪੰਜਾਬ ਵਿਚ ਪਿਆਜ਼ ਦੀ 450-500 ਕਰੋੜ ਰੁਪਏ ਦੀ ਮੰਗ ਹੈ ਪਰ ਸੂਬੇ ਵਿਚ ਸਿਰਫ਼ 100 ਤੋਂ 125 ਕਰੋੜ ਰੁਪਏ ਦੇ ਪਿਆਜ਼ ਦੀ ਪੈਦਾਵਾਰ ਹੁੰਦੀ ਹੈ। ਬਾਕੀ ਖ਼ਰੀਦ ਦੂਜੇ ਸੂਬਿਆਂ ਤੋਂ ਕੀਤੀ ਜਾਂਦੀ ਹੈ...

# ਪਿਆਜ਼ ਦਾ ਮਿਆਰੀ ਬੀਜ ਤਿਆਰ ਕਰਨ ਦੇ ਅਹਿਮ ਨੁਕਤੇ

• ਅਮਰਜੀਤ ਸਿੰਘ, ਅੰਜੂ ਬਾਲਾ

ਪਿਆਜ਼ ਪੰਜਾਬ ਦੀ ਮਹੱਤਵਪੂਰਨ ਫ਼ਸਲ ਹੈ। ਇਸ ਵਿਚ ਪਾਏ ਜਾਣ ਵਾਲੇ ਐਲੀਸਿਨ, ਐਲੀਨਥਾਇਓਸਲਫੇਟ, ਸਲਫਾਈਟ ਆਦਿ ਤੱਤ ਕੈਂਸਰ, ਸ਼ੂਗਰ ਰੋਗ, ਕੋਲੈਸਟਰੋਲ ਤੇ ਜਿਗਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸਮਰਥਾ ਰੱਖਦੇ ਹਨ। ਪੰਜਾਬ ਦੀਆਂ ਮੰਡੀਆਂ ਵਿਚ ਪਿਆਜ਼ ਦੀ 450-500 ਕਰੋੜ ਰੁਪਏ ਦੀ ਮੰਗ ਹੈ ਪਰ ਸੂਬੇ ਵਿਚ ਸਿਰਫ਼ 100 ਤੋਂ 125 ਕਰੋੜ ਰੁਪਏ ਦੇ ਪਿਆਜ਼ ਦੀ ਹੀ ਪੈਦਾਵਾਰ ਹੁੰਦੀ ਹੈ। ਬਾਕੀ ਖ਼ਰੀਦ ਮਹਾਰਾਸ਼ਟਰ, ਆਂਧਰ ਪ੍ਰਦੇਸ਼ ਤੇ ਦੂਜੇ ਸੂਬਿਆਂ ਤੋਂ ਕੀਤੀ ਜਾਂਦੀ ਹੈ। ਕਿਸਾਨਾਂ ਨੂੰ ਪਿਆਜ਼ ਦੇ ਉੱਤਮ ਬੀਜ ਦੀ ਉਪਲਬਧੀ ਤੇ ਪੌਦ ਸੁਰੱਖਿਆ ਤਕਨੀਕਾਂ ਦੀ ਜਾਣਕਾਰੀ ਦੀ ਘਾਟ ਇਸ ਦੀ ਘੱਟ ਪੈਦਾਵਾਰ ਦਾ ਮੁੱਖ ਕਾਰਨ ਹੈ। ਸੰਗਠਿਤ ਖੇਤਰ ਦੁਆਰਾ ਪਿਆਜ਼ ਦੇ ਬੀਜ ਦੀ ਕੇਵਲ 54 ਫ਼ੀਸਦੀ ਲੋੜ ਪੂਰੀ ਕੀਤੀ ਜਾ ਸਕਦਾ ਹੈ। ਬਾਕੀ ਰਹਿੰਦੀ ਲੋੜ ਕਿਸਾਨਾਂ ਦੁਆਰਾ ਆਪਣੇ ਤੌਰ 'ਤੇ ਬੀਜ ਪੈਦਾ ਕਰ ਕੇ ਪੂਰੀ ਕੀਤੀ ਜਾਂਦੀ ਹੈ। ਪੌਦ ਸੁਰੱਖਿਆ ਦੀ ਬਿਹਤਰ ਜਾਣਕਾਰੀ ਨਾਲ ਤਿਆਰ ਕੀਤਾ ਗਿਆ ਮਿਆਰੀ ਬੀਜ ਬਾਜ਼ਾਰੀ ਮੰਗ ਦੀ ਪੂਰਤੀ ਲਈ ਸਮੇਂ ਦੀ ਮੁੱਖ ਲੋੜ ਹੈ। ਪਿਆਜ਼ ਦੀ ਬੀਜ ਵਾਲੀ ਫ਼ਸਲ ਅਤੇ ਅਨੁਕੂਲ ਮੌਸਮ ਦੌਰਾਨ ਬਿਮਾਰੀਆਂ ਦਾ ਹਮਲਾ ਵਧੇਰੇ ਹੁੰਦਾ ਹੈ। ਆਓ, ਜਾਣਦੇ ਹਾਂ ਪਿਆਜ਼ ਦੇ ਬੀਜ ਦੀ ਪੈਦਾਵਾਰ 'ਤੇ ਮਾੜਾ ਅਸਰ ਪਾਉਣ ਵਾਲੀਆਂ ਕੁਝ ਮੁੱਖ ਬਿਮਾਰੀਆਂ ਬਾਰੇ :

### ਜਾਮਣੀ ਧੱਬਿਆਂ ਦਾ ਰੋਗ

ਇਹ ਇਕ ਉੱਲੀ ਨਾਲ ਰੋਗ ਹੈ, ਜੋ ਲਸਣ ਅਤੇ ਪਿਆਜ਼ ਦੋਵਾਂ ਫ਼ਸਲਾਂ 'ਤੇ ਹਮਲਾ ਕਰਦਾ ਹੈ। ਬੀਜ ਵਾਲੀ ਫ਼ਸਲ 'ਤੇ ਇਸ ਹਮਲਾ ਜ਼ਿਆਦਾ ਹੁੰਦਾ ਹੈ। ਆਮ ਤੌਰ 'ਤੇ ਇਹ ਬਿਮਾਰੀ ਫ਼ਸਲ ਦੇ ਕਿਸੇ ਵੀ ਹਿੱਸੇ 'ਤੇ ਆ ਸਕਦੀ ਹੈ ਪਰ ਫੁੱਲਾਂ ਵਾਲੀਆਂ ਟਹਿਣੀਆਂ 'ਤੇ ਇਸ ਦਾ ਹਮਲਾ ਵਧੇਰੇ ਨੁਕਸਾਨ ਕਰਦਾ ਹੈ। ਬਿਮਾਰੀ ਦੇ ਸ਼ੁਰੂਆਤੀ ਹਮਲੇ ਵੇਲੇ ਪੱਤਿਆਂ ਉੱਪਰ ਪਾਣੀ ਭਿੱਜੇ ਧੱਬੇ ਪੈ ਜਾਂਦੇ ਹਨ। ਜਿਵੇਂ-ਜਿਵੇਂ ਬਿਮਾਰੀ ਵਧਦੀ ਜਾਂਦੀ ਹੈ, ਧੱਬੇ ਅੰਡਾਕਾਰ ਤੇ ਫਿਰ ਅੱਖ ਦੀ ਸ਼ਕਲ ਵਰਗੇ ਹੋ ਕੇ ਜਾਮਣੀ ਰੰਗ ਦੇ ਹੋ ਜਾਂਦੇ ਹਨ। ਸਿੱਲ੍ਹੇ ਮੌਸਮ ਦੌਰਾਨ ਕੁਝ ਦਿਨਾਂ ਵਿਚ ਬਿਮਾਰੀ ਵਾਲੇ ਧੱਬਿਆਂ ਉੱਪਰ ਕਾਲੇ ਰੰਗ ਦੀ ਉੱਲੀ ਦੇ ਕਣ ਪੈਦਾ ਹੋ ਜਾਂਦੇ ਹਨ ਤੇ ਇਹ ਕਣ ਫੁੱਲਾਂ ਵਾਲੀਆਂ ਡੰਡੀਆਂ ਤਕ ਬਿਮਾਰੀ ਨੂੰ ਫੈਲਾ ਦਿੰਦੇ ਹਨ। ਫੁੱਲਾਂ ਵਾਲੀਆਂ ਟਹਿਣੀਆਂ ਭੂਰੀਆਂ ਜਾਂ ਪੀਲੀਆਂ ਪੈ ਜਾਂਦੀਆਂ ਹਨ ਤੇ ਬੀਜ ਬਣਨ ਤੋਂ ਪਹਿਲਾਂ ਹੀ ਮੁਰਝਾ ਜਾਂਦੀਆਂ ਹਨ। ਜੇ ਬੀਜ ਵਾਲੀਆਂ ਟਹਿਣੀਆਂ 'ਤੇ ਬਿਮਾਰੀ ਦਾ ਹਮਲਾ ਬੀਜ ਬਣਨ ਤੋਂ ਬਾਅਦ ਹੋਵੇ ਤਾਂ ਇਹ ਟਹਿਣੀਆਂ ਟੁੱਟ ਜਾਂਦੀਆਂ ਹਨ। ਬੀਜਾਂ ਵਾਲਾ ਫੁੱਲਾਂ ਦਾ ਗੁੱਛਾ ਬੂਟੇ ਤੋਂ ਵੱਖ ਹੋ ਜਾਂਦਾ ਹੈ ਅਤੇ ਬੀਜ ਬੇਜਾਨ ਤੇ ਸੁੰਗੜਿਆ ਹੋਇਆ ਪੈਦਾ ਹੁੰਦਾ ਹੈ। ਥਰਿੱਪ ਦਾ ਹਮਲਾ ਬਿਮਾਰੀ ਨੂੰ ਤੇਜ਼ੀ ਨਾਲ ਵਧਾਉਂਦਾ ਹੈ ਜਿਸ ਨਾਲ ਫ਼ਸਲ ਦਾ 80-85 ਫ਼ੀਸਦੀ ਤਕ ਨੁਕਸਾਨ ਹੋ ਸਕਦਾ ਹੈ। ਇਸ ਬਿਮਾਰੀ ਦੇ ਵਧਣ-ਫੁੱਲਣ ਲਈ 25-28 ਡਿਗਰੀ ਤਾਪਮਾਨ ਤੇ ਸਿੱਲ੍ਹਾ ਮੌਸਮ ਬਹੁਤ ਢੁੱਕਵਾਂ ਹੁੰਦਾ ਹੈ। ਇਸ ਬਿਮਾਰੀ ਦੇ ਕੀਟਾਣੂ ਬੀਜ ਵਿਚ ਚਲੇ ਜਾਂਦੇ ਹਨ ਤੇ ਬਿਮਾਰ ਬੀਜ ਜਲਦੀ ਮਰ ਜਾਂਦਾ ਹੈ।

### ਰੋਕਥਾਮ

ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਬਿਮਾਰੀ ਰਹਿਤ ਬੀਜ ਤੇ ਗੰਢਿਆਂ ਦੀ ਵਰਤੋਂ ਕਰੋ। ਬਿਜਾਈ ਤੋਂ ਪਹਿਲਾਂ ਬੀਜ ਨੂੰ ਕੈਪਟਾਨ ਜਾਂ ਥੀਰਮ ਦਵਾਈ ਨਾਲ 3 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਬਿਮਾਰੀ ਨਜ਼ਰ ਆਉਣ 'ਤੇ ਫ਼ਸਲ ਉੱਪਰ 600 ਗ੍ਰਾਮ ਇੰਡੋਫਿਲ ਐੱਮ-45 ਤੇ 200 ਮਿਲੀਲਿਟਰ ਟਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਇਸ ਤੋਂ ਬਾਅਦ 10 ਦਿਨਾਂ ਦੇ ਵਕਫ਼ੇ 'ਤੇ 3 ਛਿੜਕਾਅ ਹੋਰ ਕਰੋ। ਜ਼ਿਕਰਯੋਗ ਹੈ ਕਿ ਪਿਆਜ਼ ਦੇ ਪੱਤੇ ਵੈਕਸੀ ਜਾਂ ਮੋਮੀ ਹੁੰਦੇ ਹਨ ਜਿਸ ਉੱਪਰ ਉੱਲੀਨਾਸ਼ਕ ਚੰਗੀ ਤਰ੍ਹਾਂ ਚਿਪਕਦੇ ਨਹੀਂ, ਇਸ ਲਈ ਇਨ੍ਹਾਂ ਉੱਲੀਨਾਸ਼ਕਾਂ ਵਿਚ ਟਰਾਈਟੋਨ ਜਾਂ ਅਲਸੀ ਦਾ ਤੇਲ ਮਿਲਾ ਕੇ ਛਿੜਕਾਅ ਕਰਨਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਬਿਮਾਰੀਆਂ ਉੱਪਰ ਚੰਗੀ ਤਰ੍ਹਾਂ ਕਾਬੂ ਪਾਇਆ ਜਾ ਸਕੇ। ਥਰਿੱਪ ਦੇ ਹਮਲੇ ਤੋਂ ਬਚਾਅ ਲਈ 250 ਮਿਲੀਲਿਟਰ ਮੈਲਾਥਿਓਨ 50 ਈਸੀ ਨੂੰ 80 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। •

### ਪੀਲੇ ਧੱਬਿਆਂ ਦਾ ਰੋਗ

ਇਹ ਇਕ ਉੱਲੀ ਰੋਗ ਹੈ। ਅਨੁਕੂਲ ਮੌਸਮ ਵਿਚ ਇਹ ਰੋਗ ਫ਼ਸਲ ਨੂੰ ਤੇਜ਼ੀ ਨਾਲ ਤਬਾਹ ਕਰ ਦਿੰਦਾ ਹੈ। ਇਹ ਬਿਮਾਰੀ ਧੌੜੀਆਂ ਵਿਚ ਸ਼ੁਰੂ ਹੁੰਦੀ ਹੈ ਤੇ ਸਿੱਲ੍ਹ ਵਾਲੇ ਮੌਸਮ 'ਚ ਇਸ ਦਾ ਵਾਧਾ ਜਿਆਦਾ ਹੁੰਦਾ ਹੈ। ਇਸ ਦੇ ਹਮਲੇ ਨਾਲ 30-45 ਦਿਨ ਵਿਚ ਹੀ ਫ਼ਸਲ ਨਸ਼ਟ ਹੋ ਜਾਂਦੀ ਹੈ। ਸਵੇਰ ਸਮੇਂ ਪੱਤਿਆਂ ਉੱਪਰ ਜਾਮਣੀ ਸਲੇਟੀ, ਮਖਮਲੀ ਉੱਲੀ ਦਿਖਾਈ ਦਿੰਦੀ ਹੈ। ਬਿਮਾਰੀ ਵਾਲੇ ਪੱਤੇ ਤੇਜ਼ੀ ਨਾਲ ਪੀਲੇ ਪੈ ਜਾਂਦੇ ਹਨ। ਇਹ ਪੀਲੇ ਧੱਬੇ ਅੰਡਾਕਾਰ ਹੁੰਦੇ ਹਨ ਤੇ ਇਨ੍ਹਾਂ ਉੱਪਰ ਜਾਮਣੀ ਧੱਬਿਆਂ ਦਾ ਰੋਗ ਅਤੇ ਸਟੈਂਮਫਿਲਿਅਮ ਬਲਾਈਟ ਦਾ ਵੀ ਹਮਲਾ ਹੋ ਜਾਂਦਾ ਹੈ। ਅੰਡਾਕਾਰ ਪੀਲੇ ਧੱਬੇ ਫੁੱਲਾਂ ਦੀਆਂ ਡੰਡੀਆਂ 'ਤੇ ਵੀ ਦਿਖਾਈ ਦਿੰਦੇ ਹਨ। ਇਨ੍ਹਾਂ ਧੱਬਿਆਂ 'ਤੇ ਜਾਮਣੀ ਰੰਗ ਦੀ ਉੱਲੀ ਵੀ ਦਿਖਾਈ ਦਿੰਦੀ ਹੈ। ਡੰਡੀਆਂ ਉੱਤੇ ਇਹ ਧੱਬੇ ਬਾਅਦ 'ਚ ਭੂਰੇ ਰੰਗ ਦੇ ਹੋ ਜਾਂਦੇ ਹਨ। ਬਿਮਾਰੀ ਵਾਲੀ ਫੁੱਲਾਂ ਦੀ ਡੰਡੀ ਕਮਜ਼ੋਰ ਹੋ ਕੇ ਟੁੱਟ ਜਾਂਦੀ ਹੈ ਤੇ ਫ਼ਸਲ ਸੜੀ ਹੋਈ ਨਜ਼ਰ ਆਉਂਦੀ ਹੈ।



### ਸਟੈਮਫਿਲਿਅਮ ਬਲਾਈਟ

ਇਸ ਬਿਮਾਰੀ ਨਾਲ ਪੱਤਿਆਂ ਉੱਪਰ ਪੀਲੇ ਭੂਰੇ ਪਾਣੀ ਭਿੱਜੇ ਲੰਬੂਤਰੇ ਧੱਬੇ ਪੈ ਜਾਂਦੇ ਹਨ, ਜੋ ਕਿ ਬਾਅਦ ਵਿਚ ਗੂੜ੍ਹੇ ਭੂਰੇ ਤੇ ਕਾਲੇ ਰੰਗ ਦੇ ਹੋ ਜਾਂਦੇ ਹਨ। ਇਹ ਧੱਬੇ ਆਪਸ 'ਚ ਮਿਲ ਕੇ ਪੱਤੇ ਨੂੰ ਸਾੜ ਦਿੰਦੇ ਹਨ। ਦੂਰੋਂ ਵੇਖਣ 'ਤੇ ਇਹ ਧੱਬੇ ਜਾਮਣੀ ਧੱਬਿਆਂ ਦੇ ਰੋਗ ਵਾਂਗ ਹੀ ਲਗਦੇ ਹਨ। ਇਹ ਬਿਮਾਰੀ ਜਿਆਦਾਤਰ ਪੱਤਿਆਂ 'ਤੇ ਹੀ ਸੀਮਿਤ ਰਹਿੰਦੀ ਹੈ। ਲੰਬੇ ਸਮੇਂ ਤਕ ਗਰਮ ਤੇ ਸਿਲ੍ਹਾ ਮੌਸਮ ਇਸ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੁੰਦਾ ਹੈ। ਥਰਿੱਪ ਦਾ ਹਮਲਾ ਵੀ ਇਸ ਦੇ ਹਮਲੇ 'ਚ ਵਾਧਾ ਕਰਦਾ ਹੈ।



---



# ਪਰਾਲੀ ਵਾਲੇ ਕਣਕ ਦੇ ਖੇਤਾਂ 'ਚ ਕੀੜਿਆਂ ਦੀਆਂ ਸਮੱਸਿਆਵਾਂ

• ਬੇਅੰਤ ਸਿੰਘ, ਕਮਲਜੀਤ ਸਿੰਘ ਸੂਰੀ
99880-95878

ਕਣਕ ਹਾੜ੍ਹੀ ਰੁੱਤ ਦੀ ਮੁੱਖ ਫ਼ਸਲ ਹੈ। ਲਗਪਗ 35 ਲੱਖ ਹੈਕਟੇਅਰ ਰਕਬੇ 'ਚ ਇਸ ਦੀ ਕਾਸ਼ਤ ਕੀਤੀ ਜਾਂਦੀ ਹੈ। ਝੋਨੇ ਦੀ ਕਟਾਈ ਤੇ ਕਣਕ ਦੀ ਬਿਜਾਈ ਦਰਮਿਆਨ ਘੱਟ ਵਕਫ਼ਾ ਹੋਣ ਕਰਕੇ, ਆਮ ਤੌਰ ਤੇ ਪਰਾਲੀ ਨੂੰ ਸਾੜ ਕੇ ਕਣਕ ਦੀ ਬਿਜਾਈ ਕੀਤੀ ਜਾਂਦੀ ਸੀ ਪਰ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਇਸ ਸਾਲ ਵੱਡੇ ਰਕਬੇ ਵਿਚ ਕਣਕ ਦੀ ਬਿਜਾਈ ਪਰਾਲੀ ਨੂੰ ਖੇਤ ਵਿਚ ਵਾਹ ਕੇ ਹੀ ਕੀਤੀ ਗਈ ਹੈ। ਭਾਵੇਂ ਕੁਝ ਕਿਸਾਨ ਬੀਤੇ 6-7 ਸਾਲ ਤੋਂ ਇਸ ਤਰੀਕੇ ਨਾਲ ਕਣਕ ਦੀ ਬਿਜਾਈ ਕਰ ਰਹੇ ਸਨ ਪਰ ਸਰਕਾਰ ਪਾਸੋਂ ਮਿਲੀ ਮਾਲੀ ਮਦਦ ਕਾਰਨ ਇਸ ਸਾਲ ਪਰਾਲੀ ਦੀ ਖੇਤ ਵਿਚ ਵਹਾਈ ਕਰ ਕੇ ਕਣਕ ਬੀਜਣ ਦੇ ਰਕਬੇ ਵਿਚ ਚੋਖਾ ਵਾਧਾ ਹੋਇਆ ਹੈ।

### ਕੀੜਿਆਂ ਦੀ ਰੋਕਥਾਮ

**ਸੈਨਿਕ ਸੁੰਡੀ** : ਇਹ ਕੀੜਾ ਕਈ ਫ਼ਸਲਾਂ ਦਾ ਨੁਕਸਾਨ ਕਰਦਾ ਹੈ। ਕਦੇ-ਕਦੇ ਮਾਰਚ-ਅਪ੍ਰੈਲ ਵਿਚ ਕਣਕ ਉੱਪਰ ਇਸ ਦਾ ਹਮਲਾ ਵੇਖਣ ਨੂੰ ਮਿਲਦਾ ਹੈ ਪਰ ਇਸ ਸਾਲ ਦਸੰਬਰ ਮਹੀਨੇ ਹੀ ਇਸ ਦਾ ਹਮਲਾ ਵੇਖਣ 'ਚ ਆਇਆ ਹੈ। ਇਸ ਦੀ ਨਵੀਂ ਜੰਮੀ ਸੁੰਡੀ ਪੱਤੇ ਖਾਂਦੀ ਹੈ ਤੇ ਵੱਡੀਆਂ ਸੁੰਡੀਆਂ ਪੱਤੇ, ਕਸੀਰ ਤੇ ਸਿੱਟਿਆਂ ਉੱਪਰ ਹਮਲਾ ਕਰਦੀਆਂ ਹਨ। ਇਹ ਸੁੰਡੀ ਦਿਨ ਸਮੇਂ ਝੋਨੇ ਦੇ ਮੁੱਢਾਂ ਤੇ ਜ਼ਮੀਨ ਦੀਆਂ ਤਰੇੜਾਂ ਵਿਚ ਲੁਕੀ ਰਹਿੰਦੀ ਹੈ ਤੇ ਸਵੇਰੇ-ਸ਼ਾਮ ਜਾਂ ਰਾਤ ਵੇਲੇ ਹਮਲਾ ਕਰਦੀ ਹੈ। ਇਸ ਦਾ ਹਮਲਾ ਬੂਟਿਆਂ ਹੇਠ ਪਈਆਂ ਇਸ ਦੀਆਂ ਮੀਂਗਣਾਂ ਤੇ ਸੁੰਡੀਆਂ ਰਾਹੀਂ ਪਛਾਣਿਆ ਜਾ ਸਕਦਾ ਹੈ। ਇਸ ਦੇ ਹਮਲੇ ਸਮੇਂ 400 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਸੂਰਜ ਛਿਪਣ ਤੋਂ ਬਾਅਦ ਕੀਤੀ ਗਈ ਸਪਰੇ ਜ਼ਿਆਦਾ ਕਾਰਗਰ ਹੁੰਦੀ ਹੈ। ਜਿਨ੍ਹਾਂ ਖੇਤਾਂ ਵਿਚ ਪਰਾਲੀ ਜ਼ਿਆਦਾ ਹੋਵੇ, ਕੀਟਨਾਸ਼ਕ ਸਪਰੇਅ ਤੋਂ ਬਾਅਦ ਹੀ ਪਾਣੀ ਲਗਾਓ। ਇਸ ਕੀੜੇ ਦੇ ਪਤੰਗੇ ਦੀ ਆਮਦ ਜਾਣਨ ਲਈ ਲਾਈਟ ਟਰੈਪ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਤਣੇ ਦੀ ਗੁਲਾਬੀ ਸੁੰਡੀ** : ਇਹ ਮੁੱਖ ਤੌਰ 'ਤੇ ਝੋਨੇ ਦਾ ਕੀੜਾ ਹੈ ਪਰ ਕੁਝ ਸਮੇਂ ਤੋਂ ਕਣਕ ਉੱਪਰ ਵੀ ਇਸ ਦਾ ਹਮਲਾ ਵੇਖਣ ਨੂੰ ਮਿਲ ਰਿਹਾ ਹੈ। ਇਸ ਤੋਂ ਇਲਾਵਾ ਇਹ ਕੀੜਾ ਮੱਕੀ ਅਤੇ ਕਮਾਦ ਉੱਪਰ ਵੀ ਹਮਲਾ ਕਰਦਾ ਹੈ। ਇਸ ਦਾ ਹਮਲਾ ਸਭ ਤੋਂ ਵੱਧ 40-50 ਦਿਨ ਦੀ ਕਣਕ ਦੀ ਫ਼ਸਲ ਉੱਪਰ ਵੇਖਣ ਨੂੰ ਮਿਲਦਾ ਹੈ। ਇਸ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣਿਆਂ 'ਚ ਮੋਰੀਆਂ ਕਰ ਕੇ ਅੰਦਰ ਚਲੀਆਂ ਜਾਂਦੀਆਂ ਹਨ ਤੇ ਅੰਦਰੂਨੀ ਮਾਦਾ ਖਾਂਦੀਆਂ ਹਨ ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ ਤੇ ਅਖ਼ੀਰ ਵਿਚ ਮਰ ਜਾਂਦੇ ਹਨ।

ਫ਼ਸਲ ਦੇ ਸਿੱਟੇ ਨਿਕਲਣ ਸਮੇਂ ਇਸ ਦੇ ਹਮਲੇ ਕਾਰਨ ਸਿੱਟੇ ਚਿੱਟੇ ਹੋ ਜਾਂਦੇ ਹਨ ਅਤੇ ਉਨ੍ਹਾਂ ਵਿਚ ਜਾਂ ਤਾਂ ਦਾਣੇ ਬਣਦੇ ਨਹੀਂ ਤੇ ਜੇ ਬਣਦੇ ਹਨ ਤਾਂ ਬਹੁਤ ਬਾਰੀਕ ਰਹਿ ਜਾਂਦੇ ਹਨ। ਇਸ ਦੀ ਰੋਕਥਾਮ ਲਈ 800 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਜੇ ਹਮਲਾ ਧੌੜੀਆਂ ਵਿਚ ਹੋਵੇ ਤਾਂ ਏਕਾਲਕਸ 25 ਈਸੀ (ਕੁਇਨਲਫਾਸ) ਨੂੰ 8 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਵਰਤ ਕੇ ਧੌੜੀਆਂ ਵਿਚ ਛਿੜਕਾਅ ਕਰੋ। •

### ਗੁਲਾਬੀ ਸੁੰਡੀ ਤੇ ਸੈਨਿਕ ਸੁੰਡੀ ਦਾ ਹਮਲਾ

ਜਿਹੜੇ ਕਿਸਾਨ ਬੀਤੇ ਕਾਫ਼ੀ ਸਮੇਂ ਤੋਂ ਇਸ ਤਰੀਕੇ ਨਾਲ ਕਣਕ ਦੀ ਬਿਜਾਈ ਕਰ ਰਹੇ ਹਨ, ਉਹ ਇਸ ਨਾਲ ਜੁੜੀਆਂ ਕੀੜੇ-ਮਕੌੜਿਆਂ ਦੀ ਸਮੱਸਿਆ ਤੋਂ ਭਲੀ ਭਾਂਤੀ ਜਾਣੂ ਹਨ। ਇਸ ਤਕਨੀਕ ਨਾਲ ਨਵੇਂ ਜੁੜੇ ਕਿਸਾਨਾਂ ਲਈ ਇਨ੍ਹਾਂ ਸਮੱਸਿਆਵਾਂ ਨੂੰ ਜਾਨਣਾ ਬੇਹੱਦ ਜ਼ਰੂਰੀ ਹੈ। ਖੇਤੀ ਵਿਗਿਆਨੀਆਂ ਵੱਲੋਂ ਕੀਤੇ ਗਏ ਸਰਵੇਖਣਾਂ ਮੁਤਾਬਿਕ ਪਰਾਲੀ ਵਾਲੇ ਖੇਤਾਂ 'ਚ ਕਣਕ ਦੀ ਫ਼ਸਲ ਚੰਗੀ ਹਾਲਤ ਵਿਚ ਹੈ ਪਰ ਕੁਝ ਖੇਤਾਂ ਵਿਚ ਤਣੇ ਦੀ ਗੁਲਾਬੀ ਸੁੰਡੀ ਦੀ ਸਮੱਸਿਆ ਵੇਖਣ 'ਚ ਆਈ ਹੈ। ਇਸ ਤੋਂ ਇਲਾਵਾ ਪਟਿਆਲਾ ਤੇ ਕਪੂਰਥਲਾ ਵਿਖੇ ਕੁਝ ਖੇਤਾਂ 'ਚ ਸੈਨਿਕ ਸੁੰਡੀ ਵੀ ਵੇਖਣ ਨੂੰ ਮਿਲੀ। ਆਮ ਤੌਰ ਤੇ ਸੈਨਿਕ ਸੁੰਡੀ ਦਾ ਹਮਲਾ ਮਾਰਚ-ਅਪ੍ਰੈਲ 'ਚ ਹੁੰਦਾ ਹੈ ਪਰ ਇਸ ਸਾਲ ਪਹਿਲੀ ਵਾਰ ਇਸ ਸੁੰਡੀ ਦਾ ਹਮਲਾ ਦਸੰਬਰ ਮਹੀਨੇ ਵਿਚ ਵੇਖਣ ਨੂੰ ਮਿਲਿਆ ਹੈ। ਕਿਸਾਨ ਨੂੰ ਚਾਹੀਦਾ ਹੈ ਕਿ ਉਹ ਕੀੜੇਮਾਰ ਦਵਾਈਆਂ ਦੀ ਬੇਲੋੜੀ ਵਰਤੋਂ ਨਾ ਕਰਨ ਤੇ ਨਿਰੰਤਰ ਖੇਤਾਂ ਵਿਚ ਕੀੜੇ-ਮਕੌੜਿਆਂ ਦੀ ਆਮਦ ਸਬੰਧੀ ਜਾਇਜ਼ਾ ਲੈਂਦੇ ਰਹਿਣ ਤੇ ਹਮਲਾ ਹੋਣ 'ਤੇ ਹੀ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨ।



---



ਰੂੜੀ ਦੀ ਖ਼ਾਦ 'ਚ ਮੌਜੂਦ ਕੁਦਰਤੀ ਤੱਤ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ ਉਥੇ ਰਸਾਇਣਕ ਖਾਦਾਂ 'ਤੇ ਹੋਣ ਵਾਲੇ ਖ਼ਰਚਿਆਂ ਦੀ ਬੱਚਤ ਵੀ ਹੁੰਦੀ ਹੈ...

# ਖੇਤੀ ਖ਼ਰਚੇ ਘਟਾਏ ਰੂੜੀ ਦੀ ਖਾਦ

• ਡਾ. ਨਰੇਸ਼ ਕੁਮਾਰ ਗੁਲਾਟੀ
97812-62255

ਫ਼ਸਲ ਦਾ ਵਧੇਰੇ ਝਾੜ ਲੈਣ ਲਈ ਅਸੀਂ ਰਸਾਇਣਕ ਖਾਦਾਂ ਦਾ ਵਰਤੋਂ ਤਾਂ ਕਰਦੇ ਹਾਂ ਪਰ ਇਹ ਗੱਲ ਵੀ ਬੜੀ ਅਹਿਮ ਹੈ ਕਿ ਰਸਾਇਣਾਂ ਦੀ ਵਧੇਰੇ ਵਰਤੋਂ ਕਾਰਨ ਖੇਤੀ ਖ਼ਰਚਿਆਂ 'ਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਵਾਤਾਵਰਨ ਪ੍ਰਦੂਸ਼ਣ ਵਧਦਾ ਹੈ ਤੇ ਉਪਜ ਦੇ ਮਿਆਰ ਵਿਚ ਵੀ ਗਿਰਾਵਟ ਆਉਂਦੀ ਹੈ। ਪੰਜਾਬ ਵਿਚ ਇਸ ਸਮੇਂ ਪ੍ਰਤੀ ਹੈਕਟੇਅਰ 243 ਕਿੱਲੋ ਰਸਾਇਣਕ ਖਾਦਾਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ ਤੇ ਇਹ ਦਰ ਦੇਸ਼ ਵਿਚ ਸਭ ਤੋਂ ਜ਼ਿਆਦਾ ਹੈ।

### ਫ਼ਸਲਾਂ ਲਈ ਲੋੜੀਂਦੇ 17 ਖ਼ੁਰਾਕੀ ਤੱਤ

ਵਧ ਰਹੀ ਆਬਾਦੀ ਤੇ ਵਧੇਰੇ ਝਾੜ ਲੈਣ ਲਈ ਭਾਵੇਂ ਸਾਨੂੰ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ ਪਰ ਇਨ੍ਹਾਂ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕੀਤੀ ਜਾਣੀ ਹੀ ਸਹੀ ਹੈ। ਫ਼ਸਲਾਂ ਲਈ ਖ਼ੁਰਾਕੀ ਤੱਤਾਂ ਦੀ ਲੋੜ ਅਨੁਸਾਰ ਪੂਰਤੀ ਲਈ ਅੱਜ ਕੱਲ੍ਹ ਸਰਵਪੱਖੀ ਖ਼ੁਰਾਕੀ ਤੱਤਾਂ ਦੇ ਪ੍ਰਬੰਧ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ। ਮਾਹਿਰਾਂ ਅਨੁਸਾਰ ਫ਼ਸਲ ਦੇ ਸਹੀ ਵਾਧੇ ਲਈ ਬੂਟਿਆਂ ਨੂੰ ਕਰੀਬ 17 ਖ਼ੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ। ਇਨ੍ਹਾਂ ਤੱਤਾਂ ਦੀ ਪੂਰਤੀ ਲਈ ਰਸਾਇਣਕ ਖਾਦਾਂ ਰਾਹੀਂ ਅਸੀਂ ਨਾਈਟ੍ਰੋਜਨ, ਫਾਸਫੋਰਸ ਜਾਂ ਪੋਟਾਸ਼ ਦੀ ਵਰਤੋ ਤਾਂ ਕਰਦੇ ਹਾਂ ਪਰ ਦੂਸਰੇ ਅਹਿਮ ਤੱਤਾਂ ਦੀ ਪੂਰਤੀ ਵੱਲ ਅਸੀ ਵਧੇਰੇ ਧਿਆਨ ਨਹੀ ਦਿੰਦੇ, ਨਤੀਜੇ ਵਜੋਂ ਕਈ ਵਾਰ ਬਿਮਾਰੀ ਦੇ ਹਮਲੇ ਤੇ ਖ਼ੁਰਾਕੀ ਤੱਤਾਂ ਦੀ ਘਾਟ ਕਾਰਨ ਝਾੜ 'ਚ ਕਮੀ ਆ ਜਾਂਦੀ ਹੈ।

### ਰੂੜੀ ਦੀ ਖ਼ਾਦ ਤਿਆਰ ਕਰਨਾ

ਰੂੜੀ ਦੀ ਖਾਦ ਨੂੰ ਬਣਾਉਣ ਲਈ ਟੋਇਆ ਦੀ ਵਰਤੋਂ ਕਰੋ। ਤਿੰਨ ਤੋਂ ਪੰਜ ਪਸ਼ੂਆਂ ਦੇ ਮਲ-ਮੂਤਰ ਲਈ 6-7 ਮੀਟਰ ਲੰਬਾ, ਇਕ ਤੋਂ ਡੇਢ ਮੀਟਰ ਚੌੜਾ ਤੇ ਇਕ ਮੀਟਰ ਡੂੰਘਾ ਟੋਇਆ ਕਾਫ਼ੀ ਹੈ। ਟੋਏ ਦਾ ਆਕਾਰ ਗੋਹੇ ਦੀ ਉਪਲਬਧਤਾ ਅਨੁਸਾਰ ਘੱਟ-ਵੱਧ ਵੀ ਕੀਤਾ ਸਕਦਾ ਹੈ। ਟੋਏ ਨੂੰ ਗੋਬਰ, ਮਲ-ਮੂਤਰ, ਘਾਹ-ਫੂਸ, ਪੱਤਿਆ ਆਦਿ ਨਾਲ ਭਰ ਕੇ ਜ਼ਮੀਨ ਦੇ ਪੱਧਰ ਤੋਂ ਡੇਢ-ਦੋ ਫੁੱਟ ਉੱਚਾ ਹੋ ਜਾਣ 'ਤੇ ਇਸ ਉੱਪਰ ਗੋਹੇ ਤੇ ਮਿੱਟੀ ਦਾ ਪਤਲਾ ਲੇਪ ਕਰ ਦੇਵੋ। 3-4 ਮਹੀਨੇ ਵਿਚ ਟੋਏ ਵਿਚਲੇ ਪਦਾਰਥ ਬਿਹਤਰੀਨ ਰੂੜੀ ਖਾਦ ਦਾ ਰੂਪ ਲੈ ਲੈਂਦੇ ਹਨ। ਇਕ ਟੋਏ ਤੋਂ 5 ਤੋਂ 6 ਟਨ ਰੂੜੀ ਖਾਦ ਤਿਆਰ ਹੁੰਦੀ ਹੈ। ਰੂੜੀ ਖਾਦ ਤਿਆਰ ਕਰਨ ਦੇ ਇਹ ਹੋਰ ਤਰੀਕੇ ਰਾਹੀਂ ਜ਼ਮੀਨ ਦੇ ਉੱਪਰ 10 ਫੁੱਟ×6 ਫੁੱਟ×3 ਫੁੱਟ ਦਾ ਟੋਇਆ 9 ਇੰਚ ਮੋਟੀ ਦੀਵਾਰ ਬਣਾ ਕੇ ਤਿਆਰ ਕੀਤਾ ਜਾਂਦਾ ਹੈ। ਇਸ ਦੀਆਂ ਦੀਵਾਰਾਂ ਵਿਚ ਹਵਾ ਦੇ ਸੰਚਾਰ ਵਾਸਤੇ 7 ਇੰਚ ਦੀਆਂ ਮੋਰੀਆਂ ਰੱਖੀਆਂ ਜਾਂਦੀਆਂ ਹਨ। ਇਸ ਨਾਲ ਹਵਾ ਉਸਾਰੇ ਗਏ ਢਾਂਚੇ ਦੇ ਅੰਦਰ ਜਾਂਦੀ ਰਹਿੰਦੀ ਹੈ ਅਤੇ ਕਾਫ਼ੀ ਘੱਟ ਸਮੇਂ ਵਿਚ ਰੂੜੀ ਦੀ ਖਾਦ ਤਿਆਰ ਕੀਤੀ ਜਾ ਸਕਦੀ ਹੈ।

### ਰੂੜੀ ਦੀ ਖ਼ਾਦ ਦੇ ਹੋਰ ਬਦਲ

ਇਕ ਸਿਹਤਮੰਦ ਪਸ਼ੂ ਸਾਲ ਵਿਚ 40 ਕਿੱਲੋਮ ਨਾਈਟ੍ਰੋਜਨ, 31-35 ਕਿੱਲੋ ਪੋਟਾਸ਼ ਤੇ ਹੋਰ ਤੱਤ ਗੋਹੇ ਤੇ ਮਲ-ਮੂਤਰ ਰਾਹੀਂ ਸਰੀਰ 'ਚੋਂ ਖਾਰਜ ਕਰਦਾ ਹੈ। ਇਸ ਤੋ ਇਲਾਵਾ ਪੋਲਟਰੀ ਫਾਰਮ, ਪ੍ਰੈੱਸ-ਮਡ, ਕੰਮਪੋਸਟ ਆਦਿ ਦਾ ਇਸਤੇਮਾਲ ਕਰ ਕੇ ਵੀ ਰੂੜੀ ਦੀ ਖਾਦ ਤਿਆਰ ਕੀਤੀ ਜਾ ਸਕਦੀ ਹੈ। ਪਸ਼ੂਆਂ ਦੀ ਗਿਣਤੀ ਅਨੁਸਾਰ 2 ਤੋਂ 3 ਟੋਏ ਪੁੱਟਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਰੂੜੀ ਖਾਦ ਦੀ ਪੂਰਤੀ ਨਿਰਵਿਘਨ ਜਾਰੀ ਰੱਖੀ ਜਾ ਸਕੇ। ਅੱਜ ਕੱਲ੍ਹ ਗੰਡੋਇਆਂ ਰਾਹੀਂ ਵੀ ਰੂੜੀ ਦੀ ਖਾਦ ਤਿਆਰ ਕੀਤੀ ਜਾ ਰਹੀ ਹੈ। ਇਹ ਖਾਦ ਜਲਦੀ ਤਿਆਰ ਹੁੰਦੀ ਹੈ ਤੇ ਇਸ ਦੀ ਵਿਕਰੀ ਸਹਾਇਕ ਕਿੱਤੇ ਦਾ ਰੂਪ ਵੀ ਅਖ਼ਤਿਆਰ ਕਰ ਰਹੀ ਹੈ। ਬਹੁਤ ਸਾਰੇ ਨੌਜਵਾਨ ਵਰਮੀਕੰਪੋਸਟ ਤੇ ਗੜੋਇਆਂ ਆਦਿ ਦੀ ਵਿਕਰੀ ਕਰ ਕੇ ਚੰਗਾ ਲਾਭ ਕਮਾ ਰਹੇ ਹਨ।



### ਸਰਵਪੱਖੀ ਤੱਤ ਪ੍ਰਬੰਧ

ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਸੱਮਸਿਆ ਦੇ ਹੱਲ ਲਈ ਫ਼ਸਲਾਂ ਨੂੰ ਖਾਦਾਂ ਦੀ ਵਰਤੋਂ ਸਰਵਪੱਖੀ ਤੱਤਾਂ ਦੇ ਪ੍ਰਬੰਧ ਦੇ ਆਧਾਰ 'ਤੇ ਕੀਤੀ ਜਾਵੇ। ਇਸ ਫਾਰਮੂਲੇ ਵਿਚ ਰੂੜੀ ਦੀਆਂ ਖਾਦਾਂ ਦਾ ਇਸਤੇਮਾਲ ਅਹਿਮ ਹੈ। ਪਸ਼ੂਆਂ ਦੇ ਗੋਬਰ ਤੇ ਮਲ-ਮੂਤਰ ਵਿਚ ਕੁਦਰਤੀ ਤੌਰ 'ਤੇ ਫ਼ਸਲਾਂ ਦੇ ਵਾਧੇ ਲਈ ਲੋੜੀਂਦੇ ਕਰੀਬ ਸਾਰੇ ਖ਼ੁਰਾਕੀ ਤੱਤ ਹੁੰਦੇ ਹਨ। ਪਿੰਡਾਂ ਵਿਚ ਜ਼ਿਆਦਾਤਰ ਕਿਸਾਨਾਂ ਕੋਲ ਪਸ਼ੂ ਤਾਂ ਹਨ ਪਰ ਅਸੀਂ ਪਸ਼ੂਆਂ ਦੇ ਗੋਬਰ ਨੂੰ ਜਾਇਆ ਕਰ ਦਿੰਦੇ ਹਾਂ। ਗੋਬਰ ਦੀ ਵਰਤੋਂ ਜੇ ਰੂੜੀ ਖਾਦ ਲਈ ਕੀਤੀ ਜਾਵੇ ਤਾਂ ਵਾਧੂ ਖੇਤੀ ਖ਼ਰਚਿਆਂ ਉੱਪਰ ਰੋਕ ਦੇ ਨਾਲ-ਨਾਲ ਕਈ ਅਹਿਮ ਫ਼ਾਇਦੇ ਹੋ ਸਕਦੇ ਹਨ। ਰੂੜੀ ਖ਼ਾਦ ਦੇ ਗੁਣਾਂ ਦੇ ਆਧਾਰ 'ਤੇ ਹੀ ਮਾਹਿਰ ਇਸ ਨੂੰ 'ਕਾਲਾ ਸੋਨਾ' ਆਖਦੇ ਹਨ।

### ਦੇਸੀ ਖਾਦ ਦੇ ਫ਼ਾਇਦੇ

- ਰੂੜੀ ਦੀ ਖਾਦ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਦੀ ਹੈ ਅਤੇ ਜਮੀਨ ਦੀ ਭੌਤਿਕ, ਰਸਾਇਣਿਕ ਤੇ ਜੈਵਿਕ ਸ਼ਕਤੀ 'ਚ ਸੁਧਾਰ ਕਰਦੀ ਹੈ।
- ਰੂੜੀ ਦੀ ਖਾਦ ਦੀ ਵਰਤੋ ਨਾਲ ਪਾਣੀ ਨੂੰ ਸੰਭਾਲਣ ਦੀ ਜ਼ਮੀਨ ਦੀ ਸ਼ਕਤੀ 'ਚ ਸੁਧਾਰ ਹੁੰਦਾ ਹੈ।
- ਇਹ ਜ਼ਮੀਨ ਦੀ ਭੋਇੰ-ਖੋਰ ਨੂੰ ਰੋਕਦੀ ਹੈ।
- ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਵਿਚ 1.2 ਤੋਂ 2 ਫ਼ੀਸਦੀ ਨਾਈਟ੍ਰੋਜਨ, 0.5 ਤੋਂ 0.7 ਫ਼ੀਸਦੀ ਫਾਸਫੋਰਸ ਤੇ 1.2 ਤੋ 2.6 ਫ਼ੀਸਦੀ ਪੋਟਾਸ਼ ਤੱਤ ਦਾ ਹੈ। ਇਸ ਤੋ ਇਲਾਵਾ ਰੂੜੀ ਵਿਚ 0.2 ਤੋ 3.8 ਫ਼ੀਸਦੀ ਕੈਲਸ਼ੀਅਮ, 0.2 ਤੋ 0.7 ਫ਼ੀਸਦੀ ਮੈਗਨੀਸ਼ੀਅਮ ਤੇ 0.3 ਤੋ 0.5 ਫ਼ੀਸਦੀ ਗੰਧਕ ਤੱਤ ਵੀ ਹੁੰਦਾ ਹੈ। ਇਸ ਤੋਂ ਇਲਾਵਾ ਰੂੜੀ ਦੀ ਖਾਦ ਵਿਚ ਕਰੀਬ 100 ਮਿਲੀਗ੍ਰਾਮ ਪ੍ਰਤੀ ਕਿੱਲੋ ਜ਼ਿੰਕ, 200 ਤੋ 3500 ਮਿਲੀਗ੍ਰਾਮ ਪ੍ਰਤੀ ਕਿੱਲੋ ਲੋਹਾ, 100-300 ਮਿਲੀਗ੍ਰਾਮ ਪ੍ਰਤੀ ਕਿੱਲੋ ਮੈਂਗਨੀਜ਼, ਬੋਰੋਨ, ਮੋਲੀਬਡੀਨਮ, ਤਾਂਬਾ ਆਦਿ ਤੱਤ ਵੀ ਹੁੰਦੇ ਹਨ।
- ਰੂੜੀ ਵਿਚ ਵਧੇਰੇ ਜੈਵਿਕ ਕਾਰਬਨ ਹੋਣ ਕਾਰਨ ਇਹ ਜ਼ਮੀਨ ਵਿਚ ਸੂਖ਼ਮ ਜੀਵਾਂ ਦੇ ਵਾਧੇ 'ਚ ਸਹਾਈ ਹੁੰਦੀ ਹੈ ਤੇ ਇਸ ਨਾਲ ਜ਼ਮੀਨ ਵਿਚ ਨਾ ਉਪਲਬਧ ਖ਼ੁਰਾਕੀ ਤੱਤ ਸੌਖਿਆਂ ਹੀ ਉਪਲਬਧ ਹੋ ਜਾਂਦੇ ਹਨ।
- ਰੂੜੀ 'ਚ ਮੌਜੂਦ ਖ਼ੁਰਾਕੀ ਤੱਤ ਹੌਲੀ-ਹੌਲੀ ਫ਼ਸਲਾਂ ਨੂੰ ਉਪਲਬਧ ਹੁੰਦੇ ਹਨ, ਜਿਸ ਨਾਲ ਲੰਬੇ ਸਮੇਂ ਤਕ ਫ਼ਸਲਾਂ ਨੂੰ ਖ਼ੁਰਾਕ ਮਿਲਦੀ ਰਹਿੰਦੀ ਹੈ। ਮਾਹਿਰਾਂ ਅਨੁਸਾਰ 6 ਟਨ ਪ੍ਰਤੀ ਏਕੜ ਰੂੜੀ ਖਾਦ ਵਰਤਣ ਨਾਲ ਝੋਨੇ ਤੇ ਮੱਕੀ ਵਿਚ 16 ਕਿੱਲੋ ਤੇ ਕਣਕ ਵਿਚ 12 ਕਿੱਲੋ ਨਾਈਟ੍ਰੋਜਨ ਅਤੇ 6 ਕਿੱਲੋ ਫਾਸਫੋਰਸ ਦੀ ਵਰਤੋਂ ਸਿੱਧੇ ਤੌਰ 'ਤੇ ਘਟਾਈ ਜਾ ਸਕਦੀ ਹੈ। •

# ਵਿਕਾਸ ਕੇਂਦਰ ਭੂਨਾ ਵਿੱਚ ਕਿਸਾਨਾਂ ਦਾ ਸਨਮਾਨ




**ਟੋਹਾਣਾ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਅਮਰੂਦ ਵਿਕਾਸ ਕੇਂਦਰ ਭੂਨਾ ਵਿੱਚ ਕਿਸਾਨਾਂ ਨੂੰ ਬਾਗਬਾਨੀ ਵੱਲ ਪ੍ਰੇਰਿਤ ਕਰਨ ਲਈ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਹਰਿਆਣਾ ਖੇਤੀਬਾੜੀ ਦੇ ਵਿਗਿਆਨੀ, ਜ਼ਿਲ੍ਹਾ ਬਾਗਬਾਨੀ ਅਫ਼ਸਰਾਂ ਤੋਂ ਇਲਾਵਾ ਸੂਬੇ ਦੇ 1100 ਬਾਗਬਾਨੀ ਕਿਸਾਨਾਂ ਨੇ ਹਾਜ਼ਰੀ ਲਵਾਈ। ਫਤਿਹਾਬਾਦ ਵਿਧਾਇਕ ਦੂੜਾ ਰਾਮ ਨੇ ਸਮਾਗਮ ਵਿੱਚ ਸੂਬੇ ਦੇ ਅਮਰੂਦ ਦੀ ਫ਼ਸਲ ਲਈ ਪਾਏਦਾਰ ਕੰਮ ਕਰਨ ਵਾਲੇ ਪੰਜ ਕਿਸਾਨਾਂ ਬਲਵਾਨ ਸਿੰਘ ਹਿਸਾਰ, ਵਿਜੈ ਸ਼ਰਮਾ ਹਿਸਾਰ, ਫਤਿਹਾਬਾਦ ਦੇ ਧੀਰਜ, ਵਿਰੇਂਦਰ ਰੋਹਤਕ ਨੂੰ 11-11 ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਪੰਜ ਕਿਸਾਨਾਂ ਪੰਕਜ ਹਿਸਾਰ, ਜਿਤੇਂਦਰ ਰੋਹਤਕ, ਪ੍ਰਵੀਪ ਤੇ ਨਵਦੀਪ ਫਤਿਹਾਬਾਦ, ਰੇਖਾ ਭਾਟੀਆ ਸਿਰਸਾ ਨੂੰ 5-5 ਹਜ਼ਾਰ ਦੇ ਨਕਦ ਇਨਾਮ ਦੇ ਕੇ ਸਨਮਾਨਿਆ।

ਵਿਧਾਇਕ ਨੇ ਭੂਨਾ ਅਮਰੂਦ ਖੋਜ ਕੇਂਦਰ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਸ ਨਾਲ ਜਿਥੇ ਸੂਬੇ ਦੇ ਕਿਸਾਨਾਂ ਨੂੰ ਭਰਵਾਂ ਲਾਭ ਹੋਇਆ ਹੈ, ਉਥੇ ਹੀ ਫਤਿਹਾਬਾਦ ਵਿੱਚ ਅਮਰੂਦ ਦੀ ਕ੍ਰਾਂਤੀ ਆਈ ਹੈ। ਖੇਤੀਬਾੜੀ 'ਵਰਸਿਟੀ ਹਿਸਾਰ ਦੇ ਵਿਗਿਆਨੀਆਂ ਦੀ ਟੀਮ ਨੇ ਅਮਰੂਦ ਦੀ ਫਸਲ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਸਪਰੇਅ ਸਬੰਧੀ ਜਾਣਕਾਰੀ ਤੇ ਲਿਟਰੇਚਰ ਵੰਡਿਆ। ਬਾਗਬਾਨੀ ਵਿਭਾਗ ਦੇ ਡਾਇਰੈਕਟਰ ਡਾ. ਰਣਬੀਰ ਸਿੰਘ ਤੇ ਵਧੀਕ ਡਾਇਰੈਕਟਰ ਧਰਮ ਸਿੰਘ ਯਾਦਵ ਨੇ ਕਿਹਾ ਕਿ ਅਮਰੂਦ ਨਰਸਰੀ ਹਿਸਾਰ ਵਿੱਚ ਸਫੈਦਾ ਤੇ ਅਮਰੂਦ ਦੇ ਪੌਦੇ ਕਿਸਾਨਾਂ ਲਈ ਉਪਲਬੱਧ ਹਨ। ਬਾਗ ਲਾਉਣ ਵਾਲੇ ਕਿਸਾਨਾਂ ਨੂੰ ਸੂਬਾ ਸਰਕਾਰ 50 ਤੋਂ 85 ਪ੍ਰਤੀਸ਼ਤ ਰਾਸ਼ੀ ਦੇ ਰਹੀ ਹੈ ਤੇ ਕਿਸਾਨਾਂ ਨੂੰ ਖਾਦਾਂ, ਮਿੱਟੀ ਤੇ ਪਾਣੀ ਦੀ ਟੈਸਟਿੰਗ ਬਾਰੇ ਖੇਤ ਵਿੱਚ ਪੁੱਜ ਕੇ ਜਾਣਕਾਰੀ ਦਿੱਤੀ ਜਾ ਰਹੀ ਹੈ।

# ਬਿਜਲੀ ਮੁਲਾਜ਼ਮਾਂ ਵੱਲੋਂ ਐੱਸਡੀਓ ਦਫ਼ਤਰ 'ਚ ਧਰਨਾ ਜਾਰੀ



**ਰਤੀਆ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਬਿਜਲੀ ਨਿਗਮ ਦੀ ਰਤੀਆ ਸਬ-ਅਰਬਨ ਸਬ-ਡਿਵੀਜ਼ਨ ਵਿਚ ਤਾਇਨਾਤ ਲਾਈਨਮੈਨ ਦੀ ਬਦਲੀ ਕੀਤੇ ਜਾਣ ਵਿਰੁੱਧ ਅੱਜ ਪੰਜਵੇਂ ਦਿਨ ਵੀ ਆਲ ਹਰਿਆਣਾ ਪਾਵਰ ਕਾਰਪੋਰੇਸ਼ਨ ਵਰਕਰਜ਼ ਯੂਨੀਅਨ ਨੇ ਐੱਸਡੀਓ ਦਫ਼ਤਰ ਦੇ ਬਾਹਰ ਧਰਨਾ ਦਿੱਤਾ। ਹੜਤਾਲ ਦੌਰਾਨ ਮੁਲਾਜ਼ਮਾਂ ਨੇ ਅਧਿਕਾਰੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਬਦਲੀ ਖ਼ਿਲਾਫ਼ ਰੋਸ ਪ੍ਰਗਟਾਇਆ। ਹੜਤਾਲ ਦੀ ਅਗਵਾਈ ਸਬ ਯੂਨਿਟ ਸਕੱਤਰ ਪ੍ਰੇਮ ਸ਼ਰਮਾ ਨੇ ਕੀਤੀ ਅਤੇ ਪ੍ਰਧਾਨਗੀ ਸਬ-ਅਰਬਨ ਸਬ-ਯੂਨਿਟ ਦੇ ਮੀਤ ਪ੍ਰਧਾਨ ਸਤਪਾਲ ਸਿੰਘ ਨੇ ਕੀਤੀ। ਅੱਜ ਦੇ ਧਰਨੇ ਵਿੱਚ ਫਤਿਹਾਬਾਦ ਯੂਨਿਟ ਦੇ ਮੁਖੀ ਅਮਿਤ ਸ਼ਰਮਾ ਨੇ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਮੁੱਖ ਬੁਲਾਰੇ ਨੇ ਕਿਹਾ ਕਿ ਝੂਠੇ ਦੋਸ਼ਾਂ ਅਤੇ ਦਬਾਅ ਕਾਰਨ ਹਾਂਸਪੁਰ ਸ਼ਿਕਾਇਤ ਕੇਂਦਰ ਵਿੱਚ ਤਾਇਨਾਤ ਲਾਈਨਮੈਨ ਦੀਪਕ ਦੀ ਬਦਲੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਯੂਨਿਟ ਵੱਲੋਂ ਇਸ ਸਬੰਧੀ 2-3 ਵਾਰ ਉੱਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਜਾ ਚੁੱਕੀ ਹੈ ਪਰ ਕੋਈ ਗੱਲ ਸਿਰੇ ਨਹੀਂ ਚੜ੍ਹ ਸਕੀ। ਉਨ੍ਹਾਂ ਦੱਸਿਆ ਕਿ ਜੇਕਰ ਜਲਦੀ ਹੀ ਬਦਲੀ ਰੱਦ ਨਾ ਕੀਤੀ ਗਈ ਤਾਂ ਇਕਾਈ ਪੱਧਰੀ ਮੀਟਿੰਗ ਕਰ ਕੇ ਭਵਿੱਖ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ ਅਤੇ ਸੰਭਾਵਨਾ ਹੈ ਕਿ ਇਹ ਧਰਨਾ ਐੱਸਈ ਦਫਤਰ ਵਿੱਚ ਸ਼ੁਰੂ ਕੀਤਾ ਜਾਵੇਗਾ, ਜਿਸ ਵਿਚ ਫਤਿਹਾਬਾਦ ਮੰਡਲ ਦੇ ਸਮੂਹ ਸਾਥੀ ਸ਼ਾਮਲ ਹੋਣਗੇ।

# ਰਾਸ਼ਟਰਪਤੀ ਵੱਲੋਂ ਸੂਰਜਕੁੰਡ ਕੌਮਾਂਤਰੀ ਮੇਲੇ ਦਾ ਆਗਾਜ਼



**ਫਰੀਦਾਬਾਦ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਹਰਿਆਣਾ ਦੇ ਸੂਰਜਕੁੰਡ ਵਿੱਚ 37ਵੇਂ ਸੂਰਜਕੁੰਡ ਕੌਮਾਂਤਰੀ ਸ਼ਿਲਪਕਾਰੀ ਮੇਲੇ-2024 ਦਾ ਉਦਘਾਟਨ ਕੀਤਾ। ਇਹ ਮੇਲਾ 18 ਫਰਵਰੀ ਤੱਕ ਚੱਲੇਗਾ। ਇਸ ਮੌਕੇ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਅਤੇ ਮੁੱਖ ਮੰਤਰੀ ਮਨੋਹਰ ਲਾਲ ਮੌਜੂਦ ਸਨ। ਰਾਸ਼ਟਰਪਤੀ ਨੇ ਮੇਲੇ ਦਾ ਨਿਰੀਖਣ ਕੀਤਾ ਅਤੇ ਹਰਿਆਣਵੀਂ ਸੰਸਕ੍ਰਿਤੀ ਦੀ ਝਲਕ ਦੇਣ ਵਾਲੇ ਸਾਜ਼ਾਂ ਬਾਰੇ ਵੀ ਜਾਣਕਾਰੀ ਲਈ। ਉਨ੍ਹਾਂ ਨੇ ਮੇਲੇ 'ਚ ਪੁੱਜੇ ਕਾਰੀਗਰਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਨੇ ਮੇਲੇ ਵਿੱਚ ਭਾਗ ਲੈਣ ਵਾਲੇ ਦੇਸ਼ਾਂ ਅਤੇ ਹੋਰ ਸੂਬਿਆਂ ਦੀਆਂ ਸੱਭਿਆਚਾਰਕ ਸ਼ੈਲੀਆਂ ਨੂੰ ਦੇਖ ਕੇ ਕਲਾਕਾਰਾਂ ਦਾ ਹੌਸਲਾ ਵਧਾਇਆ। ਸ੍ਰੀਮਤੀ ਮੁਰਮੂ ਨੇ ਕਿਹਾ ਕਿ 1987 ਤੋਂ ਹਰ ਸਾਲ ਕਰਵਾਏ ਜਾ ਰਹੇ ਇਸ ਮੇਲੇ ਵਿੱਚ ਤਨਜ਼ਾਨੀਆ ਇਸ ਸਾਲ ਦੇ ਮੇਲੇ ਦਾ ਭਾਈਵਾਲ ਦੇਸ਼ ਹੈ। ਪਿਛਲੇ ਸਾਲ ਅਕਤੂਬਰ ਵਿੱਚ ਤਨਜ਼ਾਨੀਆ ਦੇ ਰਾਸ਼ਟਰਪਤੀ ਸਾਮੀਆ ਸੁਲੁਹੂ ਹਸਨ ਨਾਲ ਵਿਚਾਰ-ਵਟਾਂਦਰੇ ਦੌਰਾਨ, ਦੋਵਾਂ ਦੇਸ਼ਾਂ ਦਰਮਿਆਨ ਸੱਭਿਆਚਾਰਕ ਆਦਾਨ-ਪ੍ਰਦਾਨ ਨੂੰ ਹੋਰ ਵਧਾਉਣ ਦੇ ਮਹੱਤਵ 'ਤੇ ਸਹਿਮਤੀ ਬਣੀ ਸੀ। ਇਸ ਮੇਲੇ ਵਿੱਚ ਆਉਣ ਵਾਲੇ ਸੈਲਾਨੀਆਂ ਨੂੰ ਲੱਕੜ ਦੀ ਨੱਕਾਸ਼ੀ, ਮਿੱਟੀ ਦੇ ਬਰਤਨ ਅਤੇ ਬੁਣਾਈ ਸਣੇ ਜੀਵੰਤ ਅਤੇ ਰੰਗੀਨ ਤਨਜ਼ਾਨੀਆ ਦੀਆਂ ਕਲਾਵਾਂ ਅਤੇ ਸ਼ਿਲਪਕਾਰੀ ਦਾ ਅਨੁਭਵ ਕਰਨ ਦਾ ਮੌਕਾ ਮਿਲੇਗਾ। ਇਹ ਤਨਜ਼ਾਨੀਆ ਦੇ ਡਾਂਸ, ਸੰਗੀਤ ਅਤੇ ਪਕਵਾਨਾਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਸ਼ਾਨਦਾਰ ਪਲੇਟਫਾਰਮ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਦੇ ਮੇਲੇ ਦੇ ਭਾਗੀਦਾਰ 'ਰਾਜ ਗੁਜਰਾਤ' ਦੀ ਕਲਾ ਅਤੇ ਪਰੰਪਰਾ ਦੇਖਣਯੋਗ ਹੈ। ਗੁਜਰਾਤ ਦੇ ਵੱਖ-ਵੱਖ ਖੇਤਰਾਂ ਤੋਂ ਆਉਣ ਵਾਲੇ ਕਾਰੀਗਰਾਂ ਅਤੇ ਕਲਾਕਾਰਾਂ ਰਾਹੀਂ ਸੂਬੇ ਦੀ ਜੀਵੰਤ ਕਲਾ ਨੂੰ ਦੇਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਨਾਰਥ ਈਸਟਰਨ ਹੈਂਡੀਕਰਾਫਟ ਐਂਡ ਹੈਂਡਲੂਮ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ ਇਸ ਸਾਲ ਦੇ ਮੇਲੇ ਦਾ ਸੱਭਿਆਚਾਰਕ ਭਾਈਵਾਲ ਹੈ। ਸਾਡੇ ਸਾਰੇ ਕਾਰੀਗਰ ਸ਼ਲਾਘਾ ਦੇ ਹੱਕਦਾਰ ਹਨ ਕਿ ਇਹ ਮੇਲਾ ਸਾਡੀ ਸੱਭਿਆਚਾਰਕ ਵਿਭਿੰਨਤਾ ਦਾ ਜਸ਼ਨ ਹੈ, ਸਾਡੀ ਪਰੰਪਰਾ ਦੇ ਨਾਲ-ਨਾਲ ਨਵੀਨਤਾ ਦਾ ਮੇਲਾ ਸਾਡੇ ਕਾਰੀਗਰਾਂ ਨੂੰ ਕਲਾ ਪ੍ਰੇਮੀਆਂ ਨਾਲ ਜੋੜਨ ਦਾ ਇੱਕ ਪ੍ਰਭਾਵਸ਼ਾਲੀ ਮੰਚ ਹੈ। ਇਹ ਮੇਲਾ ਕਲਾ ਪ੍ਰਦਰਸ਼ਨੀ ਅਤੇ ਵਪਾਰਕ ਕੇਂਦਰ ਦੋਵੇਂ ਹਨ। ਉਨ੍ਹਾਂ ਕਿਹਾ ਕਿ ਇਸ ਮੇਲੇ ਦੌਰਾਨ 20 ਕਰੋੜ ਰੁਪਏ ਤੋਂ ਵੱਧ ਦਾ ਵਪਾਰ ਹੋਣ ਦੀ ਉਮੀਦ ਹੈ, ਜੋ ਕਿ ਕਾਰੀਗਰਾਂ ਅਤੇ ਹੈਂਡਲੂਮ ਵਪਾਰੀਆਂ ਲਈ ਆਰਥਿਕ ਨਜ਼ਰੀਏ ਤੋਂ ਵੱਡਾ ਉਪਰਾਲਾ ਹੈ।

ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਅੱਜ ਦੇ ਦਿਨ ਨੂੰ ਹਰਿਆਣਾ ਰਾਜ ਲਈ ਇਤਿਹਾਸਕ ਦਿਨ ਦੱਸਿਆ ਅਤੇ ਕਿਹਾ ਕਿ ਸ੍ਰੀਮਤੀ ਦ੍ਰੋਪਦੀ ਮੁਰਮੂ ਦੀ ਮੌਜੂਦਗੀ ਨੇ ਇਸ ਮੇਲੇ ਦੀ ਸ਼ਾਨ ਵਿਚ ਨਵਾਂ ਆਯਾਮ ਜੋੜਿਆ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਅਜਿਹੇ ਸਮਾਗਮ ਸਾਡੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਗੇ। ਰਾਜਪਾਲ ਨੇ ਕਿਹਾ ਕਿ ਸੂਰਜਕੁੰਡ ਅੰਤਰਰਾਸ਼ਟਰੀ ਮੇਲੇ ਨੇ ਕੌਮਾਂਤਰੀ ਪੱਧਰ 'ਤੇ ਆਪਣੀ ਵੱਖਰੀ ਪਛਾਣ ਬਣਾਈ ਹੈ। ਇਸ ਮੌਕੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਹਰਿਆਣਾ ਦੇ ਲੋਕਾਂ ਦੀ ਤਰਫੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਦਾ ਸਵਾਗਤ ਕੀਤਾ।

# ਸਿਰਸਾ ਦੇ 12 ਪਿੰਡ ਨਸ਼ਾ ਮੁਕਤ ਐਲਾਨੇ



**ਸਿਰਸਾ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹੇ ਦੇ 12 ਪਿੰਡਾਂ ਨੂੰ ਨਸ਼ਾ ਮੁਕਤ ਐਲਾਨ ਗਿਆ ਹੈ। ਇਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਹਿਸਾਰ ਰੇਂਜ ਦੇ ਏਡੀਸੀਪੀ ਸ਼੍ਰੀਕਾਂਤ ਜਾਧਵ ਨੇ ਸਨਮਾਨਿਤ ਕੀਤਾ ਹੈ। ਉਨ੍ਹਾਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਲਈ ਸਮਾਜ ਸੇਵੀ ਜਥੇਬੰਦੀਆਂ ਤੇ ਆਮ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ ਹੈ। ਪੁਲੀਸ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਦੀ ਲੜੀ 'ਚ ਉਹ ਅੱਜ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਨੂੰ ਸਨਮਾਨਿਤ ਕਰਨ ਮਗਰੋਂ ਪਿੰਡਾਂ 'ਚ ਕਰਵਾਏ ਜਾ ਰਹੇ ਟੂਰਨਾਮੈਂਟ ਦੌਰਾਨ ਹਾਜ਼ਰ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ।

ਨੌਜਵਾਨਾਂ ਅਤੇ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਨਸ਼ਿਆਂ ਨੂੰ ਜੜ੍ਹੋਂ ਸਮਾਪਤ ਕਰਨ ਲਈ ਸਮਾਜ ਸੇਵੀ ਜਥੇਬੰਦੀਆਂ ਦੇ ਨਾਲ ਨਾਲ ਆਮ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ ਨਸ਼ਿਆਂ ਨੂੰ ਛੱਡ ਕੇ ਆਪਣੀ ਪੜ੍ਹਾਈ ਤੇ ਖੇਡਾਂ ਵੱਲ ਧਿਆਨ ਦੇਣ। ਉਨ੍ਹਾਂ ਨੇ ਕਿਹਾ ਕਿ ਖੇਡਾਂ 'ਚ ਨੌਜਵਾਨਾਂ ਦਾ ਬਹੁਤ ਚੰਗਾ ਭਵਿਖ ਹੈ।

# ਅਧਿਆਪਕ ਬੇਅੰਤ ਸਿੰਘ ਮਲੂਕਾ ਦਾ ਬੈਸਟ ਬੀ.ਐਲ.ਓ. ਵਜੋਂ ਸਨਮਾਨ




**ਭਗਤਾ ਭਾਈ ਕਾ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਲੰਘੀ 25 ਜਨਵਰੀ ਨੂੰ ਸਮੁੱਚੇ ਦੇਸ਼ ਵਿੱਚ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਵੋਟਰਾਂ ਨੂੰ ਉਹਨਾਂ ਦੀ ਵੋਟ ਬਣਾਉਣ, ਦਰੁਸਤੀ ਅਤੇ ਵਰਤੋਂ ਸੰਬੰਧੀ ਵਿਸ਼ੇਸ਼ ਕੈਂਪ ਲਗਾ ਕੇ ਜਾਣਕਾਰੀ ਦਿੱਤੀ ਗਈ । ਵੋਟਰ ਸੂਚੀ ਪੜ੍ਹ ਕੇ ਸਣਾਈ ਗਈ। ਇਹ ਕੈਂਪ ਪਿੰਡਾਂ ਅਤੇ ਸ਼ਹਿਰਾਂ ਦੇ ਹਰ ਇੱਕ ਬੂਥ ਪੱਧਰ ਤੇ ਲਗਾਏ ਗਏ ਹਨ। ਜਿਸ ਵਿੱਚ ਵੋਟਰਾਂ ਦੀ ਭਰਵੀਂ ਸ਼ਮੂਲੀਅਤ ਰਹੀ। ਉੱਥੇ ਹੀ ਬੀ.ਐਲ.ਓ. ਵਜੋਂ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸੇ ਕੜੀ ਦੇ ਤਹਿਤ ਅੱਜ ਬਠਿੰਡਾ ਵਿਖੇ ਜ਼ਿਲ੍ਹਾ ਪੱਧਰ ਤੇ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਬੇਅੰਤ ਸਿੰਘ ਮਲੂਕਾ (ਸਟੇਟ ਐਵਾਰਡੀ ਅਧਿਆਪਕ) ਜਿਹਨਾਂ ਦੀ ਡਿਊਟੀ ਬਤੌਰ ਬੀ.ਐਲ.ਓ.ਵਜੋਂ ਬੂਥ ਨੰਬਰ- 42 ਮਲੂਕਾ (ਅਧੀਨ 090 ਹਲਕਾ ਰਾਮਪੁਰਾ ਫੂਲ) ਵਿਖੇ ਲੱਗੀ ਹੋਈ ਹੈ ਨੂੰ ਉਹਨਾਂ ਦੀਆਂ ਸ਼ਾਨਦਾਰ ਬੀ ਐਲ ਓ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਇਥੇ ਇਹ ਵੀ ਵਰਣਨਯੋਗ ਹੈ ਕਿ ਬੇਅੰਤ ਸਿੰਘ ਮਲੂਕਾ ਇੱਕ ਸਥਾਪਿਤ ਅਧਿਆਪਕ ਹਨ। ਉਹਨਾਂ ਦੀ ਸਖ਼ਤ ਮਿਹਨਤ ਸਦਕਾ ਸਰਕਾਰੀ ਪ੍ਰਾਇਮਰੀ ਸਕੂਲ ਮਲੂਕਾ (ਬਠਿੰਡਾ) ਅੱਜ ਪੰਜਾਬ ਦੇ ਚੋਟੀ ਦੇ ਸਕੂਲਾਂ ਦੀ ਸ਼੍ਰੇਣੀ ਵਿੱਚ ਸ਼ੁਮਾਰ ਹੈ। ਉਹ ਸਕੂਲ ਸਮੇਂ ਤੋਂ ਬਾਅਦ ਵੀ ਇਸ ਸੰਸਥਾ ਦੀ ਸਫ਼ਲਤਾ ਲਈ ਦਿਨ-ਰਾਤ ਕੰਮ ਕਰ ਰਹੇ ਹਨ। ਇਸ ਲਈ ਬੂਥ ਲੈਵਲ ਅਫ਼ਸਰ ਵਜੋਂ ਵੀ ਉਹਨਾਂ ਦੀਆਂ ਸੇਵਾਵਾਂ ਬਹੁਤ ਸ਼ਲਾਘਾਯੋਗ ਹਨ। ਉਹਨਾਂ ਦੀ ਇਸ ਨਿਵੇਕਲੀ ਪਹਿਲ ਨੂੰ ਵੇਖਦਿਆਂ ਵੋਟਰ ਦਿਵਸ ਮੌਕੇ ਜ਼ਿਲ੍ਹਾ ਪੱਧਰ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਹੈ।

# ਨਹਿਰ ਦੇ ਨਿਰਮਾਣ ਲਈ ਕਿਸਾਨਾਂ ਨੇ ਮਿਨੀ ਸਕੱਤਰੇਤ ਅੱਗੇ ਲਾਇਆ ਮੋਰਚਾ



**ਸਿਰਸਾ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਓਟੂ ਤੋਂ ਧਿੰਗਤਾਣੀਆਂ, ਸਲਾਰਪੁਰ ਫਲੱਡੀ ਨਹਿਰ ਦੇ ਨਿਰਮਾਣ ਦੀ ਮੰਗ ਨੂੰ ਲੈ ਕੇ ਕਰੀਬ ਪੰਦਰਾਂ ਪਿੰਡਾਂ ਦੇ ਕਿਸਾਨਾਂ ਨੇ ਮਿਨੀ ਸਕੱਤਰੇਤ ਦੇ ਬਾਹਰ ਪੱਕਾ ਮੋਰਚਾ ਲਾ ਦਿੱਤਾ ਹੈ। ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਜਦੋਂ ਤੱਕ ਨਹਿਰਾਂ ਦੇ ਨਿਰਮਾਣ ਦਾ ਕੰਮ ਸ਼ੁਰੂ ਨਹੀਂ ਹੁੰਦਾ, ਉਦੋਂ ਤੱਕ ਉਨ੍ਹਾਂ ਦਾ ਇਹ ਪੱਕਾ ਮੋਰਚਾ ਜਾਰੀ ਰਹੇਗਾ।

ਇਸ ਮੌਕੇ 'ਤੇ ਵੱਡੀ ਗਿਣਤੀ 'ਚ ਕਿਸਾਨ ਮੌਜੂਦ ਸਨ। ਕਿਸਾਨਾਂ ਨੇ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਉਨ੍ਹਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਮੁਹੱਈਆ ਨਹੀਂ ਕਰਵਾਇਆ ਜਾਂਦਾ, ਉਨ੍ਹਾਂ ਦਾ ਇਹ ਪੱਕਾ ਮੋਰਚਾ ਜਾਰੀ ਰਹੇਗਾ।

# ਵਿਰਾਸਤੀ ਮੇਲਾ ਨੌਜਵਾਨ ਪੀੜ੍ਹੀ ਨੂੰ ਪੁਰਾਣੇ ਸੱਭਿਆਚਾਰ ਤੇ ਵਿਰਾਸਤ ਸਬੰਧੀ ਜਾਣਕਾਰੀ ਦੇਣ 'ਚ ਹੋਵੇਗਾ ਸਹਾਈ ਸਿੱਧ : ਵਧੀਕ ਡੀ. ਸੀ.



**ਬਠਿੰਡਾ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਸੂਬਾ ਸਰਕਾਰ ਵੱਲੋਂ ਪੰਜਾਬ ਤੇ ਪੰਜਾਬੀਅਤ ਦੇ ਪੁਰਾਣੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਪੁਰਾਣੀ ਵਿਰਾਸਤ ਦੀ ਸਾਂਭ-ਸੰਭਾਲ ਲਈ ਕੰਮ ਕਰ ਰਹੀ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਸਹਿਯੋਗ ਨਾਲ ਇੱਥੇ ਸਥਿਤ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ 9, 10 ਅਤੇ 11 ਫਰਵਰੀ 2024 ਨੂੰ ਕਰਵਾਇਆ ਜਾ ਰਿਹਾ 17ਵਾਂ ਵਿਰਾਸਤੀ ਮੇਲਾ ਨੌਜਵਾਨ ਪੀੜ੍ਹੀ ਨੂੰ ਪੁਰਾਣੇ ਸੱਭਿਆਚਾਰ ਤੇ ਵਿਰਾਸਤ ਸਬੰਧੀ ਜਾਣਕਾਰੀ ਦੇਣ ਲਈ ਹੋਵੇਗਾ ਸਹਾਈ ਸਿੱਧ ਹੋਵੇਗਾ।

ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਮਨਦੀਪ ਕੌਰ ਨੇ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ ਮੇਲੇ ਦੀਆਂ ਅਗਾਊਂ ਤਿਆਰੀਆਂ ਸਬੰਧੀ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਅਹੁੱਦੇਦਾਰਾਂ ਅਤੇ ਅਧਿਕਾਰੀਆਂ ਨਾਲ ਕੀਤੀ ਗਈ ਬੈਠਕ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ।

ਇਸ ਮੌਕੇ ਉਨ੍ਹਾਂ ਮੇਲਾ ਪ੍ਰਬੰਧਕਾਂ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਮਨਦੀਪ ਕੌਰ ਨੇ ਇਸ ਮੇਲੇ ਦੀਆਂ ਅਗਾਊਂ ਤਿਆਰੀਆਂ ਸਬੰਧੀ ਵਿਰਾਸਤੀ ਪਿੰਡ ਜੈਪਾਲਗੜ੍ਹ ਦੀ ਸਾਫ਼-ਸਫ਼ਾਈ, ਡਾਕਟਰੀ ਟੀਮਾਂ, ਪੀਣ ਵਾਲੇ ਪਾਣੀ, ਬੈਰੀਕੇਟਿੰਗ, ਨਿਰਵਿਘਨ ਬਿਜਲੀ ਸਪਲਾਈ ਤੋਂ ਇਲਾਵਾ ਟ੍ਰੈਫਿਕ ਸਬੰਧੀ ਸੁਚੱਜੇ ਪ੍ਰਬੰਧ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਅਗਾਊਂ ਲੋੜੀਂਦੇ ਪ੍ਰਬੰਧ ਕਰਨ ਲਈ ਨਿਰਦੇਸ਼ ਦਿੱਤੇ।

ਇਸ ਦੌਰਾਨ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਇਸ ਵਾਰ ਦਾ ਮੇਲਾ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਹੋਵੇਗਾ।

ਇਸ ਮੇਲੇ ਦੀ ਸ਼ੁਰੂਆਤ 9 ਫਰਵਰੀ ਨੂੰ ਸਵੇਰੇ ਗੁਰਦੁਆਰਾ ਹਾਜੀ ਰਤਨ ਵਿਖੇ ਅਰਦਾਸ ਕਰਵਾਉਣ ਉਪਰੰਤ ਦਰਗਾਹ ਤੇ ਚਾਦਰ ਚੜ੍ਹਾਉਣ ਨਾਲ ਹੋਵੇਗੀ।

ਇਸ ਮੌਕੇ ਇੱਥੋ ਹੀ ਵਿਰਾਸਤੀ ਜਲੂਸ ਕੱਢਿਆ ਜਾਵੇਗਾ ਜਿਸ ਵਿੱਚ ਪੁਰਾਤਨ ਤੇ ਵਿਰਾਸਤੀ ਵਸਤਾਂ ਤੋਂ ਇਲਾਵਾ ਵੱਖ-ਵੱਖ ਰਾਜਾਂ ਦੇ ਸੱਭਿਆਚਾਰ ਨੂੰ ਦਰਸਾਉਂਦੀਆਂ ਹੋਈਆਂ ਪ੍ਰਦਰਸ਼ਨੀਆਂ ਸ਼ਾਮਲ ਹੋਣਗੀਆ।

ਇਸ ਵਿਰਾਸਤੀ ਮੇਲੇ ਦੌਰਾਨ ਵੱਖ-ਵੱਖ ਰਾਜਾਂ ਨਾਲ ਸਬੰਧਤ ਸੱਭਿਆਚਾਰਕ ਵੰਨਗੀਆਂ, ਨਾਟਕਾਂ ਤੋਂ ਇਲਾਵਾ ਪ੍ਰਸਿੱਧ ਗਾਇਕਾਂ ਵਲੋਂ ਆਪਣੀ ਕਲਾਂ ਦਾ ਪ੍ਰਦਰਸ਼ਨ ਵੀ ਕੀਤਾ ਜਾਵੇਗਾ।ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਪੰਕਜ ਕੁਮਾਰ, ਨਗਰ ਨਿਗਮ ਤੋਂ ਕਾਰਜਕਾਰੀ ਇੰਜਨੀਅਰ ਸ਼੍ਰੀ ਰਾਜਿੰਦਰ ਕੁਮਾਰ ਤੋਂ ਇਲਾਵਾ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

# ਚੇਅਰਮੈਨ ਰਾਜਵੰਤ ਸਿੰਘ ਘੁੱਲੀ ਦਾ 'ਆਪ' ਦੇ ਸਪੋਰਟਸ ਵਿੰਗ ਦੇ ਜਨਰਲ ਸਕੱਤਰ ਬਣਨ 'ਤੇ ਕੀਤਾ ਸਨਮਾਨ




**ਧੂਰੀ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਵੱਲੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਦੇ ਲਈ ਦਿਨ ਰਾਤ ਕੰਮ ਕਰਨ ਵਾਲੇ ਮਿਹਨਤੀ ਵਰਕਰਾਂ ਨੂੰ ਅਹੁਦੇਦਾਰੀਆਂ ਦੇ ਕੇ ਨਿਵਾਜਿਆ ਗਿਆ ਹੈ।

ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੂੰ ਆਮ ਆਦਮੀ ਪਾਰਟੀ ਸਪੋਰਟਸ ਵਿੰਗ ਪੰਜਾਬ ਦੇ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ।

ਚੇਅਰਮੈਨ ਘੁੱਲੀ ਦੇ ਜਨਰਲ ਸਕੱਤਰ ਬਣਨ ਦੇ ਉਹਨਾਂ ਦੇ ਚਾਹੁਣ ਵਾਲਿਆਂ ਵੱਲੋਂ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਉਹਨਾਂ ਨੂੰ ਮਾਰਕੀਟ ਕਮੇਟੀ ਵਿੱਚ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਘੁੱਲੀ ਨੇ ਕਿਹਾ ਕਿ ਪਾਰਟੀ ਵੱਲੋਂ ਮਿਲੀ ਜਿੰਮੇਵਾਰੀ ਨੂੰ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ । ਇਸ ਮੌਕੇ ਬਲਾਕ ਪ੍ਰਧਾਨ ਸੁਖਪਾਲ ਸਿੰਘ ਪਾਲਾ, ਸਹਿਰੀ ਬਲਾਕ ਪ੍ਰਧਾਨ ਜਸਪਾਲ ਸਿੰਘ ਭੁੱਲਰ, ਸਹਿਰੀ ਬਲਾਕ ਪ੍ਰਧਾਨ ਮਿਲਖ ਰਾਜ,ਭਿੰਦਾ ਵਿਰਕ ਆਪ ਆਗੂ , ਆਪ ਦੇ ਨਰੇਸ ਸਿੰਗਲਾ, ਆਪ ਆਗੂ ਕਰਮਜੀਤ ਸਿੰਘ ਕਾਂਝਲਾ, ਆਪ ਆਗੂ ਰਣਜੋਧ ਸਿੰਘ ਕਾਂਝਲਾ,ਬਲਾਕ ਪ੍ਰਧਾਨ ਤੀਰਥ ਸਿੰਘ ਗਿੱਲ, , ਆਪ ਆਗੂ ਬਖਸੀਸ ਅਲਾਲ,ਆਪ ਆਗੂ ਜਸਬੀਰ ਸਿੰਘ ਜੱਜ, ਆਪ ਆਗੂ ਬਿੱਲਾ ਸਾਹੀਵਾਲ, ਰਜਿੰਦਰ ਸਿੰਘ ਪੇਧਨੀ, ਆਪ ਆਗੂ ਗੁਰਮੇਲ ਸਿੰਘ ਘਨੌਰੀ, ਆਪ ਆਗੂ ਕੁਲਵੰਤ ਸਿੰਘ ਘਨੌਰੀ, ਆਪ ਆਗੂ ਜਗਰਾਜ ਸਿੰਘ ਘਨੌਰੀ , ਆਪ ਆਗੂ ਬੂਟਾ ਸੁਲਤਾਨਪੁਰ ,ਸੋਨੀ ਸੁਲਤਾਨਪੁਰ ,ਆਪ ਆਗੂ ਰਣਜੀਤ ਸਿੰਘ ਧੰਦੀਵਾਲ ,ਆਪ ਆਗੂ ਗੁਗਨੀ ਧੰਦੀਵਾਲ, ਆਪ ਆਗੂ ਕਾਲਾ ਮੀਮਸਾ, ਸਰਪੰਚ ਸੁਖਦੀਪ ਸਿੰਘ ਚੀਮਾ, ਬਲਵੀਰ ਸਿੰਘ ਈਸੀ, ਧਰਮਪਾਲ ਸਿੰਘ ਮੂਲੋਵਾਲ , ਭੋਲਾ ਧੂਰੀ, ਬਲਦੇਵ ਸਿੰਘ ਖਾਲਸਾ, ਗੁਰਿੰਦਰ ਕੌਰ, ਦਾਰਾ ਸਿੰਘ ਭੋਜੋਵਾਲੀ, ਗੁਰਿੰਦਰ ਸਿੰਘ ਹਾਜਰ ਸਨ।

# ਸਾਲਾਨਾ ਖੇਡ ਪ੍ਰਤੀਯੋਗਿਤਾ (ਸਪੈਕਟਰਾ 2024) ਕਰਵਾਇਆ



**ਲੌਂਗੋਵਾਲ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਇਲਾਕੇ ਦੀ ਪ੍ਰਸਿੱਧ ਸੰਸਥਾ ਬੋਧੀ ਇੰਟਰਨੈਸ਼ਨਲ ਸਕੂਲ ਲੌਂਗੋਵਾਲ ਵਿਖੇ ਸਾਲਾਨਾ ਖੇਡ ਪ੍ਰਤੀਯੋਗੀਤਾ ( ਸਪੈਕਟਰਾ 2024) ਕਰਵਾਇਆ ਗਿਆ। ਜਿਸ ਦੇ ਮੁੱਖ ਮਹਿਮਾਨ +2 ਕਲਾਸ ਦੇ ਮਾਪੇ ਸਾਹਿਬਾਨ ਹੀ ਸਨ। ਇਸ ਪ੍ਰੋਗਰਾਮ ਦੀ ਸ਼ੁਰੂਆਤ ਸਵੇਰੇ 11 ਵਜੇ ਝੰਡਾ ਲਹਿਰਾਉਣ ਦੀ ਰਸਮ ਨਾਲ ਕੀਤੀ ਗਈ। ਇਸ ਤੋਂ ਬਾਅਦ ਬੱਚਿਆਂ ਨੇ ਸਕੂਲ ਗਾਣ ਵੀ ਪੇਸ਼ ਕੀਤਾ। ਖੇਡ ਪ੍ਰਤੀਯੋਗੀਤਾ ਵਿੱਚ ਨਰਸਰੀ ਕਲਾਸ ਤੋਂ ਲੈ ਕੇ +2 ਕਲਾਸ ਤੱਕ ਦੇ ਬੱਚਿਆਂ ਨੇ ਆਪਣੀ- ਆਪਣੀ ਖੇਡ ਕਲਾ ਦੇ ਜੌਹਰ ਦਿਖਾਏ । ਸਕੂਲ ਦੇ ਪ੍ਰਿੰਸੀਪਲ ਮੈਡਮ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਵੀ ਕੀਤਾ। ਇਸ ਖੇਡ ਪ੍ਰਤੀਯੋਗਿਤਾ ਵਿੱਚ ਬੱਚਿਆਂ ਨੇ ਖੇਡਾਂ ਦੇ ਨਾਲ- ਨਾਲ ਰੰਗਾਂ ਰੰਗ ਪ੍ਰੋਗਰਾਮ ਵੀ ਪੇਸ਼ ਕੀਤੇ । ਨਰਸਰੀ ਕਲਾਸ ਦੇ ਬੱਚਿਆਂ ਦੇ ਪ੍ਰੋਗਰਾਮ ਤੋਂ ਮਾਪੇ ਬਹੁਤ ਖੁਸ਼ ਹੋਏ। ਇਸ ਖੇਡ ਪ੍ਰਤੀਯੋਗੀਤਾ ਵਿੱਚ ਮਾਪਿਆਂ ਨੇ ਵੀ ਭਾਗ ਲਿਆ ਅਤੇ ਜਿੱਤਣ ਵਾਲੇ ਮਾਪਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਖੇਡ ਪ੍ਰਤੀਯੋਗੀਤਾ ਵਿੱਚ ਸਾਰੇ ਹਾਊਸਾਂ ਦੇ ਬੱਚਿਆਂ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਜਿਵੇਂ ਕਿ ਆਪਾਂ ਨੂੰ ਪਤਾ ਹੀ ਹੈ ਕਿ ਇਹ ਸਕੂਲ I.C.S.E ਬੋਰਡ ਅਤੇ 9.2 ਬੋਰਡ ਤੋਂ ਮਾਨਤਾ ਪ੍ਰਾਪਤ ਤਾਂ ਹੈ ਹੀ ਇਸ ਵਾਰ ਅਸੀਂ C.B.S.E ਬੋਰਡ ਦੀ ਸ਼ੁਰੂਆਤ ਵੀ ਕਰਨ ਜਾ ਰਹੇ ਹਾਂ। ਤਾਂ ਕਿ ਕੋਈ ਵੀ ਬੱਚਾ ਉੱਚ ਸਿੱਖਿਆ ਤੋਂ ਵਾਂਝਾ ਨਾ ਰਹੇ। ਇਹ ਸਕੂਲ ਸੈਸ਼ਨ 2018 ਤੋਂ ਸ਼ੁਰੂ ਹੈ। ਜਿਸ ਵਿੱਚ ਵਿਦਿਆਰਥੀ ਉੱਚ ਸਿੱਖਿਆ ਗ੍ਰਹਿਣ ਕਰਕੇ ਕਾਮਯਾਬੀ ਹਾਸਿਲ ਕਰ ਚੁੱਕੇ ਹਨ।

ਸਕੂਲ ਵਿੱਚ ਨਰਸਰੀ ਜਮਾਤ ਤੋਂ ਹੀ ਪੰਜਾਬੀ ਅਤੇ ਹਿੰਦੀ ਵਿਸ਼ਾ ਵੀ ਸ਼ੁਰੂ ਕੀਤਾ ਜਾਂਦਾ ਹੈ। ਹਰ ਸ਼ਨੀਵਾਰ ਨੂੰ ਸਕੂਲ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਬੱਚਿਆਂ ਵੱਲੋਂ ਕੀਤੇ ਜਾਂਦੇ ਹਨ। ਸਕੂਲ ਵਿੱਚ ਪੰਜਾਬੀ ਸਟਾਫ ਤੋਂ ਇਲਾਵਾ ਕੇਰਲਾ ਸਟਾਫ ਅਤੇ ਫਰੈਂਚ ਭਾਸ਼ਾ ਦੀ ਸਿਖਲਾਈ ਲਈ ਇੰਟਰਨੈਸ਼ਨਲ ਸਟਾਫ ਵੀ ਹੈ। ਬੱਚਿਆਂ ਦੇ ਚੰਗੇ ਨਤੀਜਿਆਂ ਲਈ ਵਾਧੂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਸਕੂਲ ਦੇ ਐਮ. ਡੀ ਮੈਡਮ ਮਿਸਿਜ਼ ਕਲਾਵਤੀ ਜੀ ਦੀ ਅਣਥੱਕ ਮਿਹਨਤ ਸਦਕਾ ਇਹ ਸਕੂਲ ਬੁਲੰਦੀਆਂ ਨੂੰ ਛੂਹ ਰਿਹਾ ਹੈ ਅਤੇ ਪਰਮਾਤਮਾ ਅੱਗੇ ਇਹ ਪ੍ਰਾਰਥਨਾ ਹੈ ਕਿ ਸਾਡਾ ਸਕੂਲ ਬੋਧੀ ਇੰਟਰਨੈਸ਼ਨਲ ਹਮੇਸ਼ਾ ਤਰੱਕੀ ਕਰੇ।

# ਸੰਘ ਵੱਲੋਂ ਰਾਜਿੰਦਰਾ ਹਸਪਤਾਲ ਦਾ ਅਚਨਚੇਤ ਦੌਰਾ ਕਰਕੇ ਜਾਇਜ਼ਾ



**ਪਟਿਆਲਾ, 6 ਫਰਵਰੀ-**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਰਕਾਰੀ ਰਾਜਿੰਦਰਾ ਹਸਪਤਾਲ ਦਾ ਅਚਨਚੇਤ ਦੌਰਾ ਕਰਕੇ ਇੱਥੇ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਤੇ ਮੁਫ਼ਤ ਦਵਾਈਆਂ ਦਾ ਜਾਇਜ਼ਾ ਲਿਆ। ਉਨ੍ਹਾਂ ਹਦਾਇਤ ਕੀਤੀ ਕਿ ਜੇਕਰ ਕਿਸੇ ਮਰੀਜ ਦੀ ਪਰਚੀ ਦਵਾਈ ਲੈਣ ਲਈ ਹਸਪਤਾਲ ਤੋਂ ਬਾਹਰ ਗਈ ਤਾਂ ਸਬੰਧਤ ਡਾਕਟਰ ਜਿੰਮੇਵਾਰ ਹੋਵੇਗਾ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਮਰੀਜਾਂ ਨੂੰ ਵਾਰਡ ਵਿੱਚੋਂ ਐਕਸਰੇ, ਐਮ.ਆਰ.ਆਈ. ਤੇ ਸੀਟੀ ਸਕੈਨ ਆਦਿ ਕਰਨ ਲਈ ਸਟਰੈਚਰ ਉਤੇ ਲਿਜਾਣ ਦੀ ਬਜਾਇ ਗੋਲਫ ਕਾਰਟ ਉਤੇ ਲਿਜਾਇਆ ਜਾਵੇਗਾ ਇਸ ਲਈ ਅਜਿਹੀਆਂ ਦੋ ਗੋਲਫ ਕਾਰਟ ਖਰੀਦ ਲਈਆਂ ਗਈਆਂ ਹਨ। ਉਨ੍ਹਾਂ ਨੇ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਅਤੇ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਨੂੰ ਹਦਾਇਤ ਕੀਤੀ ਕਿ ਇਹ ਗੱਡੀਆਂ ਤੁਰੰਤ ਚਲਾਈਆਂ ਜਾਣ ਤਾਂ ਕਿ ਗੰਭੀਰ ਮਰੀਜਾਂ ਨੂੰ ਸਟਰੈਚਰ ਉਪਰ ਨਾ ਲਿਜਾਣਾ ਪਵੇ।

ਇਸ ਮੌਕੇ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਸੀ ਕਿ 26 ਜਨਵਰੀ ਤੋਂ ਦਵਾਈਆਂ ਹਸਪਤਾਲਾਂ ਦੇ ਅੰਦਰੋਂ ਮਿਲਣਗੀਆਂ ਅਤੇ ਟੈਸਟ ਵੀ ਹਸਪਤਾਲਾਂ ਦੇ ਅੰਦਰੋਂ ਹੀ ਕਰਵਾਏ ਜਾਣਗੇ ਜਾਂ ਅਜਿਹੇ ਪ੍ਰਬੰਧ ਕੀਤੇ ਜਾਣਗੇ ਤਾਂ ਕਿ ਮਰੀਜਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੇ ਪ੍ਰਬੰਧਾਂ ਵਿੱਚ ਜਿੱਥੇ ਕਿਤੇ ਕੋਈ ਘਾਟ ਹੈ, ਉਸਨੂੰ ਦੂਰ ਕਰਨ ਲਈ ਉਹ ਸਰਕਾਰੀ ਹਸਪਤਾਲਾਂ ਦਾ ਦੌਰਾ ਕਰਕੇ ਜਾਇਜ਼ਾ ਲੈ ਰਹੇ ਹਨ ਤੇ ਕੋਈ ਵੀ ਕਮੀ ਆਦਿ ਜਲਦ ਦੂਰ ਕਰ ਦਿੱਤੀ ਜਾਵੇਗੀ।

ਸਿਹਤ ਮੰਤਰੀ ਨੇ ਦੱਸਿਆ ਕਿ ਮਰੀਜਾਂ ਦੀ ਜਾਨ ਬਚਾਉਣ ਲਈ ਲੋੜੀਂਦੀਆਂ ਜ਼ਰੂਰੀ ਦਵਾਈਆਂ ਸਰਕਾਰ ਆਪਣੇ ਵੇਅਰਹਾਊਸ ਵਿੱਚੋਂ ਸਪਲਾਈ ਕਰ ਰਹੀ ਹੈ ਅਤੇ ਜਿਹੜੀਆਂ ਦਵਾਈਆਂ ਅਜੇ ਉਪਲਬਧ ਨਹੀਂ, ਉਨ੍ਹਾਂ ਦੀ ਪਾਰਦਰਸ਼ੀ ਢੰਗ ਨਾਲ ਖਰੀਦ ਕਰਨ ਲਈ ਸਰਕਾਰੀ ਮੈਡੀਕਲ ਕਾਲਜਾਂ ਦੇ ਪ੍ਰਿੰਸੀਪਲਾਂ ਤੇ ਹਸਪਤਾਲਾਂ ਦੇ ਮੈਡੀਕਲ ਸੁਪਰਡੈਂਟਾਂ ਨੂੰ ਫੰਡਜ਼ ਤੇ ਅਧਿਕਾਰ ਦਿੱਤੇ ਜਾ ਰਹੇ ਹਨ ਤੇ ਕਮੇਟੀਆਂ ਬਣਾਉਣ ਲਈ ਆਦੇਸ਼ ਜਾਰੀ ਕੀਤੇ ਗਏ ਹਨ।

# ਪ੍ਰਭਾਵਸ਼ਾਲੀ ਸਮਾਰੋਹ ਵਿੱਚ ਜਨਤਕ ਜਮਹੂਰੀ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ



**ਮਹਿਲਕਲਾਂ , 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਸ਼ਹਿਰੀ ਮੰਡਲ ਬਰਨਾਲਾ ਦੇ ਸਕੱਤਰ ਇੰਜ. ਭੋਲਾ ਸਿੰਘ ਗੁੰਮਟੀ ਦਾ ਟੈਕਨੀਕਲ ਸਰਵਿਸਿਜ਼ ਯੂਨੀਅਨ (ਰਜਿ:) ਅਤੇ ਸਮੂਹ ਸਟਾਫ ਵੱਲੋਂ ਬਹੁਤ ਅਦਬ ਸਤਿਕਾਰ ਸਹਿਤ ਸਨਮਾਨ ਕੀਤਾ ਗਿਆ। ਇਸ ਸਮੇਂ ਸੰਬੋਧਨ ਕਰਦਿਆਂ ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਸ/ਡ ਠੁੱਲੀਵਾਲ ਦੇ ਸਕੱਤਰ ਸਾਥੀ ਮੁਖ਼ਤਿਆਰ ਸਿੰਘ ਨੇ ਇੰਜ. ਭੋਲਾ ਸਿੰਘ ਦੇ ਜੀਵਨ ਝਾਤ ਉੱਪਰ ਨਿਗਾਹ ਮਾਰਦਾ ਸਨਮਾਨ ਪੱਤਰ ਪੜ੍ਹਦਿਆਂ ਕਿਹਾ ਕਿ ਬਿਜਲੀ ਬੋਰਡ ਉਪ ਮੰਡਲ ਜ਼ੀਰਾ ਸਰਕਲ ਫਰੀਦ ਕੋਟ ਤੋਂ ਲਾਈਨ ਮੈਨ ਦਾ ਸਫ਼ਰ ਸ਼ੁਰੂ ਕਰਨ ਤੋਂ ਲੈਕੇ ਜੇਈ ਬਣਨ ਤੱਕ ਦਾ ਤਕਰੀਬਨ 32 ਸਾਲ ਲੰਬਾ ਸਮਾਂ ਸੇਵਾਮੁਕਤੀ 31-01-2024 ਤੱਕ ਕੰਮ ਕਰਨ ਦਾ ਮਾਣਮੱਤਾ ਸਫ਼ਰ ਪੂਰਾ ਕੀਤਾ ਹੈ। ਸਾਥੀ ਭੋਲਾ ਸਿੰਘ ਗੁੰਮਟੀ ਇੱਕ ਸੂਝ ਬੂਝ ਰੱਖਣ ਵਾਲਾ ਪਾਵਰਕੌਮ ਦਾ ਜ਼ਿੰਮੇਵਾਰ ਅਧਿਕਾਰੀ ਸੀ। ਇਨ੍ਹਾਂ ਦੀ ਜੀਵਨ ਸਾਥਣ ਪਰਮਜੀਤ ਕੌਰ ਆਂਗਣਵਾੜੀ ਵਰਕਰ ਵਜੋਂ ਬਾਖ਼ੂਬੀ ਨਿਭਾਉਣ ਦੇ ਨਾਲ ਨਾਲ ਪ੍ਰੀਵਾਰ ਸਮੇਤ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਕਰਕੇ ਮਾਣ ਸਨਮਾਨ ਦੀ ਹੱਕਦਾਰ ਹੈ।

ਇਸ ਸਮੇਂ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ, ਸਰਕਲ ਪ੍ਰਧਾਨ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ ਨੇ ਆਪਣੀਆਂ ਯਾਦਾਂ ਦੇ ਪਲ ਸਾਂਝੇ ਕਰਦਿਆਂ ਕਿਹਾ ਕਿ ਜਥੇਬੰਦਕ ਸਰਗਰਮੀਆਂ ਵਜੋਂ ਠੁੱਲੀਵਾਲ ਉਪ ਮੰਡਲ ਵਿੱਚ ਜੁਆਇਨ ਕਰਨ ਸਮੇਂ ਸਾਥੀ ਭੋਲਾ ਸਿੰਘ ਦਾ ਵਾਹ ਟੈਕਨੀਕਲ ਸਰਵਿਸਿਜ਼ ਯੂਨੀਅਨ (ਰਜਿ:) ਵਿੱਚ ਕੰਮ ਕਰਦੇ ਇਨਕਲਾਬੀ ਵਿਚਾਰ ਰੱਖਦੇ ਸਾਥੀਆਂ ਨਾਲ ਪੈ ਗਿਆ ਸੀ। ਪਾਵਰਕੌਮ ਦੀ ਨਿੱਜੀਕਰਨ ਦੇ ਹੱਲੇ, ਪਟਿਆਲਾ ਸਰਕਲ ਦੇ ਟਰਮੀਨੇਟ ਸਾਥੀਆਂ ਦੀ ਰਿਹਾਈ ਲਈ ਚੱਲ ਰਹੇ ਸੰਘਰਸ਼ ਵਿੱਚ ਪ੍ਰੀਵਾਰ ਸਮੇਤ ਯੋਗਦਾਨ ਪਾਇਆ।

ਇਸ ਸਮੇਂ ਸਾਥੀ ਮੁਖ਼ਤਿਆਰ ਸਿੰਘ ਪ੍ਰਧਾਨ ਟੀਐਸਯੂ ਰਜਿ ਠੁੱਲੀਵਾਲ ਨੇ ਕਿਹਾ ਕਿ ਸਾਥੀ ਨੇ ਆਪਣੇ ਆਪ ਨੂੰ ਬਿਜਲੀ ਕਾਮਿਆਂ ਦੀ ਜਥੇਬੰਦੀ ਟੈਕਨੀਕਲ ਸਰਵਿਸਿਜ਼ ਯੂਨੀਅਨ (ਰਜਿ) ਤੱਕ ਸੀਮਤ ਨਹੀਂ ਰੱਖਿਆ ਸਗੋਂ ਸਮਾਜਿਕ ਜਬਰ ਖਾਸ ਕਰ ਮਹਿਲਕਲਾਂ ਦੀ ਧਰਤੀ ਉੱਤੇ ਲਟ-ਲਟ ਕਰਕੇ ਬਲ ਰਹੇ ਲੋਕ ਘੋਲ ਵਿੱਚ ਬਣਦਾ ਹਿੱਸਾ ਪਾਇਆ ਹੈ। ਇਸ ਸਮੇਂ ਇੰਜ.ਹਾਕਮ ਸਿੰਘ ਨੂਰ, ਗੁਰਦੇਵ ਸਿੰਘ ਮਾਂਗੇਵਾਲ, ਇੰਜ. ਰੁਲਦੂ ਸਿੰਘ ਗੁੰਮਟੀ, ਜਰਨੈਲ ਸਿੰਘ ਮਹੋਲੀ, ਰਾਮਪਾਲ ਸਿੰਘ, ਗੁਰਲਾਭ ਸਿੰਘ ਨੇ ਕਿਹਾ ਕਿ ਜਥੇਬੰਦਕ ਸਰਗਰਮੀਆਂ ਦੇ ਨਾਲ-ਨਾਲ ਸਾਥੀ ਭੋਲਾ ਸਿੰਘ ਨੂੰ ਪਾਵਰਕੌਮ ਵਿੱਚ ਹਰ ਪੱਧਰ ਦਾ ਕੰਮ ਕਰਨ ਦੀ ਵਿਸ਼ੇਸ਼ ਮੁਹਾਰਤ ਹਾਸਿਲ ਸੀ। ਇਸ ਸਮੇਂ ਇੰਜ. ਇੰਦਰਜੀਤ ਸਿੰਘ, ਇੰਜ.ਸਤਨਾਮ ਸਿੰਘ, ਇੰਜ.ਹਰਬੋਲ ਸਿੰਘ, ਇੰਜ.ਬਲਜੀਤ ਸਿੰਘ ਇੰਜ.ਬਲਵੀਰ ਸਿੰਘ, ਜਰਨੈਲ ਸਿੰਘ ਪੰਜਗਰਾਈਂ, ਗੁਰਜੰਟ ਸਿੰਘ ਹਮੀਦੀ, ਰਜਿੰਦਰ ਸਿੰਘ ਖਿਆਲੀ, ਮਨਦੀਪ ਸਿੰਘ ਕੁਰੜ, ਰਾਮਪਾਲ ਸਿੰਘ, ਮਲਕੀਤ ਸਿੰਘ, ਗੁਰਦੀਪ ਸਿੰਘ ਫੱਗੂਵਾਲਾ, ਨਿਰਮਲ ਸਿੰਘ, ਹਰਬੰਸ ਸਿੰਘ ਮਾਣਕੀ ਆਦਿ ਆਗੂਆਂ ਵੀ ਹਾਜ਼ਰ ਸਨ। ਸਾਥੀ ਨੂੰ ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਸਰਕਲ ਬਰਨਾਲਾ ਵੱਲੋਂ ਪ੍ਰਭਾਵਸ਼ਾਲੀ ਸਮਾਗਮ ਸਮਾਗਮ ਕਰਕੇ ਇੰਜ. ਭੋਲਾ ਸਿੰਘ ਗੁੰਮਟੀ ਅਤੇ ਭੈਣ ਪਰਮਜੀਤ ਕੌਰ ਦਾ ਸਨਮਾਨ ਕੀਤਾ ਗਿਆ। ਉਸਾਰੂ ਵਿਗਿਆਨਕ ਸਾਹਿਤ ਪੜ੍ਹਨ ਦੀ ਚੇਤਨਾ ਪੈਦਾ ਕਰਨ ਲਈ ਕਿਤਾਬਾਂ ਦਾ ਲੰਗਰ ਲਾਇਆ ਗਿਆ।

# ਸਰਕਾਰੀ ਹਾਈ ਸਕੂਲ ਰਾਣੀ ਵਾਲਾ ਵਿਖੇ ਮਨਾਇਆ ਜਲਗਾਹ ਬਚਾਓ ਦਿਵਸ




**ਮਲੋਟ, 6 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਭਾਰਤ ਸਰਕਾਰ ਦੇ ਵਾਤਾਰਨ ਤੇ ਜੰਗਲਾਤ ਮੰਤਰਾਲੇ ਦੀ ਸਹਾਇਤਾ ਦੇ ਨਾਲ ਅਤੇ ਜਿਲ੍ਹਾ ਸਿੱਖਿਆ ਅਫ਼ਸਰ ਸ਼ਿਵਪਾਲ ਗੋਇਲ ਦੀ ਅਗਵਾਈ ਅਤੇ ਡੀ.ਐਮ ਰਾਜਨ ਗੋਇਲ ਦੀ ਰਹਿਨੁਮਾਈ ਹੇਠ ਸਰਕਾਰੀ ਹਾਈ ਸਕੂਲ, ਰਾਣੀਵਾਲਾ ਵਿਖੇ ਵਾਤਾਵਰਨ ਵਿੱਦਿਅਕ ਪ੍ਰੋਗਰਾਮ ਤਹਿਤ ਜਲਗਾਹ ਬਚਾਓ ਵਿਸ਼ੇ ਤੇ ਵਿਦਿਆਰੀਆਂ ਦੇ ਵੱਖ ਵੱਖ ਵਰਗਾਂ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪੇਂਟਿੰਗਜ਼ ਅਤੇ ਪੋਸਟਰ ਵੀ ਤਿਆਰ ਕੀਤੇ ਗਏ।

ਇਸ ਮੌਕੇ ਸਕੂਲ ਦੇ ਹੈਡਮਾਸਟਰ ਮਨਦੀਪ ਸਿੰਘ ਦਿਓਲ ਅਤੇ ਈਕੋ ਕਲੱਬ ਦੇ ਸਕੂਲ ਕੋਆਰਡੀਨੇਟਰ ਸਾਇੰਸ ਮਿਸਟਰੈਸ ਸਵੇਤਾ ਨੇ ਕਿਹਾ ਕਿ ਵਾਤਾਵਰਨ ਬਚਾਓ ਹਿਤ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਜਲਗਾਹਾਂ ਪ੍ਰਤੀ ਵਿਦਿਆਰਥੀਆਂ ਵਿੱਚ ਜਾਗਰੂਕਤਾ ਫੈਲਾਉਣ ਲਈ ਸ਼੍ਰੀ ਮੁਕਤਸਰ ਸਾਹਿਬ ਜਿਲੇ ਦੇ ਵੱਖ ਵੱਖ ਸਕੂਲਾਂ ਵਿੱਚ ਅਜਿਹੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ।ਇਹਨਾਂ ਮੁਕਾਬਲਿਆਂ ਵਿੱਚ ਵਧੀਆ ਕਾਰਜੁਗਾਰੀ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਹੈੱਡ ਮਾਸਟਰ ਮਨਦੀਪ ਸਿੰਘ ਦਿਓਲ ਵਲੋਂ ਸਨਮਾਨਿਤ ਕੀਤਾ ਗਿਆ।

## ‘ਪੰਜਾਬ ਬਚਾਓ ਯਾਤਰਾ’ ਦਾ ਨਾਂ ਬਦਲ ਕੇ ‘ਅਕਾਲੀ ਦਲ ਬਚਾਓ ਯਾਤਰਾ’ ਰੱਖਿਆ ਜਾਵੇ : ਰਾਜਾ ਵੜਿੰਗ

ਚੰਡੀਗੜ੍ਹ 6 ਫਰਵਰੀ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਕੋਲ ਪੰਜਾਬ ਦੇ ਸਿਆਸੀ ਢਾਂਚੇ ’ਚ ਪ੍ਰਸੰਗਿਕਤਾ ਨੂੰ ਕਾਇਮ ਰੱਖਣ ਲਈ ਯਤਨਾਂ ਦਾ ਸਹਾਰਾ ਲੈਂਦਿਆਂ ਇਕ ਤਾਲਮੇਲ ਮਨੋਰਥ ਅਤੇ ਦ੍ਰਿਸ਼ਟੀਕੋਣ ਦੀ ਘਾਟ ਪ੍ਰਤੀਤ ਹੁੰਦੀ ਹੈ, ਜਿਸ ਤੋਂ ਜਾਹਿਰ ਹੁੰਦਾ ਹੈ ਇਹ



ਸਿਰਫ਼ ਕਾਂਗਰਸ ਦੀ ‘ਭਾਰਤ ਜੋੜੋ ਯਾਤਰਾ’ ਦੀ ਨਕਲ ਹੈ। ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਯਾਤਰਾ ਦਾ ਨਾਂ ਬਦਲਣ ਦਾ ਪ੍ਰਸਤਾਵ ਦਿੰਦਿਆਂ ਟਿੱਪਣੀ ਕੀਤੀ ਕਿ ਯਾਤਰਾ ਨੂੰ ਸਹੀ ਰੂਪ ’ਚ ‘ਅਕਾਲੀ ਦਲ ਬਚਾਓ ਯਾਤਰਾ’ ਕਿਹਾ ਜਾਣਾ ਚਾਹੀਦਾ ਹੈ, ਜੋ ਪਾਰਟੀ ਦੇ ਅੰਦਰੂਨੀ ਵਿਵਾਦ ਨੂੰ ਦਰਸਾਉਂਦਾ ਹੈ, ਜਿੱਥੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਦੀ ਮੰਗ ਕੀਤੀ ਜਾਂਦੀ ਹੈ। ਸ੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਗੱਠਜੋੜ ਬਾਰੇ ਹੋਰ ਗੱਲ ਕਰਦਿਆਂ ਸੂਬਾ ਕਾਂਗਰਸ ਪ੍ਰਧਾਨ ਨੇ ਕਿਹ ਕਿ ਅਕਾਲੀ ਦਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕ ਇਹ ਨਹੀਂ ਭੁੱਲੇ ਹਨ ਕਿ ਕਿਵੇਂ ਉਨ੍ਹਾਂ ਨੇ ਸ਼ੁਰੂ ’ਚ ਤਿੰਨ ਕਾਲੇ ਖੇਤੀ ਕਾਨੂੰਨਾਂ ਦਾ ਸਮਰਥਨ ਕੀਤਾ ਸੀ ਅਤੇ ਲੋਕਾਂ ਦੇ ਭਾਰੀ ਦਬਾਅ ਤੋਂ ਬਾਅਦ ਹੀ ਇਸ ਨੇ ਭਾਜਪਾ ਨਾਲੋਂ ਆਪਣਾ ਗੱਠਜੋੜ ਤੋੜ ਲਿਆ ਸੀ। ਅਕਾਲੀ ਦਲ ਪੰਜਾਬ ਨੂੰ ਬਚਾਉਣ ਦੀ ਗੱਲ ਕਿਵੇਂ ਕਰ ਸਕਦਾ ਹੈ ਜਦੋਂ ਕਿ ਉਹ ਦਿੱਲੀ ਦੀਆਂ ਸਰਹੱਦਾਂ ’ਤੇ 800 ਦੇ ਕਰੀਬ ਕਿਸਾਨਾਂ ਦੀ ਮੌਤ ਲਈ ਭਾਜਪਾ ਵਾਂਗ ਜਵਾਬਦੇਹ ਹੈ? ਚੰਡੀਗੜ੍ਹ ’ਚ ਹਾਲ ਹੀ ’ਚ ਹੋਈਆਂ ਮੇਅਰ ਚੋਣਾਂ ’ਤੇ ਟਿੱਪਣੀ ਕਰਦਿਆਂ ਰਾਜਾ ਵੜਿੰਗ ਨੇ ਨਿਰਾਸ਼ਾ ਜਾਹਿਰ ਕਰਦਿਆਂ ਕਿਹਾ ਕਿ ਕੱਲ੍ਹ ਅਸੀਂ ਲੋਕਤੰਤਰ ’ਤੇ ਇਕ ਅਫ਼ਸੋਸਨਾਕ ਹਮਲਾ ਦੇਖਿਆ ਹੈ।

## ਖੇਤੀਬਾੜੀ ਤੇ ਕਿਸਾਨਾਂ ਦੇ ਵਿਕਾਸ ਲਈ ਕੇਂਦਰ ਪੂਰੀ ਤਰ੍ਹਾਂ ਵਚਨਬੱਧ : ਕੇਂਦਰੀ ਖੇਤੀਬਾੜੀ ਮੰਤਰੀ

ਜੈਤੋ 6 ਫਰਵਰੀ। ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਕਬਾਇਲੀ ਮਾਮਲਿਆਂ ਬਾਰੇ ਮੰਤਰੀ ਅਰਜੁਨ ਮੁੰਡਾ ਨੇ ਭਾਰਤੀ ਖੇਤੀ ਖੋਜ ਸੰਸਥਾ (ਆਈ.ਏ.ਆਰ.ਆਈ.), ਪੂਸਾ ਦਿੱਲੀ ਵਿਖੇ ਲੜਕੀਆਂ ਦੇ ਹੋਸਟਲ “ਫਾਲਗੁਨੀ” ਤੇ ਏ.ਐੱਸ.ਆਰ.ਬੀ. ‘ਭਵਨ’ ਦਾ ਉਦਘਾਟਨ ਕੀਤਾ। ਸਮਾਗਮ ਵਿੱਚ ਮੁੱਖ ਮਹਿਮਾਨ ਕੇਂਦਰੀ ਮੰਤਰੀ ਮੁੰਡਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਖੇਤੀ ਖੇਤਰ ਅਤੇ ਕਿਸਾਨਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਸੂਬਾ ਸਰਕਾਰਾਂ ਰਾਹੀਂ ਵੀ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਸਾਡੇ ਕਿਸਾਨ ਆਤਮ-ਨਿਰਭਰ ਅਤੇ ਸਸਕਤ ਅਤੇ ਦੇਸ ਦੇ ਨਾਲ-ਨਾਲ ਦੁਨੀਆ ਦੇ ਬਾਜਾਰਾਂ ਨੂੰ ਸਪਲਾਈ ਕਰਨ ਦੇ ਸਮਰੱਥ ਹੋਣ। ਇਸ ਲਈ ਖੇਤੀ ਨੂੰ ਆਧੁਨਿਕ ਤਕਨੀਕਾਂ ਨਾਲ ਵੀ ਜੋੜਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਸੈਟੇਲਾਈਟ ਦੀ ਮਦਦ ਨਾਲ ਲੋਕਾਂ ਨੂੰ ਖੇਤੀਬਾੜੀ ਖੇਤਰ ਵਿੱਚ ਕੰਮ ਕਰਨ ਲਈ ਵੀ ਉਤਸਾਹਿਤ ਕਰ ਰਹੇ ਹਨ।

# ਕੇਂਦਰ ਸਰਕਾਰ ਪੰਜਾਬ ਨੂੰ ਅਟਲ-ਭੂ ਜਲ ਯੋਜਨਾ ’ਚ ਸ਼ਾਮਲ ਕਰੇ : ਚੇਤਨ ਸਿੰਘ ਜੌੜਾਮਾਜਰਾ

ਕਿਸ਼ਨ ਪਾਲ

ਚੰਡੀਗੜ੍ਹ 6 ਫਰਵਰੀ। ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕੇਂਦਰ ਸਰਕਾਰ ਨੂੰ ਮੁੜ ਅਪੀਲ ਕੀਤੀ ਹੈ ਕਿ ਉਹ ਧਰਤੀ ਹੇਠਲੇ ਪਾਣੀ ਦੇ ਨਿਰੰਤਰ ਘਟਣ ਕਾਰਨ ਚਿੰਤਾਜਨਕ ਸਥਿਤੀ ਵੱਲ ਵਧ ਰਹੇ ਪੰਜਾਬ ਸੂਬੇ ਨੂੰ ਅਟਲ-ਭੂ ਜਲ ਯੋਜਨਾ ’ਚ ਸ਼ਾਮਲ ਕਰੇ। ਉਨ੍ਹਾਂ ਅਫਸੋਸ ਜਤਾਇਆ ਕਿ ਸੂਬਾ ਸਰਕਾਰ ਵੱਲੋਂ ਨਿਰੰਤਰ ਪੱਤਰ-ਵਿਹਾਰ ਕਰਨ ਦੇ ਬਾਵਜੂਦ ਕੇਂਦਰ ਸਰਕਾਰ ਦੇ ਕੰਨ ’ਤੇ ਜੂੰ ਨਹੀਂ ਸਰਕ ਰਹੀ। ਪੰਜਾਬ ਸਿਵਲ ਸਕੱਤਰੇਤ ਸਥਿਤ ਆਪਣੇ ਦਫਤਰ ਵਿਖੇ ਸੂਬੇ ’ਚ ਧਰਤੀ ਹੇਠਲੇ ਪਾਣੀ ਦੇ ਘੱਟ ਰਹੇ ਪੱਧਰ ਨੂੰ ਰੋਕਣ ਅਤੇ ਪਾਣੀ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਸਬੰਧੀ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਵਿਚਾਰ-ਵਟਾਂਦਰੇ ਦੌਰਾਨ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਜਲ ਸਰੋਤ ਵਿਭਾਗ ਵੱਲੋਂ ਇਸ ਮਾਮਲੇ ਸਬੰਧੀ ਕਈ ਵਾਰ ਲਿਖਿਆ ਜਾ ਚੁੱਕਾ ਹੈ ਪਰ ਕੇਂਦਰ ਸਰਕਾਰ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਸੰਤ ਸੀਚੇਵਾਲ ਨੂੰ ਅਪੀਲ ਕੀਤੀ ਕਿ ਉਹ ਆਪਣੇ ਪੱਧਰ ’ਤੇ ਵੀ ਕੇਂਦਰ ਸਰਕਾਰ ਕੋਲ ਸੂਬੇ ਦੀ ਮੰਗ ਜੋਰਦਾਰ ਢੰਗ ਨਾਲ ਉਠਾਉਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਟਲ -ਭੂ-ਜਲ ਯੋਜਨਾ ਅਧੀਨ ਉਨ੍ਹਾਂ ਸੂਬਿਆਂ ਦੀ ਮਦਦ ਕੀਤੀ ਜਾਣੀ ਸੀ, ਜਿੱਥੇ ਧਰਤੀ ਹੇਠਲੇ ਪਾਣੀ ਦੀ ਸਥਿਤੀ



ਗੰਭੀਰ ਹੈ ਪਰ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਨਾਲ ਮਤਰੇਈ ਮਾਂ ਦਾ ਸਲੂਕ ਕਰਦਿਆਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਇਸ ਯੋਜਨਾ ’ਚ ਸ਼ਾਮਲ ਹੀ ਨਹੀਂ ਕੀਤਾ ਜਦਕਿ ਸੂਬੇ ’ਚ ਧਰਤੀ ਹੇਠਲਾ ਪਾਣੀ ਨਿਰੰਤਰ ਘਟਦਾ ਜਾ ਰਿਹਾ ਹੈ। ਇਸੇ ਦੌਰਾਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਜਲ ਸਰੋਤਾਂ ਬਾਰੇ ਬਣੀ ਸੰਸਦੀ ਕਮੇਟੀ ’ਚ ਉਹ ਮੈਂਬਰ ਹੋਣ ਦੇ ਨਾਤੇ ਇਸ ਸਕੀਮ ਅਧੀਨ ਪੰਜਾਬ ਨੂੰ ਬਾਹਰ ਰੱਖੇ ਜਾਣ ਦਾ ਪਹਿਲਾਂ ਵੀ ਸਖਤ ਇਤਰਾਜ ਜਤਾ ਚੁੱਕੇ ਹਨ ਅਤੇ ਪੰਜਾਬ ਨੂੰ ਇਸ ਯੋਜਨਾ ’ਚ ਸ਼ਾਮਲ ਕਰਨ ਲਈ ਲਿਖ ਵੀ ਚੁੱਕੇ ਹਨ। ਸੰਤ ਸੀਚੇਵਾਲ ਵੱਲੋਂ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ’ਤੇ ਪੱਕੀ ਸੜਕ ਬਣਾਉਣ ਦੀ ਮੰਗ ਬਾਰੇ ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਤੁਰੰਤ ਪੰਜਾਬ ਮੰਡੀ ਬੋਰਡ ਨਾਲ ਰਾਬਤਾ ਕਰਨ ਤਾਂ ਜੋ ਸੜਕ ਬਣਾਉਣ ਸਬੰਧੀ ਅਗਲੀ ਕਾਰਵਾਈ ਅਮਲ ’ਚ ਲਿਆਂਦੀ ਜਾ ਸਕੇ। ਉਨ੍ਹਾਂ ਕਿਹਾ ਕਿ ਦਰਿਆ ਕਿਨਾਰੇ ਸੜਕ ਬਣਨ ਨਾਲ ਧੁੱਸੀ ਬੰਨ੍ਹ ਨੂੰ ਮਜ਼ਬੂਤੀ ਮਿਲੇਗੀ ਅਤੇ ਹੜ੍ਹਾਂ ਦੌਰਾਨ ਪਾੜ ਪੈਣ ਦੀਆਂ ਘਟਨਾਵਾਂ ਨੂੰ ਕਾਫੀ ਹੱਦ ਤੱਕ ਠੱਲ੍ਹ ਪਵੇਗੀ। ਚੇਤਨ ਸਿੰਘ ਜੌੜਾਮਾਜਰਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸੂਬੇ ਦੇ ਦਰਿਆਵਾਂ ਅਤੇ ਪੁਲਾਂ ਹੇਠ ਸਫਾਈ ਯਕੀਨੀ ਬਣਾਉਣ ਤਾਂ ਜੋ ਦਰਿਆ ਦੇ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਹੋ ਸਕੇ। ਉਨ੍ਹਾਂ ਕਿਹਾ ਕਿ ਹੁਣ ਜਦੋਂ ਬਰਸਾਤਾਂ ਦੇ ਸਮੇਂ ਵਿੱਚ 6 ਮਹੀਨੇ ਦਾ ਸਮਾਂ ਰਹਿ ਗਿਆ ਹੈ ਤਾਂ ਇਹ ਜਰੂਰੀ ਹੈ ਕਿ ਸਫਾਈ ਦੇ ਕੰਮਾਂ ’ਚ ਤੇਜ਼ੀ ਲਿਆਂਦੀ ਜਾਵੇ। ਮੀਟਿੰਗ ਦੌਰਾਨ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ, ਚੀਫ ਇੰਜੀਨੀਅਰ (ਡਰੇਨੇਜ) ਹਰਦੀਪ ਸਿੰਘ ਮਹਿੰਦੀਰੱਤਾ, ਚੀਫ ਇੰਜੀਨੀਅਰ (ਨਹਿਰਾਂ) ਸ਼ੇਰ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

## ਸੁਲਤਾਪੁਰ ਲੋਧੀ ਗੁਰਦੁਆਰੇ ’ਤੇ ਪੁਲਸ ਹਮਲੇ ਦੇ ਮਾਮਲੇ ’ਚ ਦੋਸ਼ੀਆਂ ਖਿਲਾ.ਫ ਦਰਜ ਹੋਵੇ ਮੁਕੱਦਮਾ : ਐਡਵੋਕੇਟ ਧਾਮੀ



ਅੰਮ੍ਰਿਤਸਰ 6 ਫਰਵਰੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਹੋਏ ਵਿਸ਼ੇਸ਼ ਇਜਲਾਸ ਦੌਰਾਨ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪੁਲਸ ਦੇ ਜੁੱਤੀਆਂ ਸਮੇਤ ਦਾਖ਼ਲ ਹੋਣ, ਗੋਲੀਬਾਰੀ ਕਰਨ, ਅੱਥਰੂ ਗੈਸ ਦੇ ਗੋਲੇ ਸੁੱਟਣ ਅਤੇ ਮਰਿਆਦਾ ਦੀ ਉਲੰਘਣਾ ਦੇ ਮਾਮਲੇ ’ਚ ਇਕ ਮਤਾ ਪਾਸ ਕਰਦਿਆਂ ਕਿਹਾ ਗਿਆ ਕਿ ਘਟਨਾ ਦੇ ਸਾਰੇ ਦੋਸ਼ੀਆਂ ਵਿਰੁੱਧ ਧਾਰਾ 295ਏ ਤਹਿਤ ਮੁਕੱਦਮਾ ਦਰਜ ਹੋਵੇ। ਸ਼੍ਰੋਮਣੀ ਕਮੇਟੀ ਦੇ ਦਫਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੋਏ ਇਸ ਇਜਲਾਸ ਵਿਚ ਵੱਖ-ਵੱਖ ਮੈਂਬਰਾਂ ਨੇ ਸੰਬੋਧਨ ਕਰਦਿਆਂ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ’ਤੇ ਪੁਲਸ ਹਮਲੇ ਦੀ ਨਿੰਦਾ ਕੀਤੀ ਅਤੇ ਇਸ ਘਟਨਾ ਦੀ ਪੜਤਾਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ’ਤੇ ਗਠਿਤ ਸਬ-ਕਮੇਟੀ ਦੀ ਰਿਪੋਰਟ ਨੂੰ ਪ੍ਰਵਾਨਗੀ ਦਿੰਦਿਆਂ ਇਸ ਰਿਪੋਰਟ ਦੇ ਆਧਾਰ ’ਤੇ ਕਰੜੀ ਕਾਰਵਾਈ ਨੂੰ ਅਮਲ ਵਿਚ ਲਿਆਉਣ ਲਈ ਆਖਿਆ। ਇਜਲਾਸ ਮੌਕੇ ਆਏ ਵਿਚਾਰਾਂ ਨੂੰ ਮੱਦੇਨਜ਼ਰ ਰੱਖਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ ਮਤਾ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ।

## ਜਲੰਧਰ ਦਾ ਇਹ ਮਸ਼ਹੂਰ ਰੈਸਟੋਰੈਂਟ ਵਿਵਾਦਾਂ ‘ਚ ਘਿਰਿਆ, ‘ਡੋਸਾ’ ‘ਚੋਂ ਨਿਕਲਿਆ ਕਾਕਰੇਚ

ਏਜੰਸੀਆਂ

ਜਲੰਧਰ 6 ਫਰਵਰੀ। ਜਲੰਧਰ ਸਹਿਰ ਦੇ ਕੂਲ ਰੋਡ ‘ਤੇ ਸਥਿਤ ਰੈਸਟੋਰੈਂਟ ‘ਵਰਿੰਦਾਵਨ’ ਵਿਵਾਦਾਂ ‘ਚ ਘਿਰ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਉਕਤ ਰੈਸਟੋਰੈਂਟ ‘ਚ ਡੋਸਾ ਖਾਣ ਆਏ ਇਕ ਪਰਿਵਾਰ ਦੇ ਖਾਣੇ ‘ਚੋਂ ਕਾਕਰੋਚ ਨਿਕਲਣ ‘ਤੇ ਕਾਫੀ ਹੰਗਾਮਾ ਹੋ ਗਿਆ। ਦਰਅਸਲ ਰੈਸਟੋਰੈਂਟ ਵਿਚ ਪਰਿਵਾਰ ਨੇ ਆਉਂਦੇ ਹੀ ਡੋਸਾ ਖਾਣ ਦਾ ਆਰਡਰ ਦਿੱਤਾ ਅਤੇ ਜਿਵੇਂ ਹੀ ਪਰਿਵਾਰ ਵਾਲੇ ਡੋਸੇ ਨੂੰ ਖਾਣ ਲੱਗੇ ਤਾਂ ਉਸ ਵਿਚੋਂ ਇਕ ਕਾਕਰੇਚ ਨਿਕਲ ਗਿਆ, ਜਿਸ ਤੋਂ ਬਾਅਦ ਗਾਹਕਾਂ ਵੱਲੋਂ ਕਾਫੀ ਹੰਗਾਮਾ ਕੀਤਾ ਗਿਆ। ਡੋਸਾ ਖਾਣ ਆਏ ਗ੍ਰਾਹਕ ਨੇ ਦੋਸ ਲਗਾਇਆ ਹੈ ਕਿ ਜਿਵੇਂ ਹੀ ਉਹ ਡੋਸਾ ਖਾਣ ਲੱਗਾ ਤਾਂ ਉਸ ਵਿਚ ਇਕ ਕਾਕਰੋਚ ਨਜਰ ਆਇਆ, ਜਿਸ ਤੋਂ ਬਾਅਦ ਉਸ ਨੇ ਇਸ ਬਾਰੇ ਰੈਸਟੋਰੈਂਟ ਦੇ ਸਟਾਫ ਨੂੰ ਬੁਲਾਇਆ, ਜਿਨ੍ਹਾਂ ਨੇ ਆਪਣੀ ਗਲਤੀ ਮੰਨ ਲਈ। ਕਾਕਰੋਚ ਮਿਲਣ ‘ਤੇ ਗਾਹਕਾਂ ਨੇ ਹੰਗਾਮਾ ਮਚਾ ਦਿੱਤਾ ਅਤੇ ਇਸ ਦੀ ਸੂਚਨਾ ਰੈਸਟੋਰੈਂਟ ਮਾਲਕ ਅਤੇ ਪੁਲਸ ਨੂੰ ਦਿੱਤੀ ਗਈ। ਗਾਹਕ ਨੇ ਦੱਸਿਆ ਕਿ ਜਦੋਂ ਉਸ ਨੇ ਰੈਸਟੋਰੈਂਟ ਦੀ ਰਸੋਈ ਦੀ ਜਾਂਚ ਕੀਤੀ ਤਾਂ ਉਸ ਵਿੱਚ ਵੀ ਕਾਫੀ ਗੰਦਗੀ ਸੀ। ਗਾਹਕ ਨੇ ਦੱਸਿਆ ਕਿ ਉਹ ਕਾਫੀ ਸਮੇਂ ਤੋਂ ਇਸ ਰੈਸਟੋਰੈਂਟ ‘ਚ ਡੋਸਾ ਖਾਣ ਲਈ ਆ ਰਿਹਾ ਹੈ, ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਸੀ ਪਰ ਇਸ ਵਾਰ ਰੈਸਟੋਰੈਂਟ ਦੀ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ। ਗਾਹਕ ਨੇ ਦੱਸਿਆ ਕਿ ਉਨ੍ਹਾਂ ਦੇ ਖਾਣੇ ਦੇ ਸੈਂਪਲ ਚੈੱਕ ਕੀਤੇ ਜਾਣ ਅਤੇ ਰੈਸਟੋਰੈਂਟ ਦੇ ਅੰਦਰ ਪੂਰੀ ਚੈਕਿੰਗ ਕੀਤੀ ਜਾਵੇ। ਅਜਿਹੇ ਰੈਸਟੋਰੈਂਟ ਹਮੇਸਾ ਆਪਣੇ ਮੁਨਾਫੇ ਬਾਰੇ ਸੋਚਦੇ ਹਨ ਅਤੇ ਗਾਹਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ। ਪੀੜਤ ਗਾਹਕ ਨੇ ਰੈਸਟੋਰੈਂਟ ਦੇ ਸਟਾਫ ‘ਤੇ ਗਲਤ ਵਿਵਹਾਰ ਕਰਨ ਦਾ ਦੋਸ ਵੀ ਲਾਇਆ। ਉਨ੍ਹਾਂ ਕਿਹਾ ਕਿ ਰੈਸਟੋਰੈਂਟ ਦੇ ਸਟਾਫ ਨੇ ਇਸ ਮਾਮਲੇ ‘ਤੇ ਮੀਡੀਆ ਨੂੰ ਬੁਲਾਉਣ ਤੋਂ ਵੀ ਇਨਕਾਰ ਕਰ ਦਿੱਤਾ, ਤਾਂ ਜੋ ਰੈਸਟੋਰੈਂਟ ਦੀ ਬਦਨਾਮੀ ਨਾ ਹੋਵੇ। ਪੀੜਤ ਨੇ ਕਿਹਾ ਕਿ ਉਹ ਉਕਤ ਰੈਸਟੋਰੈਂਟ ਦੇ ਮਾਲਕ ਖਿ?ਲਾਫ ਸਿ?ਕਾਇਤ ਦਰਜ ਕਰਵਾਉਣਗੇ ਅਤੇ ਉਕਤ ਰੈਸਟੋਰੈਂਟ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ। ਇਸ ਮਾਮਲੇ ਨੂੰ ਲੈ ਕੇ ਰੈਸਟੋਰੈਂਟ ਮਾਲਕ ਦੀ ਬੇਟੀ ਨੇ ਮੌਕੇ ‘ਤੇ ਪਹੁੰਚ ਕੇ ਗਾਹਕ ਤੋਂ ਮੁਆਫੀ ਮੰਗੀ। ਮਾਲਕ ਦਾ ਕਹਿਣਾ ਹੈ ਕਿ ਉਸ ਨੂੰ ਸਟਾਫ ਦਾ ਫੋਨ ਆਇਆ ਕਿ ਕੌਫੀ ‘ਚੋਂ ਕਾਕਰੋਚ ਨਿਕਲੇ ਹਨ, ਜਿਸ ਤੋਂ ਬਾਅਦ ਉਹ ਦੁਕਾਨ ‘ਤੇ ਪਹੁੰਚੀ। ਰੈਸਟੋਰੈਂਟ ਮਾਲਕ ਨੇ ਮਾਮਲੇ ਦੀ ਜਾਂਚ ਕਰਨ ਦਾ ਭਰੋਸਾ ਦਿੰਦਿਆਂ ਕਿਹਾ ਕਿ ਜਾਂਚ ਦੌਰਾਨ ਜੇਕਰ ਕੋਈ ਕਰਮਚਾਰੀ ਦੋਸੀ ਪਾਇਆ ਗਿਆ ਤਾਂ ਉਸ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਇਸ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਵਾਉਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਸਾਡੇ ਰੈਸਟੋਰੈਂਟ ਵਿੱਚ ਸਾਫ-ਸਫਾਈ ਦਾ ਵਿਸੇਸ ਧਿਆਨ ਰੱਖਿਆ ਜਾਂਦਾ ਹੈ ਅਤੇ ਉਂਝ ਵੀ ਉਨ੍ਹਾਂ ਕੋਲ ਕਾਕਰੋਚ ਨਿਕਲਣ ਦਾ ਕੋਈ ਸਬੂਤ ਜਾਂ ਵੀਡੀਓ ਨਹੀਂ ਹੈ ਪਰ ਇਸ ਦੇ ਬਾਵਜੂਦ ਗਾਹਕ ਬਿਨਾਂ ਕਿਸੇ ਕਾਰਨ ਹੰਗਾਮਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੇ ਰੈਸਟੋਰੈਂਟ ਨੂੰ ਬਿਨਾਂ ਕਿਸੇ ਸਬੂਤ ਦੇ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕਿਸੇ ਨਾਲ ਉਨ੍ਹਾਂ ਦਾ ਪੁਰਾਣਾ ਕੇਸ ਚੱਲ ਰਿਹਾ ਹੈ, ਹੋ ਸਕਦਾ ਹੈ ਇਹ ਉਨ੍ਹਾਂ ਦੀ ਹਰਕਤ ਹੋਵੇ। ਪੁਲਸ ਨੇ ਮੌਕੇ ’ਤੇ ਪਹੁੰਚ ਕੇ ਉਕਤ ਰੈਸਟੋਰੈਂਟ ਦੀ ਬਾਰੀਕੀ ਨਾਲ ਚੈਕਿੰਗ ਕੀਤੀ, ਪਰ ਅਜਿਹਾ ਕੁਝ ਸਾਹਮਣੇ ਨਹੀਂ ਆਇਆ।

# ਬਲਕਾਰ ਸਿੰਘ ਨੇ ਵਿਧਾਇਕਾਂ ਨਾਲ ਪ੍ਰਾਜੈਕਟਾਂ ਸਬੰਧੀ ਕੀਤੀ ਜਾਇਜ਼ਾ ਮੀਟਿੰਗ

ਏਜੰਸੀਆਂ

ਚੰਡੀਗੜ੍ਹ 6 ਫਰਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਭਰ ’ਚ ਚਲ ਰਹੇ ਵੱਖ-ਵੱਖ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰੇਗੀ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਸਮੁੱਚੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਵਚਨਬੱਧ ਹੈ। ਅੱਜ ਇੱਥੇ ਮਿਊਂਸੀਪਲ ਭਵਨ ਵਿਖੇ ਵੱਖ-ਵੱਖ ਹਲਕਿਆਂ ਦੇ ਵਿਧਾਇਕਾਂ ਅਤੇ ਸੀਨੀਅਰ ਵਿਭਾਗੀ ਅਧਿਕਾਰੀਆਂ ਦੀ ਹਾਜ਼ਰੀ ’ਚ ਮਿਊਂਸੀਪਲ ਕੌਂਸਲ/ਨਗਰ ਪੰਚਾਇਤ ਗੜ੍ਹਸ਼ੰਕਰ, ਗੜ੍ਹਦੀਵਾਲਾ, ਹਰਿਆਣਾ, ਮੁਕੇਰੀਆਂ, ਦਸੂਹਾ, ਉੜਮੁੜ ਟਾਂਡਾ, ਤਲਵਾੜਾ, ਸ਼ਾਮ ਚੌਰਾਸੀ, ਮਹਿਲਪੁਰ, ਨਵਾਂਸ਼ਹਿਰ, ਬੰਗਾ, ਰਾਹੋਂ ਅਤੇ ਬਲਾਚੌਰ ਦੇ ਅਧਿਕਾਰੀਆਂ ਨਾਲ ਕੀਤੀ ਜਾਇਜ਼ਾ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਸਬੰਧਤ ਵਿਧਾਇਕਾਂ ਵੱਲੋਂ ਸਾਹਮਣੇ ਲਿਆਂਦੇ ਮੁੱਦਿਆਂ ਨੂੰ ਵੀ ਵਿਭਾਗੀ ਅਧਿਕਾਰੀਆਂ ਨਾਲ ਵਿਚਾਰਿਆ ਅਤੇ ਉਨ੍ਹਾਂ ਦਾ ਹੱਲ ਕੱਢਣ ਲਈ ਕਿਹਾ। ਮੀਟਿੰਗ ਦੌਰਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਵੱਖ-ਵੱਖ ਸਕੀਮਾਂ ਅਧੀਨ ਆਉਂਦੇ ਪ੍ਰਾਜੈਕਟਾਂ ਜਿਵੇਂ ਕਿ ਬਣ ਰਹੇ ਸੀਵਰੇਜ ਟਰੀਟਮੈਂਟ ਪਲਾਂਟ, ਵਾਟਰ ਟਰੀਟਮੈਂਟ ਪਲਾਂਟ ਲਈ ਜਗ੍ਹਾਂ ਦੀ ਉਪਲਬੱਤਾ ਸਬੰਧੀ, ਟਰਾਂਚ-3 ਅਮਰੁਤ ਅਤੇ ਐੱਮ. ਡੀ. ਐੱਫ./ਪੀ. ਆਈ. ਡੀ. ਬੀ. ਅਧੀਨ ਚਲ ਰਹੇ ਵਿਕਾਸ ਪ੍ਰਾਜੈਕਟਾਂ ਸਬੰਧੀ ਡੂੰਘਾਈ ਨਾਲ ਵਿਚਾਰ ਪੂਰਵਕ ਚਰਚਾ ਕਰਨ ਉਪਰੰਤ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ’ਚ ਉੱਚ ਪੱਧਰੀ ਗੁਣਵੱਤਾ ਲਿਆਉਣ ਲਈ ਜੋਰ ਦਿੱਤਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਅੱਗੇ ਕਿਹਾ ਕਿ ਵਿਕਾਸ ਕਾਰਜਾਂ ’ਚ



ਸਥਾਨਕ ਪੱਧਰ ’ਤੇ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਆਉਣ ਦੀ ਸੂਰਤ ’ਚ ਸਬੰਧਤ ਹਲਕੇ ਦੇ ਵਿਧਾਇਕ ਨੂੰ ਜਾਣੂ ਕਰਵਾਇਆ ਜਾਵੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕਰਕੇ ਸਮੱਸਿਆਂ ਦਾ ਹੱਲ ਜਲਦੀ ਤੋਂ ਜਲਦੀ ਕੱਢਿਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਵਿਕਾਸ ਪ੍ਰਾਜੈਕਟਾਂ ’ਚ ਕਿਸੇ ਕਿਸਮ ਦੀ ਦੇਰੀ ਨੂੰ ਬਰਦਾਸ਼ਤ ਨਹੀਂ ਕੀਤੀ ਜਾਵੇਗਾ। ਬਲਕਾਰ ਸਿੰਘ ਵੱਲੋਂ ਅਧਿਕਾਰੀਆਂ ਨੂੰ ਕਿਹਾ ਗਿਆ ਕਿ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਇਸ ਲਈ ਜੇਕਰ ਕਿਸੇ ਨਗਰ ਕੌਂਸਲ/ਨਗਰ ਪੰਚਾਇਤ ਨੂੰ ਵਿਕਾਸ ਕਾਰਜਾਂ ਲਈ ਹੋਰ ਫੰਡਾਂ ਦੀ ਜਰੂਰਤ ਹੋਵੇ ਤਾਂ ਉਹ ਆਪਣੇ ਹਲਕੇ ਦੇ ਵਿਧਾਇਕ ਨਾਲ ਰਾਬਤਾ ਕਾਇਮ ਕਰਕੇ ਐਕਸ਼ਨ ਪਲਾਨ ਸਮੇਤ ਮੁਕੰਮਲ ਤਜਵੀਜ ਮੁੱਖ ਦਫ਼ਤਰ ਚੰਡੀਗੜ੍ਹ ਨੂੰ ਭੇਜਣਾ ਯਕੀਨੀ ਬਣਾਉਣ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਆਪਣੇ ਹਲਕੇ ਦੇ ਵਿਧਾਇਕ ਨਾਲ ਵਿਕਾਸ ਕਾਰਜਾਂ ਸਬੰਧੀ ਮੁਕੰਮਲ ਜਾਣਕਾਰੀ ਸਾਂਝੀ ਕੀਤੀ ਜਾਵੇ ਤਾਂ ਜੋ ਹਲਕੇ ਦੇ ਲੋਕਾਂ ਦੀ ਜਰੂਰਤ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਸਕਣ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਸੁਪਨੇ ਨੂੰ ਉਜਾਗਰ ਕਰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਸੂਬੇ ਨੂੰ “ਰੰਗਲਾਂ ਪੰਜਾਬ” ਬਣਾਉਣ ਲਈ ਸਾਨੂੰ ਸਾਰਿਆਂ ਨੂੰ ਈਮਾਨਦਾਰੀ ਅਤੇ ਆਪਸੀ ਸਹਿਯੋਗ ਨਾਲ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਵਿਧਾਇਕਾਂ ’ਚ ਕਰਮਬੀਰ ਸਿੰਘ ਘੁੰਮਣ, ਜਸਵੀਰ ਸਿੰਘ ਗਿੱਲ ਰਾਜਾ, ਡਾ ਰਵਜੋਤ ਸਿੰਘ, ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਸੀ. ਈ. ਓ. ਮਾਲਵਿੰਦਰ ਸਿੰਘ ਜੱਗੀ, ਪੀ. ਐੱਮ. ਆਈ. ਡੀ. ਸੀ. ਦੇ ਸੀ. ਈ. ਓ. ਦੀਪਤੀ ਉੱਪਲ, ਸਥਾਨਕ ਸਰਕਾਰਾਂ ਵਿਭਾਗ ਦੇ ਡਾਇਰੈਕਟਰ ਉਮਾ ਸ਼ੰਕਰ ਗੁਪਤਾ, ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਤੋਂ ਇਲਾਵਾ ਵੱਖ ਵੱਖ ਮਿਊਂਸੀਪਲ ਕੌਂਸਲ/ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਫਸਰ ਰੀਵੀਓ ਮੀਟਿੰਗ ’ਚ ਸਾਮਲ ਹੋਏ।

## ਮੰਤਰੀ ਹਰਪਾਲ ਚੀਮਾ ਦੇ ਵਿਰੋਧੀਆਂ ’ਤੇ ਸਿਆਸੀ ਹਮਲੇ, ਕਿਹਾ-ਲੋਕ ਸਭਾ ਚੋਣਾਂ ’ਚ ਸਾਰੀਆਂ 13 ਸੀਟਾਂ ਜਿੱਤਾਂਗੇ

ਏਜੰਸੀਆਂ

ਜਲੰਧਰ 6 ਫਰਵਰੀ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿਆਸੀ ਵਿਰੋਧੀਆਂ ’ਤੇ ਹਮਲਾ ਕਰਦੇ ਹੋਏ ਕਿਹਾ ਹੈ ਕਿ ਉਹ ਆਮ ਆਦਮੀ ਪਾਰਟੀ (ਆਪ) ਦੀ ਵਧਦੀ ਹੋਈ ਪ੍ਰਸਿੱਧੀ ਤੋਂ ਘਬਰਾ ਚੁੱਕੇ ਹਨ ਅਤੇ ਇਸ ਲਈ ਪੰਜਾਬ ’ਚ ‘ਆਪ’ ਸਰਕਾਰ ਨੂੰ ਬਦਨਾਮ ਕਰਨ ਲਈ ਹਰ ਰੋਜ ਕੋਈ ਨਾ ਕੋਈ ਸਾਜਿ?ਸ਼ ਰਚਦੇ ਰਹਿੰਦੇ ਹਨ। ਚੀਮਾ ਨੇ ਮਾਲਵਾ ਖੇਤਰ ’ਚ ਲੋਕਾਂ ਨਾਲ ਜਨਸੰਪਰਕ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ‘ਆਪ’ ਦੀ ਲੀਡਰਸ਼ਿਪ ਨੇ ਸੂਬੇ ਦੇ ਸਾਰੇ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਵੇਖਦੇ ਹੋਏ ਪਾਰਟੀ ਦੀ ਚੋਣ ਮੁਹਿੰਮ ਹੁਣ ਤੋਂ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਸਨ। ਉਨ੍ਹਾਂ ਕਿਹਾ ਕਿ ‘ਆਪ’ ਦਾ ਜਨਮ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਤੋਂ ਹੋਇਆ ਸੀ ਅਤੇ ਉਸ ਨੂੰ ਦੇਖਦੇ ਹੋਏ ਪੰਜਾਬ ’ਚ ‘ਆਪ’ ਸਰਕਾਰ ਬਣਨ ਤੋਂ ਬਾਅਦ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਵਿਆਪਕ ਮੁਹਿੰਮ ਸ਼ੁਰੂ ਕੀਤੀ। ਹਰਪਾਲ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੱਤਾ ’ਚ ਆਉਣ ਤੋਂ ਬਾਅਦ ਜਿੰਨੀ ਤੇਜੀ ਨਾਲ ਕੰਮ ਕੀਤਾ ਹੈ, ਓਨੀ ਕੋਈ ਵੀ ਪਿਛਲੀ ਸਰਕਾਰ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਨਤਾ ਤੋਂ ਪੁੱਛ ਕੇ ਆਪਣੀਆਂ ਨੀਤੀਆਂ ਬਣਾਉਂਦੀ ਹੈ ਅਤੇ ਉਸੇ ਦੇ ਅਨੁਸਾਰ



ਕੰਮ ਕਰਦੀ ਹੈ। ਚੀਮਾ ਨੇ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ ਤੇ ਪੈਗੰਬਰਾਂ ਅਤੇ ਰਿਸ਼ੀਆਂ-ਮੁਨੀਆਂ ਦੀ ਧਰਤੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਰਕਾਰ ਵਲੋਂ ਦਿੱਤੀ ਗਈ ਮੁਫਤ ਬਿਜਲੀ ਨਾਲ ਉਨ੍ਹਾਂ ਦੇ ਜੀਵਨ ’ਚ ਕਾਫੀ ਸੁਧਾਰ ਹੋਇਆ ਹੈ ਅਤੇ ਬਿਜਲੀ ਬਿੱਲਾਂ ਦੀ ਬਚਤ ਤੋਂ ਬਚਨ ਵਾਲਾ ਪੈਸਾ ਲੋਕ ਆਪਣੇ ਪਰਿਵਾਰਾਂ ’ਤੇ ਖਰਚ ਕਰ ਰਹੇ ਹਨ। ਪੰਜਾਬ ਦੀ ਆਰਥਿਕ ਹਾਲਤ ਦਾ ਜ਼ਿ?ਕਰ ਕਰਦੇ ਹੋਏ ਚੀਮਾ ਨੇ ਕਿਹਾ ਕਿ ਜੀ. ਐੱਸ. ਟੀ. ਤੋਂ ਹਾਸਲ ਹੋਣ ਵਾਲੇ ਮਾਲੀਏ ’ਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਅੱਗੇ ਵੀ ਸਰਕਾਰ ਦਾ ਮਾਲੀਆ ਵਧਣ ਦੇ ਆਸਾਰ ਹਨ। ਉਨ੍ਹਾਂ ਕਿਹਾ ਕਿ ਅਸੀਂ ਅਗਲੇ 4-5 ਸਾਲਾਂ ’ਚ ਪੰਜਾਬ ਨੂੰ ਆਰਥਿਕ ਤੌਰ ’ਤੇ ਪੂਰੀ ਤਰ੍ਹਾਂ ਨਾਲ ਮਜਬੂਤ ਬਣਾ ਦੇਵਾਂਗੇ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ’ਚ ਪਿਛਲੇ 20-25 ਸਾਲਾਂ ’ਚ ਅਨੁਕੂਲ ਨੀਤੀਆਂ ਨਹੀਂ ਬਣੀਆਂ, ਜਿਸ ਕਾਰਨ ਪੰਜਾਬ ’ਤੇ ਕਰਜਾ ਲਗਾਤਾਰ ਵਧਦਾ ਚਲਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ ਆਰਥਿਕ ਤੌਰ ’ਤੇ ਮਜਬੂਤ ਬਣਾਉਣ ਦੀ ਲੋੜ ਹੈ ਕਿਉਂਕਿ ਜੇ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੀਆਂ ਪੀੜੀਆਂ ਸਾਨੂੰ ਕਦੇ ਮੁਆਫ ਨਹੀਂ ਕਰਨਗੀਆਂ। ਉਨ੍ਹਾਂ ਕਿਹਾ ਕਿ ‘ਆਪ’ ਲੋਕ ਸਭਾ ਚੋਣਾਂ ਲਈ ਤਿਆਰ ਹੈ ਅਤੇ ਸੂਬੇ ’ਚ ਉਹ ਸਾਰੀਆਂ 13 ਸੀਟਾਂ ’ਤੇ ਜਿੱਤ ਹਾਸਲ ਕਰੇਗੀ।

## ਪੰਜਾਬ ਦੇ ਮੌਸਮ ਨੂੰ ਲੈ ਕੇ ਆਈ ਨਵੀਂ ਅਪਡੇਟ, ਮੌਸਮ ਵਿਭਾਗ ਨੇ ਕੀਤੀ ਇਹ ਭਵਿੱਖਬਾਣੀ

ਜਲੰਧਰ/ਟਾਂਡਾ ਉੜਮੁੜ 6 ਫਰਵਰੀ। ਪੰਜਾਬ ਦੇ ਹੋਰਨਾਂ ਹਿੱਸਿਆਂ ਵਾਂਗ ਟਾਂਡਾ ਇਲਾਕੇ ਵਿਚ ਵੀ ਕੁਝ ਦਿਨ ਬਾਰਿਸ ਦੇ ਦੌਰ ਤੋਂ ਬਾਅਦ ਠੰਡ ਤੇ ਗਹਿਰੀ ਧੁੰਦ ਨੇ ਇਕ ਵਾਰ ਫਿਰ ਤੋਂ ਵਾਪਸੀ ਕੀਤੀ ਹੈ ਪ੍ਰੰਤੂ ਦੁਪਹਿਰ ਸਮੇਂ ਖਿੜੀ ਹੋਈ ਤਿੱਖੀ ਧੁੱਪ ਨੇ ਮੌਸਮ ਨੂੰ ਸੁਹਾਵਣਾ ਬਣਾ ਦਿੱਤਾ ਹੈ। ਪੰਜਾਬ ਦੇ ਕੁਝ ਹਿੱਸਿਆਂ ਤੋਂ ਇਲਾਵਾ ਪਹਾੜੀ ਇਲਾਕਿਆਂ ਵਿਚ ਹੋਈ ਬਰਫਬਾਰੀ ਕਾਰਨ ਰਾਤ ਅਤੇ ਸਵੇਰ ਸਮੇਂ ਕਰਾਕੇ ਦੀ ਠੰਡ ਮਹਿਸੂਸ ਕੀਤੀ ਜਾ ਸਕਦੀ ਹੈ ਜਦਕਿ ਦੁਪਹਿਰ ਸਮੇਂ ਲਗਾਤਾਰ ਨਿਕਲ ਰਹੀ ਧੁੱਪ ਨੇ ਤਾਪਮਾਨ ਵਿਚ ਵਾਧਾ ਕੀਤਾ ਹੈ। ਉਂਝ ਦੇਖਿਆ ਜਾਵੇ ਤਾਂ ਬਸੰਤ ਪੰਚਮੀ ਦੇ ਨੇੜੇ ਠੰਡ ਹੌਲੀ-ਹੌਲੀ ਘੱਟਣੀ ਸੁਰੂ ਹੋ ਜਾਂਦੀ ਹੈ ਪ੍ਰੰਤੂ ਮੌਸਮ ਵਿਭਾਗ ਅਨੁਸਾਰ ਬਾਰਿਸ ਅਤੇ ਬਰਫਬਾਰੀ ਕਾਰਨ ਠੰਡ ਦਾ ਅਸਰ ਅਜੇ ਕੁਝ ਦਿਨਾਂ ਤੱਕ ਹੋਰ ਰਹੇਗਾ। ਦਿਨ ਸਮੇਂ ਖਿੜੀ ਹੋਈ ਧੁੱਪ ਕਾਰਨ ਸਵੇਰ ਸਾਮ ਸੰਘਣੀ ਧੁੰਦ ਦਾ ਦੌਰ ਅਜੇ ਕੁਝ ਦਿਨ ਤਕ ਜਾਰੀ ਰਹੇਗਾ। ਉਧਰ ਦੂਜੇ ਪਾਸੇ ਖੇਤੀਬਾੜੀ ਮਾਹਰਾਂ ਦਾ ਕਹਿਣਾ ਹੈ ਕਿ ਕੜਾਕੇ ਦੀ ਠੰਡ ਕੋਹਰਾ ਅਤੇ ਬਾਰਿਸ ਤੋਂ ਬਾਅਦ ਹੁਣ ਹਾੜੀ ਦੀ ਪ੍ਰਮੁੱਖ ਫਸਲ ਕਣਕ ਨੂੰ ਧੁੱਪ ਦੀ ਲੋੜ ਹੈ ਅਤੇ ਧੁੱਪ ਕਰਕੇ ਹੀ ਫਸਲ ਦੇ ਝਾੜ ’ਤੇ ਵੀ ਚੰਗਾ ਅਸਰ ਪਵੇਗਾ। ਪਿਛਲੇ ਕੁਝ ਦਿਨਾਂ ਵਿਚ ਹੋਈ ਬਾਰਿਸ ਕਾਰਨ ਹੁਣ ਕਿਸਾਨਾਂ ਦੀ ਫਸਲਾਂ ਨੂੰ ਪਾਣੀ ਲਾਉਣ ਦੀ ਚਿੰਤਾ ਮੁਕ ਗਈ ਹੈ ਤੇ ਬਾਰਿਸ ਕਾਰਨ ਵਾਤਾਵਰਣ ’ਤੇ ਵੀ ਚੰਗਾ ਅਸਰ ਪਿਆ ਹੈ। ਜੇਕਰ ਮੌਸਮ ਵਿਭਾਗ ਦੀ ਮੰਨੀਏ ਤਾਂ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਨਾਲ-ਨਾਲ ਟਾਂਡਾ ਇਲਾਕੇ ਵਿਚ ਵੀ ਮੀਂਹ ਦੀ ਕੋਈ ਸੰਭਾਵਨਾ ਨਹੀਂ ਹੈ ਜਿਸ ਕਾਰਨ ਤਾਪਮਾਨ ਵਿਚ ਲਗਾਤਾਰ ਵਾਧਾ ਹੋਣ ਦਾ ਅਨੁਮਾਨ ਹੈ।

# ਗੁਰੂ ਨਾਨਕ ਦੇਵ ਹਸਪਤਾਲ ਦੀ ਕਾਰਗੁਜਾਰੀ ਫਿਰ ਕਟਹਿਰੇ ’ਚ, 6 ਸਾਲਾਂ ’ਚ 13 ਹਜਾਰ ਤੋਂ ਵੱਧ ਮਰੀਜਾਂ ਦੀ ਹੋਈ ਮੌਤ

ਸਰਦੂਲ ਸਿੰਘ

ਅੰਮ੍ਰਿਤਸਰ 6 ਫਰਵਰੀ। ਪੰਜਾਬ ਦੇ ਸਭ ਤੋਂ ਵੱਡੇ ਸਰਕਾਰੀ ਗੁਰੂ ਨਾਨਕ ਦੇਵ ਹਸਪਤਾਲ ਦੀ ਕਾਰਗੁਜਾਰੀ ਇਕ ਵਾਰ ਫਿਰ ਕਟਹਿਰੇ ਵਿਚ ਆ ਗਈ ਹੈ। ਹਸਪਤਾਲ ਵਿਚ ਸਾਲ 2018 ਤੋਂ 2023 ਅਗਸਤ ਤੱਕ ਇਲਾਜ ਦੌਰਾਨ 13785 ਮਰੀਜਾਂ ਦੀ ਮੌਤ ਹੋਈ ਸੀ। 1100 ਬੈੱਡਾਂ ਵਾਲੇ ਹਸਪਤਾਲ ਵਿਚ ਉਕਤ ਸਮੇਂ ਦੌਰਾਨ ਮੈਡੀਸਨ ਵਿਭਾਗ ਵਿਚ 12068 ਮਰੀਜਾਂ ਦੀ ਮੌਤ ਹੋਈ ਹੈ, ਜਦਕਿ ਸਰਜਰੀ ਵਿਭਾਗ ਵਿਚ 1514 ਅਤੇ ਆਰਥੋ ਵਿਭਾਗ ਵਿਚ 203 ਮਰੀਜਾਂ ਦੀ ਮੌਤ ਹੋਈ ਹੈ। ਮੈਡੀਸਨ ਵਿਭਾਗ ਵਿਚ ਵੱਡੇ ਪੱਧਰ ’ਤੇ ਮਰੀਜਾਂ ਦੀ ਮੌਤ ਦਾ ਅੰਕੜਾ ਹਸਪਤਾਲ ਪ੍ਰਸਾਸਨ ਦੀ ਕਾਰਗੁਜਾਰੀ ’ਤੇ ਸਵਾਲੀਆਂ ਨਿਸਾਨ ਲਗਾ ਰਿਹਾ ਹੈ। ਇਹ ਖੁਲਾਸਾ ਸੂਚਨਾ ਅਧਿਕਾਰ ਐਕਟ ਤਹਿਤ ਲਈ ਜਾਣਕਾਰੀ ਤੋਂ ਹੋਇਆ ਹੈ। ਜਾਣਕਾਰੀ ਅਨੁਸਾਰ ਪੰਜਾਬ ਭਰ ਵਿਚ ਅੰਮ੍ਰਿਤਸਰ ਵਿਚ ਸਥਿਤ 1100 ਬੈੱਡਾਂ ਵਾਲਾ ਸਰਕਾਰੀ ਗੁਰੂ ਨਾਨਕ ਦੇਵ ਹਸਪਤਾਲ ਸਰਕਾਰੀ ਪੱਧਰ ’ਤੇ ਸਭ ਤੋਂ ਵੱਡਾ ਹੈ। ਹਸਪਤਾਲ ਵਿਚ ਅੰਮ੍ਰਿਤਸਰ ਤੋਂ ਇਲਾਵਾ ਜਲੰਧਰ, ਕਪੂਰਥਲਾ, ਤਰਨਤਾਰਨ, ਗੁਰਦਾਸਪੁਰ, ਬਟਾਲਾ, ਹੁਸਿ?ਆਰਪੁਰ ਆਦਿ ਜਿ?ਲ੍ਹਿਆਂ ਤੋਂ ਇਲਾਵਾ ਹੋਰ ਨਾਲ ਸੂਬਿਆਂ ਦੇ ਮਰੀਜ ਵੀ ਇਲਾਜ ਕਰਵਾਉਣ ਲਈ ਆਉਂਦੇ ਹਨ। ਸੂਚਨਾ ਅਧਿਕਾਰ ਐਕਟ ਤਹਿਤ ਹਸਪਤਾਲ ਪ੍ਰਸਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਨੇ ਹਸਪਤਾਲ ਦੀ ਕਾਰਗੁਜਾਰੀ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕੀਤਾ ਹੈ। ਹਸਪਤਾਲ ਪ੍ਰਸਾਸਨ ਵੱਲੋਂ ਦਿੱਤੀ ਗਈ ਸੂਚਨਾ ਤਹਿਤ ਮੈਡੀਸਨ ਵਿਭਾਗ ਵਿਚ ਕੁੱਲ 7 ਵਾਰਡ ਹਨ। ਸਾਲ 2018 ਵਿਚ ਉਕਤ ਵਾਰਡ ਵਿਚ 10633 ਮਰੀਜ ਦਾਖਲ ਹੋਏ, ਜਿਨਾਂ ਵਿੱਚੋਂ 1407 ਮਰੀਜਾਂ ਦੀ ਮੌਤ ਹੋਈ। ਸਾਲ 2019 ਵਿਚ 7 ਵਾਰਡਾਂ ਵਿਚ 11144 ਮਰੀਜ ਦਾਖਲ ਹੋਏ, ਜਦਕਿ 1631 ਮਰੀਜਾਂ ਦੀ ਮੌਤ ਹੋਈ। ਸਾਲ 2020 ਵਿਚ 5819 ਮਰੀਜ ਦਾਖਲ ਹੋਏ ਅਤੇ 2018 ਮਰੀਜਾਂ ਦੀ ਮੌਤ ਹੋਈ। ਸਾਲ 2021 ਵਿਚ 6776 ਮਰੀਜ ਦਾਖਲ ਹੋਏ ਅਤੇ 3102 ਮਰੀਜਾਂ ਦੀ ਮੌਤ ਹੋਈ, ਇਸੇ ਤਰ੍ਹਾਂ ਸਾਲ 2022 ਵਿਚ 12388 ਮਰੀਜ ਦਾਖਲ ਹੋਏ ਅਤੇ 2309 ਮਰੀਜਾਂ ਦੀ ਮੌਤ ਹੋਈ। ਸਾਲ 2023 ਵਿਚ 9306 ਮਰੀਜ ਦਾਖਲ ਹੋਏ, ਜਦਕਿ 16 01 ਮਰੀਜਾਂ ਦੀ ਮੌਤ ਹੋਈ। ਇਸੇ ਤਰ੍ਹਾਂ ਸਰਜਰੀ ਵਿਭਾਗ ਵਿਚ ਸੂਚਨਾ ਤਹਿਤ ਦਿੱਤੀ ਗਈ ਜਾਣਕਾਰੀ ਅਨੁਸਾਰ 7 ਵਾਰਡ ਹਨ। ਸਾਲ 2018 ਵਿੱਚ ਉਕਤ ਵਾਰਡਾਂ ਵਿਚ 8020 ਮਰੀਜ ਦਾਖਲ ਹੋਏ ਅਤੇ 243 ਮਰੀਜਾਂ ਦੀ ਮੌਤ ਹੋਈ। ਸਾਲ 2019 ਵਿਚ 7340 ਮਰੀਜ ਦਾਖਲ ਹੋਏ ਅਤੇ 293 ਮਰੀਜਾਂ ਦੀ ਮੌਤ ਹੋਈ। ਸਾਲ 2020 ਵਿਚ 4869 ਮਰੀਜ ਦਾਖਲ ਹੋਏ, ਜਦਕਿ 208 ਮਰੀਜਾਂ ਦੀ ਮੌਤ ਹੋਈ। ਸਾਲ 2021 ਵਿਚ 5362 ਮਰੀਜ ਦਾਖਲ ਹੋਏ, ਜਦਕਿ 254 ਮਰੀਜਾਂ ਦੀ ਮੌਤ ਹੋਈ। ਸਾਲ 2022 ਵਿਚ 8134 ਮਰੀਜਾਂ ਨੂੰ ਦਾਖਲ ਕੀਤਾ ਗਿਆ ਅਤੇ 299 ਮਰੀਜਾਂ ਦੀ ਮੌਤ ਹੋਈ। ਇਸੇ ਤਰ੍ਹਾਂ ਸਾਲ 2023 ਵਿਚ 5677 ਮਰੀਜਾਂ ਨੂੰ ਦਾਖਲ ਕੀਤਾ ਗਿਆ




ਅਤੇ 217 ਮਰੀਜਾਂ ਦੀ ਮੌਤ ਹੋਈ। ਸੂਚਨਾ ਤਹਿਤ ਦਿੱਤੀ ਗਈ ਜਾਣਕਾਰੀ ਅਨੁਸਾਰ ਹਸਪਤਾਲ ਵਿਚ ਆਰਥੋ ਵਿਭਾਗ ਵਿਚ ਕੁੱਲ ਚਾਰ ਵਾਰਡ ਹਨ। ਸਾਲ 2018 ਦੇ ਵਿੱਚ ਇੰਨ੍ਹਾਂ ਵਾਰਡ ਵਿੱਚ 3536 ਮਰੀਜ ਦਾਖਲ ਹੋਏ, ਜਦਕਿ 41 ਮਰੀਜਾਂ ਦੀ ਮੌਤ ਹੋਈ ਸਾਲ 2019 ਦੇ ਵਿੱਚ 3345 ਮਰੀਜ ਦਾਖਲ ਹੋਏ ਅਤੇ 28 ਮਰੀਜਾਂ ਦੀ ਮੌਤ ਹੋਈ ਸਾਲ 2020 ਦੇ ਵਿੱਚ 1919 ਮਰੀਜ ਦਾਖਲ ਹੋਏ ਅਤੇ 22 ਮਰੀਜਾਂ ਦੀ ਮੌਤ ਹੋਈ। ਇਸੇ ਤਰ੍ਹਾਂ ਸਾਲ 2021 ਵਿਚ 2437 ਮਰੀਜ ਦਾਖਲ ਹੋਏ ਅਤੇ 26 ਮਰੀਜਾਂ ਦੀ ਮੌਤ ਹੋਈ। ਸਾਲ 2022 ਵਿਚ 3614 ਮਰੀਜਾਂ ਨੂੰ ਦਾਖਲ ਕੀਤਾ ਗਿਆ ਅਤੇ 42 ਮਰੀਜਾਂ ਦੀ ਮੌਤ ਹੋਈ। ਇਸੇ ਤਰ੍ਹਾਂ ਸਾਲ 2023 ਅਗਸਤ ਤੱਕ 2440 ਮਰੀਜਾਂ ਨੂੰ ਦਾਖਲ ਕੀਤਾ ਗਿਆ ਅਤੇ 44 ਮਰੀਜਾਂ ਦੀ ਇਲਾਜ ਦੌਰਾਨ ਮੌਤ ਹੋਈ, ਹਸਪਤਾਲ ਪ੍ਰਸਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਵਿਚ ਸਾਲ 2018 ਤੋਂ ਅਗਸਤ 2023 ਤੱਕ ਅੰਕੜੇ ਸਾਂਝੇ ਕੀਤੇ ਗਏ ਹਨ ਪਰ ਹੈਰਾਨੀ ਦੀ ਗੱਲ ਹੈ ਕੀ ਇੰਨੇ ਵੱਡੇ ਪੱਧਰ ’ਤੇ ਇਲਾਜ ਦੌਰਾਨ ਮਰੀਜਾਂ ਦੀ ਮੌਤ ਹੋਣਾ ਕਈ ਸਵਾਲ ਸਰਕਾਰੀ ਤੰਤਰ ਤੇ ਖੜੇ ਕਰਦਾ ਹੈ। ਹਸਪਤਾਲ ਦੇ ਵਿੱਚ ਪੜੇ ਲਿਖੇ ਅਤੇ ਸੂਝਵਾਨ ਡਾਕਟਰ ਮੌਜੂਦ ਹਨ ਪਰ ਨਾ ਤਾਂ ਉਨਾਂ ਕੋਲ ਅਤੀ ਆਧੁਨਿਕ ਮਸੀਨਰੀ ਅਤੇ ਨਾ ਹੀ ਮਹਿੰਗੀਆਂ ਅਤੇ ਅਸਰਦਾਰ ਦਵਾਈਆਂ ਪੁਖਤਾ ਹਨ। ਕਈ ਵਾਰ ਅਜਿਹੀਆਂ ਖਾਮੀਆਂ ਦੇ ਕਾਰਨ ਮਰੀਜ ਇਲਾਜ ਦੌਰਾਨ ਮੌਤ ਦਾ ਸਿ?ਕਾਰ ਹੋ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਨੂੰ ਵਧੀਆ ਬਣਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਪਰ ਪਿਛਲੇ ਸਮੇਂ ਦੌਰਾਨ ਸਰਕਾਰੀ ਤੰਤਰ ਵਿੱਚ ਆਈਆਂ ਖਾਮੀਆਂ ਅਤੇ ਸੁਵਿਧਾਵਾਂ ਦੀ ਘਾਟ ਕਾਰਨ ਪੈਦਾ ਹੋਏ ਹਾਲਾਤਾਂ ਲਈ ਆਖਿਰਕਾਰ ਕੌਣ ਜਿ?ਮੇਵਾਰ ਹੈ। ਇਸ ਸਬੰਧ ਵਿੱਚ ਹਸਪਤਾਲ ਦੇ ਮੈਡੀਕਲ ਸੁਪਰੀਡੈਂਟ ਡਾ. ਕਰਮਜੀਤ ਸਿੰਘ ਨਾਲ ਜਦੋਂ ਫੋਨ ’ਤੇ ਸੰਪਰਕ ਕਰਨ ਦੀ ਕੋਸਿ?ਸ ਕੀਤੀ ਗਈ ਤਾਂ ਹੁਣ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ। ਸਮਾਜ ਸੇਵਕ ਰਜਿੰਦਰ ਸਰਮਾ ਰਾਜੂ ਅਤੇ ਜੈ ਗੋਪਾਲ ਲਾਲੀ ਨੇ ਕਿਹਾ ਕਿ ਸਰਕਾਰੀ ਹਸਪਤਾਲ ਵਿੱਚ ਇੰਨੇ ਵੱਡੇ ਪੱਧਰ ’ਤੇ ਮਰੀਜਾਂ ਦੀ ਇਲਾਜ ਦੌਰਾਨ ਮੌਤ ਹੋਣਾ ਸਰਕਾਰੀ ਤੰਤਰ ’ਤੇ ਕਈ ਤਰ੍ਹਾਂ ਦੇ ਸਵਾਲੀਆਂ ਨਿਸਾਨ ਖੜ੍ਹੇ ਕਰਦਾ ਹੈ। ਇਕ ਪਾਸੇ ਪੰਜਾਬ ਸਰਕਾਰ ਸਰਕਾਰੀ ਹਸਪਤਾਲਾਂ ਦੀ ਦਿਸਾ ਨੂੰ ਸੁਧਾਰਨ ਦਾ ਦਾਅਵਾ ਕਰ ਰਹੀ ਹੈ। ਦੂਸਰੇ ਪਾਸੇ ਹਜਾਰਾਂ ਦੀ ਤਾਦਾਦ ਵਿਚ ਮਰੀਜਾਂ ਦੀ ਮੌਤ ਚਿੰਤਾ ਦਾ ਵਿਸਾ ਹੈ। ਸਰਕਾਰ ਨੂੰ ਹਸਪਤਾਲ ਵਿਚ ਖਾਮੀਆਂ ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਵਾਂਗ ਸਰਕਾਰੀ ਹਸਪਤਾਲ ਵਿਚ ਹਰ ਸੁਵਿਧਾ ਦੇ ਕੇ ਮਰੀਜਾਂ ਨੂੰ ਰਾਹਤ ਦੇਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸੰਬੰਧ ਵਿੱਚ ਉਨ੍ਹਾਂ ਵੱਲੋਂ ਪੰਜਾਬ ਸਰਕਾਰ ਅਤੇ ਮਨੁੱਖੀ ਅਧਿਕਾਰ ਕਮਿਸਨ ਨੂੰ ਵੀ ਪੱਤਰ ਲਿਖਿਆ ਜਾ ਰਿਹਾ ਹੈ।